ੴ ਸਤਿਗੁਰ ਪ੍ਰਸਾਦਿ ॥

# ਗੁਰਸਿੱਖੀ ਬਾਰੀਕ ਹੈ

(ਭਾਗ ਤੀਜਾ)

ਲੇਖਕ-ਭਗਵੰਤ ਸਿੰਘ 'ਦਲਾਵਰੀ'

ਪ੍ਰਕਾਸ਼ਕ

**ਡਾ. ਇੰਦਰਜੀਤ ਕੌਰ**

ਪ੍ਰਧਾਨ,

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ(ਰਜਿ.)**

ਅੰਮ੍ਰਿਤਸਰ ।

## ਗੁਰਸਿੱਖੀ ਬਾਰੀਕ ਹੈ

(ਭਾਗ ਤੀਜਾ)

# ਤਤਕਰਾ

| ਕ੍ਰਮ ਅੰਕ: | ਵਿਸ਼ਾ | ਪੰਨਾ ਨੰ: |
|---|---|---|
| | ਭੂਮਿਕਾ | 3 |
| | **ਖ-ਨਾਮ ਤੇ ਨਾਮੀ ਦਾ ਜੀਵਨ** | 7 |
| ੧. | ਊਠਤ ਬੈਠਤ ਸੋਵਤ ਨਾਮ—ਕਿਉਂ? | 9 |
| ੨. | ਜਿਥੈ ਏਕੋ ਨਾਮੁ ਵਖਾਣੀਐ | 15 |
| ੩. | ਨਾਮ ਦੀ ਰੋਸ਼ਨੀ ਅੰਦਰ—ਦੁਖੁ ਦਾਰੂ ਸੁਖੁ ਰੋਗੁ ਭਇਆ | 25 |
| ੪. | ਨਸਿ ਵੰਞਹੁ ਕਿਲਵਿਖਹੁ ਕਰਤਾ ਘਰ ਆਇਆ | 30 |
| ੫. | ਪਰਮੇਸਰ ਦੇ ਭੁਲਿਆਂ ਵਿਆਪਨ ਸਭੇ ਰੋਗ | 36 |
| ੬. | ਅਰਦਾਸ ਕੇਵਲ ਨਾਮ ਲਈ ਕਰੀਏ—ਕਿਉਂ ? | 41 |
| ੭. | ਨਾਮ ਦੀ ਰੋਸ਼ਨੀ ਮੇਰੀ ਨੇਤ੍ਰਹੀਣ ਮਦਰਾਸੀ ਬੇਟੀ ਨੂੰ ਰਾਹ ਵਿਖਾਂਦੀ ਹੈ | 49 |
| ੮. | ਸੁਖਮਨੀ ਸਾਹਿਬ ਸਟੀਕ | 53 |
| | **ਗ-ਗੁਰਸਿੱਖੀ ਕਰਤੱਵ ਅੰਦਰ ਝਾਤੀ ਮਾਰੀਏ** | 58 |
| ੯. | ਮੈਂ ਪ੍ਰਚਾਰਕ ਹਾਂ, ਰਾਗੀ ਹਾਂ, ਕੀਰਤਨੀਆ ਹਾਂ, ਕਥਾਕਾਰ ਹਾਂ, ਸੰਤ ਹਾਂ, ਪਰ ਮੈਂ ਅਜੇ ਸਿੱਖ ਨਹੀਂ ਬਣਿਆ | 59 |
| ੧੦. | ਖ਼ਾਲਸੇ ਦੇ ਦੋ ਰੂਪ—ਇਕ ਗੁਰੂ ਦਾ ਇਕ ਮਾਇਆ ਦਾ | 65 |
| ੧੧. | ਅਸੀਂ ਕਿਵੇਂ ਗੁਰੂ ਗੋਬਿੰਦ ਸਿੰਘ ਦੇ ਅਖਵਾ ਸਕਦੇ ਹਾਂ? | 71 |
| ੧੨. | ਆਉ ਗੁਰਸਿੱਖੀ ਦੀ ਆਕੜ 'ਚੋਂ ਨਿਕਲ ਕੇ ਗੁਰੂ ਨਾਨਕ ਵਾਲੀ ਨਿਮਰਤਾ ਨਾਲ ਵਰਤੀਏ | 77 |
| ੧੩. | ਦਲਿਤਾਂ ਨਾਲ ੨੦ ਸਾਲਾਂ ਦੀ ਸਾਂਝ...... | 85 |
| ੧੪. | ਖ਼ਾਲਿਸ ਬਣੀਏ ਤਾਂ?..... | 97 |
| ੧੫. | ਸਿੱਖੀ ਪਰਚਾਰ | 102 |
| ੧੬. | ੨੦ ਵਰ੍ਹਿਆਂ ਤੋਂ ਖ਼ਾਲਿਸਤਾਨ ਵਿੱਚ | 108 |
| ੧੭. | ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ | 117 |

# ਗੁਰਸਿੱਖੀ ਬਾਰੀਕ ਹੈ

## ਭੂਮਿਕਾ

ਅਕਾਲ ਪੁਰਖ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ; ਮਨੁੱਖ, ਪਸ਼ੂ, ਪੰਛੀ, ਦਰਿਆ, ਪਹਾੜ, ਸਮੁੰਦਰ ਬਣਾਏ ਹਨ। ਇਹ ਉਸ ਦਾ ਹੀ ਸਰਗੁਣ ਸਰੂਪ ਹੈ। ਮਨੁੱਖ ਨੂੰ ਸਭ ਤੋਂ ਸ੍ਰੇਸ਼ਟ ਬਣਾਇਆ ਹੈ, ਬੁੱਧੀ ਦਿੱਤੀ ਹੈ ਅਤੇ ਇਹ ਦੱਸਿਆ ਹੈ ਕਿ ਇਹ ਮਨੁੱਖਾ ਦੇਹੀ ਕਿਸ ਲਈ ਦਿੱਤੀ ਹੈ; ਜਿਵੇਂ ਹੇਠ ਲਿਖੇ ਸ਼ਬਦ ਵਿੱਚੋਂ ਸਾਫ਼ ਪ੍ਰਤੀਤ ਹੁੰਦਾ ਹੈ:-

**"ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥"** (ਅੰਗ ੩੭੮)
**"ਇਸ ਦੇਹੀ ਕਉ ਸਿਮਰਹਿ ਦੇਵ ॥**
**ਸੋ ਦੇਹੀ ਭਜੁ ਹਰਿ ਕੀ ਸੇਵ ॥"** (ਅੰਗ ੧੧੫੯)

ਤਾਂ ਤੇ ਅਕਾਲ ਪੁਰਖ ਨੇ ਕੁਝ ਅਵਤਾਰ ਸੰਸਾਰ ਵਿੱਚ ਭੇਜੇ, ਜਿਹਨਾਂ ਨੇ ਸਾਨੂੰ ਜੀਵਨ ਦਾ ਉਹ ਰਾਹ ਦਿਖਾਇਆ ਜਿਸ ਨਾਲ ਕਰਤਾ ਪੁਰਖ ਦੇ ਦਰਸ਼ਨ ਕਰ ਸਕੀਏ, ਉਹਦੇ ਚਰਨਾਂ ਵਿੱਚ ਰਹਿ ਸਕੀਏ, ਜਿਸ ਨੂੰ ਵੱਖ ਵੱਖ ਲੋਕਾਂ ਨੇ ਧਰਮ ਦਾ ਨਾਂ ਦਿੱਤਾ। ਸੋ ਵੱਖਰੇ-ਵੱਖਰੇ ਧਰਮਾਂ ਦਾ ਅਸਲ ਮੰਤਵ ਇਹ ਹੈ ਕਿ ਇਨਸਾਨ ਨੂੰ, ਕਿਹੋ ਜਿਹੇ ਕੰਮ ਕਰਨੇ ਚਾਹੀਦੇ ਹਨ, ਕਿਹੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ, ਕਿਹੋ ਜਿਹੀ ਜ਼ਿੰਦਗੀ ਜਿਊਣੀ ਚਾਹੀਦੀ ਹੈ ਕਿ ਉਹ ਪ੍ਰਮਾਤਮਾ ਦੇ ਨੇੜੇ ਹੋ ਸਕੇ, ਪ੍ਰਮਾਤਮਾ ਨਾਲ ਉਸ ਦਾ ਮਿਲਾਪ ਹੋ ਸਕੇ; ਤਾਂ ਤੇ ਸਭ ਧਰਮ ਸਤਿਕਾਰ ਦੇ ਪਾਤਰ ਹਨ ਤੇ ਸਾਨੂੰ ਸਾਰੇ ਧਰਮਾਂ ਨੂੰ ਪੜ੍ਹਨ ਅਤੇ ਸਮਝਣ ਦੀ ਲੋੜ ਹੈ। ਸਾਰੇ ਧਰਮ ਸਾਨੂੰ ਚੰਗੀ ਸਿੱਖਿਆ ਹੀ ਦਿੰਦੇ ਹਨ। ਜੇ ਸਾਡੇ ਕੋਲ ਐਨਾ ਸਮਾਂ ਨਹੀਂ ਤਾਂ ਕੋਈ ਇਕ ਧਰਮ ਦੇ ਗ੍ਰੰਥ ਦਾ ਤਾਂ ਅਧਿਐਨ ਕਰਨਾ ਬਹੁਤ ਹੀ ਜ਼ਰੂਰੀ ਹੈ। ਪਹਿਲਾਂ ਅਧਿਐਨ ਕਰੋ, ਜੋ ਕੁਝ ਸਿੱਖਿਆ ਹੈ ਉਹਦੇ ਮੁਤਾਬਕ ਜਿਊਣ ਦੀ ਪੂਰੀ ਕੋਸ਼ਿਸ਼ ਕਰੋ ।

ਭਗਵੰਤ ਸਿੰਘ ਦਲਾਵਰੀ ਜੀ ਜਿਹਨਾਂ ਨੂੰ ਪਿਆਰ ਨਾਲ ਸਾਰੇ ਪਾਪਾ ਜੀ ਕਹਿੰਦੇ ਹਨ। ਅਕਾਲ ਪੁਰਖ ਦੀ ਮਿਹਰ ਦੇ ਪਾਤਰ ਹਨ। ਜਦੋਂ ਉਸ ਦੀ ਮਿਹਰ ਹੋ ਗਈ ਗੁਰਬਾਣੀ ਸਮਝ ਆਉਣ ਲੱਗ ਪਈ; ਜਦੋਂ ਸਮਝ ਆਉਣ ਲੱਗੀ ਬਹੁਤ ਪਿਆਰੀ ਲੱਗਣ ਲੱਗ ਪਈ, ਅੰਦਰੋਂ ਉਮਾਹ ਹੋਣ ਲੱਗ ਪਿਆ ਉਸ 'ਤੇ ਚੱਲਣ ਦਾ; ਜਿਉਂ-ਜਿਉਂ ਮਾਰਗ 'ਤੇ ਤੁਰੇ ਤਾਂ ਆਨੰਦ ਦਾ ਅਨੁਭਵ ਹੋਣ ਲੱਗ ਪਿਆ। ਉਹਨਾਂ ਦੀ ਦਿਲੀ ਇੱਛਾ ਹੈ ਕਿ ਵਾਹਿਗੁਰੂ ਦੇ



ਸਾਰੇ ਧੀਆਂ ਪੁੱਤਰ ਹੋਣ ਕਰਕੇ ਸਾਰੇ ਦੁਨੀਆਂ ਦੇ ਇਨਸਾਨ ਉਹਨਾਂ ਦੇ ਭੈਣ ਭਰਾ ਹਨ। ਇਸ ਲਈ ਉਹਨਾਂ ਦਾ ਮਨ ਹੈ ਕਿ ਇਸ ਆਨੰਦ ਦੀ ਅਵਸਥਾ ਦਾ ਸਾਰੇ ਰਸ ਮਾਣਨ। ਉਹ ਆਪਣੀ ਜ਼ਿੰਦਗੀ ਦੇ ਕੌੜੇ ਮਿੱਠੇ ਤਜਰਬੇ ਲੋਕਾਂ ਨਾਲ ਸਾਂਝੇ ਕਰਦੇ ਹਨ। ਵੱਖਰੀਆਂ-ਵੱਖਰੀਆਂ ਹਾਲਤਾਂ ਵਿੱਚ ਜਦੋਂ ਕਿ ਮਨ ਡੋਲਦਾ ਹੈ ਤਾਂ ਗੁਰਬਾਣੀ ਕਿਵੇਂ ਸੱਚ ਦਾ ਰਾਹ ਵਿਖਾ ਕੇ ਇਨਸਾਨਾਂ ਦੇ ਦਿਲਾਂ ਨੂੰ ਠੁੰਮ੍ਹਣਾ ਦਿੰਦੀ ਹੈ।

ਉਹਨਾਂ ਦੇ ਲਿਖੇ ਕੁਝ ਲੇਖ ਹਨ ਜਿਹਨਾਂ ਨੂੰ ਇਸ ਕਿਤਾਬ 'ਗੁਰਸਿੱਖੀ ਬਾਰੀਕ ਹੈ' ਵਿੱਚ ਪ੍ਰਕਾਸ਼ਤ ਕਰਨ ਨਾਲ ਬੜੀ ਖ਼ੁਸ਼ੀ ਅਨੁਭਵ ਹੋ ਰਹੀ ਹੈ। ਇਸ ਨੂੰ ਤਿੰਨਾਂ ਭਾਗਾਂ ਵਿੱਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਉਹਨਾਂ ਦੀ ਇਹ ਕਿਤਾਬ ਉਹਨਾਂ ਦੇ ਅਨੁਭਵ ਹਨ। ਇਸ ਵੇਲੇ ਸੰਸਾਰ ਵਿੱਚ ਮਾਇਆ ਦਾ ਬਹੁਤ ਪਸਾਰਾ ਹੈ। ਇਨਸਾਨ ਨਾਲੋਂ ਵੱਧ ਪੈਸੇ ਦੀ ਮਹੱਤਤਾ ਹੈ। ਮਾਇਆ ਕਾਰਨ ਭਰਾ ਭਰਾ ਦਾ ਕਤਲ ਕਰ ਰਿਹਾ ਹੈ, ਲੁੱਟ-ਖਸੁੱਟ ਅਤੇ ਰਿਸ਼ਵਤ-ਖੋਰੀ ਜ਼ੋਰਾਂ 'ਤੇ ਹੈ। ਧਰਮ ਤੋਂ ਸਹੀ ਦਿਸ਼ਾ ਲੈਣ ਦੀ ਬਜਾਏ, ਧਰਮ ਦੇ ਨਾਮ 'ਤੇ ਆਪਣੇ ਸਵਾਰਥ ਲਈ ਖ਼ੂਨ ਖ਼ਰਾਬਾ ਕਰਵਾਇਆ ਜਾਂਦਾ ਹੈ। ਇਸ ਦੇ ਨਾਲ-ਨਾਲ ਪਖੰਡੀ ਧਰਮ ਵੀ ਵਧਿਆ ਹੈ। ਬਹੁਤ ਜਗਰਾਤੇ ਹੁੰਦੇ ਹਨ, ਅਖੰਡ ਪਾਠ ਹੁੰਦੇ ਹਨ, ਪਰ ਇਹ ਸਭ ਕੁਝ ਧਨ ਦੇ ਵਿਖਾਵੇ ਲਈ ਕੀਤਾ ਜਾਂਦਾ ਹੈ, Status ਲਈ ਕੀਤਾ ਜਾਂਦਾ ਹੈ ਜਾਂ ਰਾਜਨੀਤਕ ਚਾਲ ਹੁੰਦੀ ਹੈ। ਨੌਜਵਾਨ ਇਸ ਪਖੰਡੀ ਧਰਮ ਨੂੰ ਦੇਖ ਕੇ ਗੁਮਰਾਹ ਹੋ ਰਿਹਾ ਹੈ। ਸੋ ਲੋੜ ਹੈ ਧਰਮ ਦੀ ਸਹੀ ਵਿਆਖਿਆ ਦੀ।

'ਦਲਾਵਰੀ' ਜੀ ਲਿਖਦੇ ਹਨ, ''ਧਰਮ ਤਾਂ ਰਹਿਮਤ ਹੈ, ਇਨਸਾਫ਼ ਹੈ, ਸੱਚ ਹੈ, ਪਿਆਰ ਹੈ, ਨਿਰਵੈਰਤਾ ਹੈ, ਨਿਰਭੈਤਾ ਹੈ, ਇਨਸਾਨੀਅਤ ਹੈ ਅਤੇ ਸਾਂਝੀਵਾਲਤਾ ਹੈ।'' ਅੱਗੇ ਲਿਖਦੇ ਹਨ ਰੋਜ਼ਾਨਾ ਜ਼ਿੰਦਗੀ ਵਿੱਚ ਆਕੜ ਬਗੈਰ ਦੁਨੀਆਂ ਦਾ ਭਲਾ ਕਰਦਿਆਂ ਹੋਇਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਬਚਾਦਿਆਂ ਹੋਇਆਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਣਾ ਇਹ ਧਰਮ ਹੈ। ਧਰਮ ਨਿਰਾ ਗੁਰਦੁਆਰਿਆਂ, ਮਸਜਿਦਾਂ ਜਾਂ ਮੰਦਰਾਂ ਵਿੱਚ ਜਾਣਾ ਨਹੀਂ ਹੈ, ਸਗੋਂ ਬਗੈਰ ਲੋਕ-ਲਾਜ ਦੇ ਗੁਰੂ ਦੇ ਹੁਕਮ ਵਿੱਚ ਚੱਲਣਾ ਧਰਮ ਹੈ।'' ਇਸ ਪਰਥਾਇ ਗੁਰਬਾਣੀ ਵਿੱਚ ਇੰਵ ਲਿਖਿਆ :-

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨੁ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥ ਸੰਤਹੁ ਸਾਗਰੁ ਪਾਰਿ ਉਤਰੀਐ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ॥੧॥**

(ਅੰ: ੭੪੭)

**ਕਰਮ ਕਾਂਡ ਬਹੁ ਕਰਹਿ ਅਚਾਰ ॥**

**ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥** (ਅੰਗ ੧੬੨)

ਧਰਮ ਸਾਡੀ ਜ਼ਿੰਦਗੀ ਲਈ ਜ਼ਰੂਰੀ ਹੈ। ਧਰਮ ਪਲਦਾ ਹੈ ਮੁਸ਼ਕਲਾਂ ਵਿੱਚ ਅਤੇ ਪਰਖਣਾ ਹੁੰਦਾ ਹੈ ਮੁਸੀਬਤਾਂ ਵਿੱਚ । ਕਈਆਂ ਨੂੰ ਇਹ ਭਰਮ ਹੈ ਕਿ ਸਿਰਫ਼ ਧਰਮ ਦੇ ਚਿੰਨ੍ਹ ਹੀ ਜ਼ਰੂਰੀ ਹਨ ਬਾਕੀ ਜੋ ਮਰਜ਼ੀ ਕਰੀ ਜਾਓ; ਜਿਵੇਂ ਝੂਠ, ਬੇਈਮਾਨੀ, ਇਨਕਮ ਟੈਕਸ ਦੀ ਚੋਰੀ ਆਦਿ; ਪਰ ਪ੍ਰਮੇਸ਼ਰ ਫੋਕੇ ਕਰਮਕਾਂਡਾਂ ਜਾਂ ਨਿਰੇ ਚਿੰਨ੍ਹਾਂ 'ਤੇ ਨਹੀਂ ਰੀਝਦਾ । ਉਸ ਨੂੰ ਤਾਂ ਉਹ ਪਸੰਦ ਹੈ ਜੋ ਗੁਰੂ ਦੀ ਸਿੱਖਿਆ ਮੁਤਾਬਕ ਦੁਨੀਆਂ ਵਿੱਚ ਕਾਰ ਵਿਹਾਰ ਕਰਦਾ ਹੈ; ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ **ਅੰਗ ੭੮੫** 'ਤੇ ਇਹ ਵਾਕ ਹੈ:

**"ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ॥**

**ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ॥"**

ਦਲਾਵਰੀ ਜੀ ਇਸ ਪੁਸਤਕ ਰਾਹੀਂ ਗੁਰੂ ਦੇ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਹਨ। ਕਹਿੰਦੇ ਹਨ ਯਾਦ ਰੱਖੋ, ਸੇਵਾ ਕਰਦਿਆਂ, ਸਿਮਰਨ ਕਰਦਿਆਂ ਕਦੇ ਹੰਕਾਰ ਵਿੱਚ ਨਹੀਂ ਹੋਣਾ ਕਿਉਂਕਿ ਹੰਕਾਰ ਸਾਨੂੰ ਪ੍ਰਭੂ ਨਾਲ ਕਦੇ ਮਿਲਣ ਨਹੀਂ ਦਿੰਦਾ। ਜੇ ਕੋਈ ਤੁਹਾਡੀ ਵਡਿਆਈ ਕਰੇ ਤਾਂ ਸਮਝੋ ਗੁਰੂ ਦੀ ਵਡਿਆਈ, ਜੇ ਨਿੰਦਾ ਕਰੇ ਤਾਂ ਸਮਝੋ ਇਸ ਵਿੱਚ ਵੀ ਗੁਰੂ ਦਾ ਛੁਪਿਆ ਹੋਇਆ ਕੋਈ ਹੁਕਮ ਹੈ। ਹਮੇਸ਼ਾਂ ਸ਼ੁਕਰਾਨੇ ਵਿੱਚ ਰਹੋ। ਇਸ ਪਰਥਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੰਝ ਸਮਝਾਇਆ ਹੈ।

**ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥**

(ਅੰਗ ੭੫੭)

**ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥**

(ਅੰਗ ੧੨੬੩)

ਸਾਂਝੀਵਾਲਤਾ ਦਾ ਉਪਦੇਸ਼ ਜੋ ਗੁਰੂ ਜੀ ਨੇ ਦਿੱਤਾ ਹੈ ਉਹ ਵੀ ਦਲਾਵਰੀ ਜੀ ਨੇ ਕਈ ਉਦਾਹਰਣਾਂ ਦੇ ਕੇ ਸਮਝਾਇਆ ਹੈ । ਗੁਰਸਿੱਖੀ ਵਿੱਚ ਸਾਰੇ ਭੇਦ ਖ਼ਤਮ ਹੋ ਜਾਂਦੇ ਹਨ; ਜਿਵੇਂ ਕਿ

੧. ਗ਼ਰੀਬ ਅਮੀਰ ਦਾ ਭੇਦ । ੨. ਧਰਮ ਦੇ ਵੱਖਰੇਪਣ ਦਾ ਭੇਦ।

੩. ਨਸਲ ਤੇ ਦੇਸ਼ ਦਾ ਭੇਦ। ੪. ਛੋਟੇ ਵੱਡੇ ਦਾ ਭੇਦ ।

ਗੁਰੂ ਜੀ ਫ਼ਰਮਾਉਂਦੇ ਹਨ :



**ਬਿਸਰਿ ਗਈ ਸਭ ਤਾਤਿ ਪਰਾਈ ॥**

**ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ਰਹਾਉ॥**

**ਨਾ ਕੋ ਬੈਰੀ ਨਹੀ ਬਿਗਾਨਾ**

**ਸਗਲਿ ਸੰਗਿ ਹਮ ਕਉ ਬਨਿ ਆਈ ॥ (ਅੰਗ ੧੨੯੯)**

ਜਨਮ ਦਿਨ, ਰੱਖੜੀ, ਵਿਆਹ ਸ਼ਾਦੀਆਂ ਵੇਲੇ, ਮਰਨ ਵੇਲੇ ਰਸਮਾਂ ਰਿਵਾਜਾਂ ਵਿੱਚ ਨਹੀਂ ਪੈਣਾ ਚਾਹੀਦਾ। ਗੁਰੂ ਦੀ ਦਿੱਤੀ ਮਤਿ ਅਨੁਸਾਰ ਦੁੱਖ ਸੁੱਖ ਵਿੱਚ ਸਹਿਜ ਅਵਸਥਾ ਵਿੱਚ ਰਹੇ ਅਤੇ ਹਰ ਵੇਲੇ ਵਾਹਿਗੁਰੂ ਦਾ ਸ਼ੁਕਰਾਨਾ ਹੀ ਕਰੇ। ਅੰਦਰੋਂ ਬਾਹਰੋਂ ਇਕੋ ਜਿਹਾ ਵਰਤੇ। ਜਿਹੜੇ ਲੋਕ ਬਾਹਰੋਂ ਨਿਰਮਲ ਹੋਣ ਦਾ ਵਿਖਾਵਾ ਕਰਦੇ ਹਨ ਪਰ ਅੰਦਰੋਂ ਮੈਲੇ ਹੁੰਦੇ ਹਨ ਉਹਨਾਂ ਲਈ ਸ੍ਰੀ ਗੁਰੂ ਅਮਰਦਾਸ ਜੀ ਆਨੰਦ ਸਾਹਿਬ ਵਿੱਚ ਇਉਂ ਫ਼ਰਮਾਉਂਦੇ ਹਨ :

**ਜੀਅਹੁ ਮੈਲੇ ਬਾਹਰਹੁ ਨਿਰਮਲ॥ ਬਾਹਰਹੁ ਨਿਰਮਲ ਜੀਅਹੁ**
**ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥ ਏਹ ਤਿਸਨਾ ਵਡਾ ਰੋਗੁ**
**ਲਗਾ ਮਰਣੁ ਮਨਹੁ ਵਿਸਾਰਿਆ॥ ਵੇਦਾ ਮਹਿ ਨਾਮੁ ਉਤਮੁ**
**ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥ ਕਹੈ ਨਾਨਕੁ**
**ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥**

(ਅੰਗ ੯੧੯)

ਸੋ, ਵਾਹਿਗੁਰੂ ਬੇਅੰਤ ਹੈ, ਉਸ ਦੀ ਮਹਿਮਾ ਵੀ ਬੇਅੰਤ ਹੈ। ਉਸ ਦੀ ਸਿੱਖਿਆ ਮਹਾਨ ਹੈ ਅਤੇ ਸਾਨੂੰ ਜੀਵਨ ਵਿੱਚ ਸੇਧਾਂ ਵੀ ਗੁਰਬਾਣੀ ਵਿੱਚੋਂ ਮਿਲਦੀਆਂ ਹਨ ਕਿ ਆਪਣੀਆਂ ਖ਼ਾਹਿਸ਼ਾਂ ਨੂੰ, ਤ੍ਰਿਸ਼ਨਾ ਨੂੰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਕਿਵੇਂ ਨੱਥ ਪਾਉਣੀ ਹੈ, ਸੰਸਾਰ ਵਿੱਚ ਰਹਿੰਦਿਆਂ ਕਿਵੇਂ ਨਿਰਲੇਪ ਰਹਿਣਾ ਹੈ, ਸਤਿ ਸੰਤੋਖ ਅਤੇ ਦਇਆ ਦੀ ਰਾਸ ਪਾਉਣਾ ਅਤੇ ਸਰਬੱਤ ਦੇ ਭਲੇ ਲਈ ਤੱਤਪਰ ਰਹਿਣਾ ਹੈ। ਸੋ ਭਾਈ ਗੁਰਦਾਸ ਜੀ ਵਾਰ ੯ਵੀਂ ਪਉੜੀ ੨ ਵਿੱਚ, ਠੀਕ ਹੀ ਫ਼ਰਮਾਉਂਦੇ ਹਨ:

**ਗੁਰ ਸਿਖੀ ਬਾਰੀਕ ਹੈ ਸਿਲ ਚਟਣੁ ਫਿਕੀ।**

**ਤ੍ਰਿਖੀ ਖੰਡੇ ਧਾਰ ਹੈ ਉਹੁ ਵਾਲਹੁ ਨਿਕੀ।**

ਸੰਗਤ ਧੰਨ ਹੈ ਜੋ ਮਾਇਆ ਦੇ ਗੱਫੇ ਭੇਜਦੀ ਹੈ ਅਤੇ ਉਹਨਾਂ ਦੀ ਮਾਇਆ ਸਫਲ ਹੋ ਕੇ ਮਹਾਂਪੁਰਖਾਂ ਦੀ ਸਿੱਖਿਆ ਦੇ ਰੂਪ ਵਿੱਚ ਉਹਨਾਂ ਕੋਲ ਪਹੁੰਚ ਜਾਂਦੀ ਹੈ ।

ਡਾ. ਇੰਦਰਜੀਤ ਕੌਰ, ਪ੍ਰਧਾਨ
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ।

## ਖ-ਨਾਮ ਤੇ ਨਾਮੀ ਦਾ ਜੀਵਨ



ਸਿੱਖ ਜੰਮਦਾ ਹੈ ਤਾਂ ਉਸ ਨੂੰ ਗੁਰੂ ਲੱਭ ਜਾਂਦਾ ਹੈ। ਬਦਕਿਸਮਤੀ ਹੈ ਕਿ ਪ੍ਰਗਟ ਗੁਰੂ ਦੇ ਕੂਕਦਿਆਂ ਵੀ ਉਹ ਆਖੇ ਨਹੀਂ ਲੱਗਦਾ। ਟੋਲਦਾ ਹੈ ਉਨ੍ਹਾਂ ਗੁਰੂਆਂ ਨੂੰ ਜੋ ਚੁੱਟਕੀ ਵਿੱਚ ਰੱਬ ਦਿਖਾ ਦੇਣ, ਮੁੰਡੇ, ਕੁੜੀਆਂ ਬਖ਼ਸ਼ ਦੇਣ, ਨੌਕਰੀ ਲਵਾ ਦੇਣ ਜਾਂ ਬੀਮਾਰੀ ਤੋਂ ਵੱਲ ਕਰ ਦੇਣ। ਲੇਕਨ ਸਦਕੇ ਜਾਈਏ ਆਪਣੇ ਗੁਰੂ ਤੋਂ ਜੋ ਪਿਆਰ ਨਾਲ ਸਮਝਾਂਦਾ ਹੈ ਕਿ ਦੁੱਖ ਅਸਲ ਵਿੱਚ ਇਨਸਾਨ ਦਾ ਦਾਰੂ ਹੈ, ਸੁੱਖ ਬੀਮਾਰੀ ਦਾ ਘਰ ਹੈ। ਅਸੀਂ ਗੁਰਮਤਿ ਨੂੰ ਨਹੀਂ ਮੰਨਦੇ ਕਿਉਂਕਿ ਸੁੱਖ-ਦੁੱਖ ਨੂੰ ਹੀ ਨਹੀਂ ਪਛਾਣਦੇ।

# ਊਠਤ ਬੈਠਤ ਸੋਵਤ ਨਾਮ—ਕਿਉਂ ?

ਇਕ ਮੇਰੀ ਭੈਣ ਹੈ ਜਿਹੜੀ ਦਸ ਸਾਲ ਛੋਟੀ ਹੋਣ ਕਰਕੇ ਮੈਨੂੰ ਆਪਣੀ ਬੱਚੀ ਹੀ ਲੱਗਦੀ ਹੈ......ਤੇ ਲੱਗੇ ਵੀ ਕਿਉਂ ਨਾ ?......ਮੇਰਾ ਉਸ ਦਾ ਵਾਸਤਾ ਕੇਵਲ ਵਾਹਿਗੁਰੂ ਦੀ ਵਡਿਆਈ ਤੇ ਗੁਰੂ ਚਰਨਾਂ ਦਾ ਹੈ। ਇਕ ਵਾਰ ਜਦੋਂ ਉਸ ਨੇ ਇਕ ਸ਼ਬਦ ਪੜ੍ਹਨ ਲੱਗਿਆਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੁਮਾਲਾ ਉਤਾਰਿਆ ਤਾਂ ਮੰਗਲਾਚਾਰ ਲਈ ਬੋਲੀ :

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥**

**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥** (ਅੰਗ ੭੬੨)

ਫੇਰ ਰੁਮਾਲਾ ਸਾਹਿਬਾਂ ਦੇ ਉੱਤੇ ਹੀ ਰੱਖ ਦਿੱਤਾ, ਅੱਥਰੂਆਂ ਦੀ ਲਿਸ਼ਕ ਨੇ ਮੈਨੂੰ ਦੱਸਿਆ ਕਿ ਉਹ "ਦਿਨ ਰਾਤ" ਨੂੰ ਗੂੜ੍ਹੀ ਤਰ੍ਹਾਂ ਘੜੀ-ਘੜੀ ਪੜ੍ਹ ਰਹੀ ਹੈ। ਦੋ ਚਾਰ ਵਾਰੀ ਹੋਰ ਪੜ੍ਹਿਆ, ਪੜ੍ਹ ਕੇ ਨਾਲ ਬੋਲੀ—

**"ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥"**

(ਅੰਗ ੪੯੮)

**"ਰਾਮ ਕੋ ਨਾਮੁ ਜਪਉ ਦਿਨ ਰਾਤੀ ॥"** (ਅੰਗ ੪੯੫)

ਲਿਸ਼ਕਦੇ ਅੱਥਰੂ ਉਹਦੀਆਂ ਗੱਲ੍ਹਾਂ 'ਤੇ ਗਿਰਨੇ ਸ਼ੁਰੂ ਹੋ ਗਏ, ਪਰ ਮੇਰੀ ਬੇਟੀ ਪੂਰਨ ਖੇੜੇ ਵਿੱਚ ਆ ਕੇ ਕਹਿਣ ਲੱਗੀ "ਵੀਰ ਜੀ, ਸਾਹਿਬ ਕਮਾਲ ਹਨ ਨਾ" ਮੈਂ ਮੂਰਖ ਕੀ ਜਾਣਾ? ਹੈਰਾਨ ਹੋ ਕੇ ਚੁੱਪ ਹੋ ਗਿਆ—ਮਨ ਵਿੱਚ ਕਿਹਾ, ਪਤਾ ਨਹੀਂ ਕੀ ਝੱਲ ਮਾਰ ਰਹੀ ਹੈ। ਮੇਰੀ ਬੱਚੀ ਮੈਨੂੰ ਯਾਦ ਕਰਾ ਰਹੀ ਸੀ ਕੀ ਇਨਸਾਨ ਦਾ ਦਿਨ ਰਾਤ ਸਾਹਿਬਾਂ ਨੂੰ ਯਾਦ ਕਰਨ ਬਗੈਰ ਉੱਕਾ ਗੁਜ਼ਾਰਾ ਨਹੀਂ।

ਕਿਉਂਕਿ ਮੈਂ ਅਕ੍ਰਿਤਘਣ ਹਾਂ, ਸਾਹਿਬਾਂ ਦੀਆਂ ਬੇਅੰਤ ਰਹਿਮਤਾਂ ਦੇ ਬਾਵਜੂਦ ਮਨਮੁੱਖ ਹਾਂ, ਕੁਝ ਨਾ ਸਮਝ ਸਕਿਆ। ਬਹੁਤ ਚਿਰ ਬਾਅਦ ਇਕ ਵੀਰ ਮਿਲੇ। ਕਹਿਣ ਲੱਗੇ, "ਅੱਠੇ ਪਹਿਰ ਸਾਹਿਬਾਂ ਦੇ ਚਰਨਾਂ ਵਿੱਚ ਰਹਿਣਾ ਚਾਹੀਦਾ ਹੈ।" "ਅੱਠੇ ਪਹਿਰ ?" ਮੈਂ ਪੁੱਛਿਆ। ਹੱਸ ਪਏ। ਕੀ ਤੂੰ ਸਮਝਿਆ ਹੈ ਕਿ ਹਰ ਵੇਲੇ ਗੁਰਦੁਆਰੇ ਵਿੱਚ ਜਾ ਕੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬੈਠਣਾ ਚਾਹੀਦਾ ਹੈ, Physically (ਸਰੀਰਕ ਤੌਰ ਪਰ) ? ਫੇਰ ਉਨ੍ਹਾਂ ਦੱਸਿਆ ਕਿ ਅਸੀਂ Physically (ਸਰੀਰਕ ਤੌਰ ਪਰ) ਜਿੱਥੇ ਮਰਜ਼ੀ ਹੋਈਏ ਗੁਰੂ ਨੂੰ ਨਾਲ ਰੱਖਣਾ ਚਾਹੀਦਾ ਹੈ। ਮੇਰੀ ਮੱਤ ਹੋਰ ਮਾਰੀ ਗਈ—ਕਿਵੇਂ? ਮਹਾਂਪੁਰਸ਼ ਸਨ, ਮੇਰੀਆਂ ਅੱਲ੍ਹੜ ਗੱਲਾਂ ਤੋਂ ਦੁੱਖੀ ਹੋਏ ਬਗੈਰ



ਕਹਿਣ ਲੱਗੇ, "ਸਾਹਿਬ ਦੀ ਯਾਦ ਅੱਠੇ ਪਹਿਰ ਸਾਡੇ ਮਨ ਵਿੱਚ ਵੱਸਣੀ ਚਾਹੀਦੀ ਹੈ, ਉਸੇ ਤਰ੍ਹਾਂ ਜਿਵੇਂ ਡਾਢੇ ਬੀਮਾਰ ਬੱਚੇ ਵਿੱਚੋਂ ਮਾਂ ਦਾ ਧਿਆਨ ਕਦੇ ਨਹੀਂ ਨਿਕਲਦਾ ਭਾਵੇਂ ਜੋ ਵੀ ਕੰਮ ਕਰਦੀ ਹੋਵੇ।" ਸਮਝ ਤਾਂ ਆ ਗਈ, ਪਰ ਮੈਂ ਪੁੱਛਿਆ, "ਕਿਉਂ, ਇਸ ਦੀ ਕੀ ਲੋੜ ਹੈ?"

ਉਹ ਵੀਰ ਹੈਰਾਨ ਹੋ ਗਿਆ, ਕਹਿਣ ਲੱਗਾ ਤੁਸੀਂ ਬਾਣੀ ਨਹੀਂ ਪੜ੍ਹਦੇ ? ਮੈਂ ੨੦-੨੫ ਤੁਕਾਂ ਆਸਾਨੀ ਨਾਲ ਪੜ੍ਹ ਕੇ, ਛਾਤੀ ਅੱਡ ਕੇ ਦੱਸਿਆ ਕਿ ਪੜ੍ਹਦਾ ਹੀ ਨਹੀਂ ਸਗੋਂ ਕੰਠ ਵੀ ਹੈ। ਫੇਰ ਇਹ ਵੀ ਦੱਸਿਆ ਕਿ ਕਈ ਸਾਲਾਂ ਤੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਸਾਡੇ ਘਰ। ਉਹ ਵੀਰ ਕਹਿਣ ਲੱਗਾ, ਫੇਰ ਇਹ ਸਵਾਲ ਕਿਉਂ ? **ਸਭ ਤੋਂ ਵੱਡੀ ਗੱਲ** ਉਸ ਕਿਹਾ—"ਇਸ ਲਈ, ਕਿਉਂਕਿ **ਸਾਹਿਬਾਂ** ਦਾ ਹੁਕਮ ਹੈ।" ਮੈਨੂੰ ਚੇਤਾ ਆ ਗਿਆ ਇਕ ਹੋਰ ਮਨੁੱਖ ਨੇ ਮੈਨੂੰ ਸਮਝਾਇਆ ਸੀ ਤੇ ਮੈਂ ਮੰਨ ਚੁੱਕਾ ਸਾਂ ਕਿ ਵਾਕਈ ਜੋ ਕੁਝ ਹੁਕਮ ਲਿਖੇ ਹਨ ਗੁਰੂ ਗ੍ਰੰਥ ਸਾਹਿਬ ਵਿੱਚ ਉਹ ਕੋਈ Literally (ਸਾਹਿਤਕ) ਮੰਨਣ ਵਾਲੇ ਥੋੜ੍ਹੇ ਹਨ। ਮੈਨੂੰ ਕਿਸੇ ਨੇ ਦੱਸਿਆ ਸੀ ਕਿ ਇਹ ਕਦੇ ਹੋ ਸਕਦਾ ਹੈ ਕਿ ਅੱਠੇ ਪਹਿਰ ਨਾਮ ਜਪਿਆ ਜਾਏ ਜਾਂ ਹਰ ਵੇਲੇ ਵਾਹਿਗੁਰੂ ਨੂੰ ਯਾਦ ਰੱਖਿਆ ਜਾਏ । ਇਸ ਦਾ ਫ਼ਾਇਦਾ ਕੀ ਹੋਇਆ? ਫੇਰ ਮੈਂ ਕੁਝ ਦੇਰ ਐਵੇਂ ਆਕੜੇ ਮਨ ਨਾਲ ਤੇ ਅੱਠੇ ਪਹਿਰ ਵਾਹਿਗੁਰੂ ਵਾਹਿਗੁਰੂ ਕਰਨਾ ਸ਼ੁਰੂ ਕੀਤਾ ਪਰ ਮੈਂ ਦੱਸਿਆ ਕਿ ਹੁਣ ਜਿਹੜੇ ਇੰਞ ਨਹੀਂ ਸਨ ਕਰਦੇ ਉਨ੍ਹਾਂ ਨਾਲ ਮੇਰਾ ਵੈਰ ਵਧ ਚੁੱਕਾ ਸੀ; ਮੈਂ ਆਪਣੇ ਆਪ ਨੂੰ ਪੂਰਨ ਸਿੱਖ ਸਮਝਦਾ ਸਾਂ, ਸਿੱਖਾਂ ਤੇ ਗ਼ੈਰ-ਸਿੱਖਾਂ ਨੂੰ ਗਾਲ੍ਹਾਂ ਕੱਢਦਾ ਸਾਂ, ਹੋਰ ਤਾਂ ਹੋਰ, ਆਪਣੇ ਕੱਪੜੇ, ਆਪਣੇ ਭਾਂਡੇ ਵੀ ਵੱਖਰੇ ਬਣਾ ਲਏ ਸਨ ਤੇ ਹੋਰ ਕੋਈ ਜਿਹੜਾ ਮੇਰੇ ਵਾਂਗ ਨਹੀਂ ਸੀ ਕਰਦਾ ਉਸ ਨੂੰ ਮੈਂ INFERIOR (ਛੋਟਾ) ਸਮਝਦਾ ਸੀ । ਇਹ ਸਭ ਕੁਝ ਮੇਰੇ ਮਨ ਵਿੱਚ ਘੁੰਮ ਗਿਆ ਤੇ ਮੈਂ ਭਾਵੇਂ ਮੇਰਾ ਆਪਣਾ ਮੂੰਹ ਕਾਲਾ ਹੋਣਾ ਸੀ ਰਹਿ ਨ ਸਕਿਆ; ਪੁੱਛਿਆ ਕਿ ਇਕ ਵਾਰੀ ਮੈਂ ਵੀ ਇੰਞ ਸੋਚਿਆ ਸੀ ਤੇ ਕੇਵਲ ਆਕੜ ਦੀ ਪੰਡ ਬੰਨ੍ਹੀ ਸੀ, ਇਸ ਤਰ੍ਹਾਂ ਮੈਨੂੰ ਕਿਸੇ Convince ਕਰ ਲਿਆ ਸੀ ਕਿ ਅੱਠੇ ਪਹਿਰ ਨਾਮ ਜੱਪਣਾ ਜ਼ਰੂਰੀ ਨਹੀਂ ।

ਪਰ ਮੇਰਾ ਵੀਰ ਅੱਜ ਮੇਰੀ ਜ਼ਿੰਦਗੀ ਪਲਟਣ ਲਈ ਕੁਝ ਐਸੇ ਪਿਆਰ ਵਿੱਚ, ਐਸੇ ਯਕੀਨ ਵਿੱਚ ਤੇ ਐਸੀ ਲਗਨ ਵਿੱਚ—ਬਗੈਰ ਆਕੜ ਦੇ, ਬਗੈਰ **Impose** (ਥੱਪਣਾ) ਕੀਤੇ, ਬਗੈਰ **Superiority** (ਵੱਡਾਪਨ) ਦਿਖਾਏ ਦੱਸ ਰਿਹਾ ਹੈ ਕਿ ਮੇਰੇ ਅੰਦਰ ਦੀ ਮੈਲ ਖੁਰ ਰਹੀ ਹੈ, ਮੇਰੇ ਵੀਰ ਨੇ ਦੱਸਿਆ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੀ ੨੦ਵੀਂ ਪਉੜੀ ਵਿੱਚ ਇਸ਼ਾਰਾ ਦਿੱਤਾ ਸੀ ਤਾਂ ਉਸ ਦਾ ਪੂਰਾ ਅੰਦਾਜ਼ਾ ਅਸਾਂ ਨੇ

ਲਾਇਆ, ਅਸਾਂ ਘੋਟੇ ਲਾਣੇ ਸ਼ੁਰੂ ਕਰ ਦਿੱਤੇ, ਕਦੇ ੧੦ ਪਾਠ, ਕਦੇ ੧੦੦, ਕਦੇ ੧੦੦੦੦, ਕਦੇ ਲੱਖ ਤੇ ਕਦੇ ਦੋ ਲੱਖ, ਪਰ ਅਸਾਂ ਉਸੇ ਗੁਰੂ ਨਾਨਕ ਦੇਵ ਜੀ ਦੀ ਆਸਾ ਦੀ ਵਾਰ ਵਾਲੀ ਗੱਲ '**ਨਾਨਕ ਲੇਖੈ ਇਕ ਗੱਲ**' ਵੱਲ ਧਿਆਨ ਨਾ ਦਿੱਤਾ। ਜਪੁ ਜੀ ਸਾਹਿਬ ਵਿੱਚ ਲਿਖਿਆ ਸੀ—

IMPORTANT (ਖ਼ਾਸ) ਜਿਵੇਂ ਹੱਥ ਪੈਰ ਜਿਸਮ ਗ਼ੰਦਗੀ ਨਾਲ ਭਰੇ ਜਾਣ, ਤਾਂ ਪਾਣੀ ਨਾਲ ਧੋਣ ਨਾਲ ਮੈਲ ਉਤਰ ਜਾਂਦੀ ਹੈ; ਜਿਵੇਂ ਮੂਤਰ ਆਦਿ ਨਾਲ ਭਰੇ ਕੱਪੜੇ ਸਾਬਣ ਨਾਲ ਧੋਤੇ ਜਾਂਦੇ ਹਨ ਇਸੇ ਤਰ੍ਹਾਂ ਜਦੋਂ ਮਤਿ ਪਾਪਾਂ ਨਾਲ ਗੰਦੀ ਹੋ ਜਾਂਦੀ ਹੈ ਤਾਂ ***ਨਾਮ ਦਾ ਸਾਬਣ ਤੇ ਪਾਣੀ*** ਇਸ ਨੂੰ ਧੋਂਦਾ ਹੈ।

ਆਪ ਦੇਖੋਗੇ ਕਿ ਕਦੇ ਵੀ ਅਸੀਂ ਗ਼ੰਦਗੀ ਨਾਲ ਭਰੇ ਹੱਥਾਂ ਨਾਲ ਜਾਂ ਮੂਤਰ ਵਾਲੇ ਕੱਪੜਿਆਂ ਵਿੱਚ ਕੋਈ ਕੰਮ ਨਹੀਂ ਕਰਦੇ। ਗ਼ੰਦਗੀ ਜਾਂ ਟੱਟੀ ਪਿਸ਼ਾਬ ਲੱਗਦਿਆਂ ਹੀ ਪਾਣੀ ਜਾਂ ਪਾਣੀ ਤੇ ਸਾਬਣ ਨਾਲ ਧੋ ਕੇ ਅਗਲਾ ਕੰਮ ਕਰਦੇ ਹਾਂ। ਇਸ ਤਰ੍ਹਾਂ ਜ਼ਰੂਰੀ ਹੈ ਕਿ ਮਤਿ ਨੂੰ ਜਿਸ ਵੇਲੇ ਵੀ ਮੈਲ ਲੱਗੇ, ਉਸੇ ਵੇਲੇ ਧੋਤੀ ਜਾਏ। ਮਤਿ ਨੂੰ ਮੈਲ ਹਰ ਵੇਲੇ ਲੱਗਦੀ ਹੈ, ਇਸ ਲਈ ਇਸ ਨੂੰ ਹਰ ਵੇਲੇ ਧੋਣਾ ਜ਼ਰੂਰੀ ਹੈ । ਇਕ ਆਦਮੀ ਦਿੱਲੀ ਮਿਲਿਆ ਸੀ ਤੇ ਕਹਿੰਦਾ ਸੀ ਕਿ ਜਦੋਂ ਅੰਮ੍ਰਿਤ ਵੇਲੇ ਉੱਠ ਕੇ ਸਾਹਿਬਾਂ ਨੂੰ ਯਾਦ ਕਰਦਾ ਹਾਂ ਸਤਿਸੰਗ ਜਾਂਦਾ ਹਾਂ, ਤਾਂ ਰਾਤ ਦੀ ਮੈਲ ਲਾਹੁਣ ਲਈ Injection (ਟੀਕਾ) ਲੱਗ ਜਾਂਦਾ ਹੈ। ਜਦੋਂ ਇਸ ਟੀਕੇ ਦਾ ਅਸਰ ਲਹਿਣ ਵਾਲਾ ਹੁੰਦਾ ਹੈ ਤਾਂ **Lunch Time** (ਖਾਣੇ ਦਾ ਸਮਾਂ) ਵੇਲੇ ਸਤਿਸੰਗ 'ਚ ਜਾ ਕੇ ਤੇ ਜੋੜੇ ਝਾੜ ਕੇ ਇਕ ਹੋਰ ਟੀਕਾ ਲਗਾ ਆਉਂਦਾ ਹਾਂ ਤਾਂ ਕਿ ਫੇਰ ਦਿਹਾੜੀ ਦੀ ਮੈਲ ਲਹਿ ਜਾਏ। ਜਦੋਂ ਘਰ ਆਉਂਦਾ ਹਾਂ ਤਾਂ ਦੁਪਹਿਰ ਪਿੱਛੋਂ ਦੀ ਮੈਲ ਗੁਰੂ ਦੇ ਹਜ਼ੂਰ ਰਹਿਰਾਸ ਸਾਹਿਬ ਨਾਲ ਲਾਹ ਦਿੰਦਾ ਹਾਂ। ਹੁਣ ਮਤਲਬ ਇਹ ਹੋਇਆ ਕਿ ਹਰ ਵੇਲੇ ਮੈਲ ਲੱਗਣ ਦੇ ਡਰ ਤੋਂ ਹਰ ਵੇਲੇ ਦੇ ਸਾਬਣ ਦਾ ਬੰਦੋਬਸਤ ਕੀਤਾ ਜਾਏ। '***ਊਠਤ ਬੈਠਤ ਸੋਵਤ ਨਾਮ ਸਾਬਣ ਹੈ***' *ਉਠਦਿਆਂ, ਬਹਿੰਦਿਆਂ ਲੱਗਦੀ ਮੈਲ ਨੂੰ ਲਾਹੁਣ ਲਈ ।*

ਮੇਰੇ ਮਨ 'ਤੇ ਕੁਝ ਅਸਰ ਹੋਇਆ । ਖ਼ਿਆਲ ਆਇਆ, ਹੈ ਤਾਂ ਬਿਲਕੁੱਲ ਠੀਕ। ਸਵੇਰੇ ਉੱਠਦਾ ਹਾਂ ਤਾਂ, ਜੇ ਪਤਨੀ ਨੇ ਪਾਣੀ ਗਰਮ ਨਹੀਂ ਕੀਤਾ ਤਾਂ ਕਰੋਧ ਤਿਆਰ ਹੋ ਜਾਂਦਾ ਹੈ ਹਮਲਾ ਕਰਨ ਲਈ; ਜੇ ਬਾਣੀ ਪੜ੍ਹਨ ਲੱਗਦਾ ਹਾਂ ਤਾਂ ਬੱਚੇ ਦੇ ਰੋਣ ਨਾਲ ਕਾਹਲ ਪੈਂਦੀ ਹੈ। ਦਫ਼ਤਰ ਜਾਣ ਲੱਗਿਆਂ ਕਮੀਜ਼ ਦਾ ਬਟਨ ਟੁੱਟਾ ਹੋਵੇ ਤਾਂ ਗਲ ਪੈ ਜਾਂਦਾ ਹਾਂ, ਰਾਹ ਵਿੱਚ ਟਰੈਫ਼ਿਕ ਜ਼ਿਆਦਾ ਹੋਵੇ ਤਾਂ ਫਿੱਕਾ ਬੋਲ ਕੇ ਕਾਹਲਾ ਪੈਂਦਾ ਹਾਂ, ਬੱਸ ਵਿੱਚ, ਗੱਡੀ



ਤੇ ਡਾਕਖ਼ਾਨੇ ਵਿੱਚ, ਦਫ਼ਤਰ ਵਿੱਚ ਹਰ ਵੇਲੇ ਹਰ ਇਕ ਨਾਲ ਵਾਹ ਪੈਣ ਲੱਗਿਆਂ ਕਾਮ, ਕਰੋਧ, ਲੋਭ, ਮੋਹ, ਹੰਕਾਰ, ਚੁਗ਼ਲੀ, ਨਿੰਦਾ, ਲੋਕ-ਪਚਾਰਾ, ਈਰਖਾ, ਮੇਰੇ ਸਿਰ ਵਿੱਚ ਸੁਆਹ ਪਾਣ ਲਈ ਉਤਾਵਲੇ ਹਨ **ਪਰ ਮੇਰਾ ਪੂਰਨ ਸਮਰੱਥ ਗੁਰੂ** ਇਕ-ਦਮ ਫੁਰਤੀ ਵਿੱਚ ਸ਼ਬਦ ਦੀ ਧੁਨ ਨਾਲ ਇਨ੍ਹਾਂ ਚੋਰਾਂ ਦਾ ਮਲੀਆਮੇਟ ਕਰ ਦਿੰਦਾ ਹੈ। ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਗੁਰੂ ਸੰਗ ਰਹੇ ਪੂਰੀ ਤਰ੍ਹਾਂ—ਨਾ ਕਿ ਨਾਮ ਜਪਾਂ ਮੁੱਖ ਤੋਂ ਤੇ ਪ੍ਰੀਤ ਦੀ ਗੰਢ ਹੈ ਹੀ ਨਹੀਂ। ਅਸੀਂ ਆਮ ਤੱਕਦੇ ਹਾਂ ਦੁਕਾਨ ਦਫ਼ਤਰ ਵਿੱਚ ਬਹਿ ਕੇ ਨਾਮ ਜਪ ਰਹੇ ਹਾਂ ਪਰ ਘੱਟ ਤੋਲ ਰਹੇ ਹਾਂ...ਰਿਸ਼ਵਤ ਵੀ ਖਾ ਰਹੇ ਹਾਂ, ਕਾਮ ਦੇ ਚਿੱਕੜ ਵਿੱਚ ਅੱਖਾਂ ਭੌਂਦੀਆਂ ਹਨ, ਲੋਭ ਤੇ ਮੋਹ ਵਿੱਚ ਰਿੱਝ ਕੇ ਹੰਕਾਰ ਦਾ ਲੜ ਪਕੜਿਆ ਹੋਇਆ ਹੈ। ***ਇਹ ਨਾਮ ਜੱਪਣਾ ਨਹੀਂ, ਇਹ ਲੋਕਾਚਾਰੀ ਵਿੱਚ ਵਡਿਆਈ ਪਾਣ ਦਾ ਪਖੰਡ ਹੈ ਜੋ ਕਦੇ ਸੁੱਖ ਨਹੀਂ ਦੇ ਸਕਦਾ ।*** ਪਰ ਜਦੋਂ ਸੱਚਮੁੱਚ ਹਿਰਦੇ ਵਿੱਚੋਂ ਅੱਠੇ ਪਹਿਰ ਗੁਰੂ ਗੁਰੂ, ਵਾਹਿਗੁਰੂ ਦੀ ਯਾਦ ਉਪਜਦੀ ਹੈ ਤਾਂ ਮਤਿ ਨੂੰ ਕਦੇ ਮੈਲ ਨਹੀਂ ਲੱਗਣ ਦਿੰਦੀ ।

ਆਪਣੀ ਭੈਣ, ਜਿਸ ਬਾਰੇ ਮੈਂ ਉੱਤੇ ਲਿਖ ਆਇਆ ਹਾਂ, ਦੀ ਇਕ ਹੋਰ ਗੱਲ ਲਿਖਦਾ ਹਾਂ। ਇਹ ਸਪੱਸ਼ਟ ਕਰਦਾ ਹਾਂ ਕਿ ਕੇਵਲ ਵਾਹਿਗੁਰੂ ਦੀ ਮਿਹਰ ਦਾ ਸਦਕਾ ਉਹ ਇਸ ਤਰ੍ਹਾਂ ਕਰਦੀ ਹੈ। ਬਹੁਤ ਦੇਰ ਪਹਿਲਾਂ ਜਦੋਂ ਸਾਹਿਬਾਂ ਨੇ ਉਸ ਦਾ ਰਾਹ ਆਪਣੇ ਵੱਲ ਮੋੜਿਆ ਤਾਂ ਸੁਤੇ ਹੀ ਉਹ ਬੱਚੀ ਨਿੰਦਿਆ ਚੁਗ਼ਲੀ ਝੱਖਾਂ ਮਾਰਨ ਤੋਂ ਵੱਖਰੀ ਹੋ ਗਈ ਅਤੇ ਕੇਵਲ ਨਾਮ ਬਾਣੀ ਵਿੱਚ ਲੱਗ ਗਈ। ਉਹ ਹਰ ਇਕ ਨਾਲ ਪਿਆਰ ਕਰਦੀ, ਪਰ ਹੁਣ ਘਰ ਦੇ "ਗੱਪਾਂ ਮਾਰਨ" ਦੇ ਝੁੰਡ ਵਿੱਚ ਨਾ ਬੈਠਦੀ, ਇਕ ਤਾਂ ਇਸ ਲਈ ਕਿ ਉਹ ਅੰਮ੍ਰਿਤ ਵੇਲੇ ਸਤਿਸੰਗ ਜਾਣ ਤੋਂ ਨਾ ਖੁੰਝ ਜਾਇ ਤੇ ਦੂਜਾ ਗੱਪਾਂ ਸਾਹਿਬਾਂ ਦੀ ਯਾਦ ਤੋਂ ਦੂਰ ਕਰਦੀਆਂ ਹਨ। ਸਾਰੇ ਪਰਿਵਾਰ ਵਿੱਚ ਇਹ ਗੱਲ ਚੰਗੀ ਨਾ ਲੱਗੀ। ਮੇਰੇ ਮਨ ਵਿੱਚ ਗੁਰੂ ਦਾ ਮਾਣ ਤੇ ਸਤਿਕਾਰ ਹੈ। ਮੈਨੂੰ ਕਿਹਾ ਗਿਆ ਕਿ ਮੈਂ ਇਸ ਬੱਚੀ ਨੂੰ ਮੁੜ NORMAL (ਆਮ) ਰਸਤੇ ਆਣ ਲਈ ਕਹਵਾਂ । ਮੈਂ ਡਾਢਾ ਮੂਰਖ ਲੱਗਣ ਲੱਗ ਪਿਆ ਕਿਉਂਕਿ ਕਿਤੇ ਕਦੇ-ਕਦੇ ਮੈਂ ਆਪਣੀ "ਭਗਤੀ ਦੇ ਪਖੰਡ" ਵਿੱਚ ਬੁਲਾਇਆ ਜਾਂਦਾ ਸਾਂ ਸਤਿਸੰਗ ਲਈ, ਹੁਣ ਬੁਲਾਇਆ ਗਿਆ ਸਾਂ ABNORMAL (ਖ਼ਾਸ) ਤੋਂ NORMAL (ਆਮ) ਕਰਨ ਲਈ। ਮੈਂ ਹੱਥ ਜੋੜ ਕੇ ਸਭ ਦੇ ਚਰਨ ਪਕੜੇ । ਕਿਹਾ ਪਿਆਰਿਓ, ਜੇ ਮੇਰੇ ਆਖੇ ਲੱਗੋ ਤੇ ਜੇ ਮੈਨੂੰ ਮੁਆਫ਼ ਕਰੋ ਤਾਂ ਇਹ ਕਹਵਾਂਗਾ—ਸਾਰੇ ABNORMAL (ਖ਼ਾਸ) ਹੋ ਜਾਓ । ਮੈਨੂੰ ਤਾਂ ਰਾਹ 'ਤੇ ਜਾਂਦਾ ਖੋਤਾ ਵੀ ਮਿਲ ਜਾਏ ਤਾਂ ਮੈਂ ਉਸ ਨੂੰ ਜੱਫਾ ਪਾ

ਕੇ ਆਖਾਂਗਾ—ਪਿਆਰਿਆ, ਵਾਹਿਗੁਰੂ ਦੇ ਗੁਣ ਗਾਇਆ ਕਰ ਨਿੰਦਿਆ ਚੁਗ਼ਲੀ ਛੱਡ ਕੇ ।

ਉਸ ਭੈਣ ਦੀਆਂ ਚੜ੍ਹਦੀਆਂ ਕਲਾਂ ਵੇਖ ਕੇ ਕਹਿੰਦਾ ਹਾਂ, 'ਪਾਤਿਸ਼ਾਹ! ਮੇਰੇ 'ਤੇ ਵੀ ਕਿਰਪਾ ਕਰ ਓਹਦੇ ਚਰਨਾਂ ਦਾ ਸਦਕਾ ਹੀ । ਹੁਣ ਜਦੋਂ ਕਦੇ ਦਿਨ ਦੇ ਸਾਰੇ ਕੰਮ ਕਰ ਰਿਹਾ ਹੁੰਦਾ ਹਾਂ ਤੇ ਅਣਗਿਣਤ ਵੇਰ ਗੁਰੂ ਦਾ ਰਾਹ ਛੱਡਣ ਦੀ ਖ਼ਾਹਸ਼ ਹੁੰਦੀ ਹੈ, ਖ਼ਾਸ ਤੌਰ 'ਤੇ ਆਕੜ ਕਰਨ ਲਈ ਮਨ ਪ੍ਰੇਰਦਾ ਹੈ, ਤਾਂ ਜੇ ਬੁੱਲ੍ਹ ਜਾਂ ਸੁਰਤ "ਵਾਹਿਗੁਰੂ" ਕਰ ਰਹੀ ਹੋਵੇ ਤਾਂ ਝੰਜੋੜ ਕੇ ਕਹਿੰਦਾ ਹੈ—ਕੁੱਤਿਆ ਇਹ "ਵਾਹਿਗੁਰੂ" ਕਿਧਰ ਤੇ ਆਕੜ ਕਿਧਰ? ਤੂੰ ਤਾਂ ਪਾਰਬ੍ਰਹਮ ਦੀ ਨੌਕਰੀ ਕਰਦਾ ਹੈਂ, ਫੇਰ ਸਭ ਦੀ ਚਰਨਧੂੜ ਬਣਨਾ ਹੈ? ਸ਼ਰਮ ਆ ਜਾਂਦੀ ਹੈ। ਅਦ੍ਰਿਸ਼ਟ ਅਗੋਚਰ ਗੁਰ ਸ਼ਬਦ ਰਾਹੀਂ ਕਹਿ ਜਾਂਦਾ ਹੈ ਜੇ ਮਤਿ ਮੈਲੀ ਕਰੇਂਗਾ ਤਾਂ ਮੇਰਾ ਤੇਰਾ ਸੰਬੰਧ ਖ਼ਤਮ। ਇਕ-ਦਮ ਮੂੰਹੋਂ ਨਿਕਲ ਜਾਂਦਾ ਹੈ। **"ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ।"**

ਮੇਰੇ ਮਨ ਵਿੱਚ ਕਦੇ ਵੀ ਨਹੀਂ ਆਇਆ ਕਿ ਨਾਮ ਕੀ ਹੈ ਜਾਂ ਕਿਵੇਂ ਲੈਣਾ ਹੈ ਜਾਂ ਅਸਲੀ ਵਿਧੀ ਕੀ ਹੈ ਜਾਂ ਸਿੱਖਾਂ ਦਾ "ਵਾਹਿਗੁਰੂ" ਚੰਗਾ ਹੈ ਜਾਂ ਮੁਸਲਮਾਨਾਂ ਦਾ ਖ਼ੁਦਾ; ਈਸਾਈਆਂ ਦਾ God (ਰੱਬ) ਜਾਂ ਹਿੰਦੂਆਂ ਦਾ ਰਾਮ। ਮੈਨੂੰ ਤਾਂ ਪਤਾ ਹੀ ਨਹੀਂ ਲੱਗਦਾ ਕਿ ਹਜ਼ਰਤ ਮੁਹੰਮਦ ਸਾਹਿਬ ਗੁਰੂ ਨਾਨਕ ਤੋਂ ਵੱਖਰਾ ਹੈ। ਜਿਹੜੀ ਗੱਲ ਪੂਰਨ ਤੌਰ 'ਤੇ ਮੈਂ ਸਿੱਖਣੀ ਉਹ ਤਾਂ ਸਿੱਖੀ ਹੀ ਨਹੀਂ ਕਿ ***ਸਾਰੀ ਦੁਨੀਆਂ ਦੇ ਬੰਦੇ ਇਕੋ ਵਾਹਿਗੁਰੂ ਦੇ ਬੱਚੇ ਹਨ ਅਤੇ ਮੇਰੇ ਭੈਣ ਭਰਾ ਹਨ। ਜਿਹੜਾ ਜਿਵੇਂ ਮਰਜ਼ੀ ਨਾਮ ਜਪੇ ਮੇਰਾ ਸਤਿਸੰਗੀ ਹੈ ਜੋ*** TRUTH ***(ਸੱਚਾਈ) ਸਤਿ ਦਾ ਪੁਜਾਰੀ ਹੈ।*** ਅੱਠੇ ਪਹਿਰ ਨਾਮ ਜਪਣ ਵਾਲਿਆਂ ਦੇ ਲੱਛਣਾਂ ਵਿੱਚ ਇਕ ਇਹ ਹੈ ਕਿ ਸੇਵਾ ਦੇ ਰਾਹ ਵਿੱਚ ਰੀਝਦੇ ਹਨ। ਬੰਗਲਾ ਸਾਹਿਬ ਨਵੀਂ ਦਿੱਲੀ ਸਰੋਵਰ ਦੀ ਕਾਰ ਸੇਵਾ ਬਾਰੇ ਮੇਰੀ ਬੱਚੀ ਦੀ ਚਿੱਠੀ ਦਾ Extract (ਟੂਕ) ਲਿਖਦਾ ਹਾਂ (ਮੈਂ ਕਈ ਹਜ਼ਾਰ ਮੀਲ ਦੂਰ ਸਤਿਸੰਗ ਤੋਂ ਗੁਰਸਿੱਖਾਂ ਤੋਂ ਵਿਛੜਿਆ ਬੈਠਾ ਹਾਂ।)

**ਚਿੱਠੀ ਦਾ Extract (ਖ਼ੁਲਾਸਾ)**

"ਵੀਰਨ ਜੀਓ, ੧੫ ਤਾਰੀਖ਼ ਮੇਰਾ ਬੁਲਾਵਾ ਪਹੁੰਚਿਆ ਸੀ ? ਉਸ ਦਿਨ ਬੰਗਲਾ ਸਾਹਿਬ ਸਰੋਵਰ ਦਾ ਟੱਕ ਸੰਤ ਨਿਸ਼ਚਲ ਸਿੰਘ ਜੀ ਜਗਾਧਰੀ ਵਾਲਿਆਂ ਨੇ ਲਾਇਆ। ਜਦੋਂ ਆਪ ਇੱਥੇ ਸੋ ਤਾਂ ਜਿਹੜਾ ਜੋੜਿਆਂ ਦਾ ਸਥਾਨ ਸੀ ਉਸ ਦੇ ਖੱਬੇ ਪਾਸੇ ਪੰਪ ਦੇ ਸਾਹਮਣੇ ਜਿਹੜੀ ਖ਼ਾਲੀ ਜਗ੍ਹਾ ਸੀ ਉੱਥੇ ਸਰੋਵਰ ਬਣਨ ਲੱਗਾ ਹੈ । ਖ਼ੈਰ, ਮੈਂ ਦਿਲ ਵਿੱਚ ਬੜੀ ਉੱਚੀ ਬੈਠ ਕੇ INVITE (ਸੱਦਾ ਦਿੱਤਾ) ਕੀਤਾ ਸੀ ਇਹ ਦੱਸਣ ਲਈ ਕਿ ਸਾਹਿਬ ਨੇ



ਸੇਵਾ ਦਾ ਬੜਾ ਸੋਹਣਾ ਮੌਕਾ ਬਣਾ ਦਿੱਤਾ ਹੈ—ਜਲਦੀ ਆਪ ਜਾਉ। ਉਸ ਦਿਨ ਨਜ਼ਾਰਾ ਸੋਹਣਾ ਸੀ । ਸੰਤ ਜੀ ਦੇ ਟੱਕ ਲਾਂਦਿਆਂ ਸਾਰ ਸੇਵਾ ਲਈ ਉਤਾਵਲੀ ਭੀੜ ਕਹੀਆਂ ਤੇ ਟੋਕਰੇ ਤਸਲੇ ਲੈ ਕੇ ਜ਼ਮੀਨ 'ਤੇ ਟੁੱਟ ਪਈ । ਪਹਿਲਾਂ ਸਵੇਰੇ ਸਾਡੇ ਨੌਂ ਵਜੇ ਤਕ ਕੀਰਤਨ ਹੁੰਦਾ ਰਿਹਾ, ਫਿਰ ਸੰਤ ਜੀ ਖਲੋ ਕੇ ਬੋਲੇ ਕਿ "ਇਸ ਪਵਿੱਤਰ ਸਥਾਨ ਦਾ ਟੱਕ ਕਿਸੇ ਪਵਿੱਤਰ ਆਤਮਾ ਨੂੰ ਲਾਣਾ ਚਾਹੀਦਾ ਸੀ, ਪਤਾ ਨਹੀਂ ਮੈਨੂੰ ਕਿਉਂ ਲੈ ਆਂਦਾ ਗਿਆ ਹੈ। ਸ਼ਾਇਦ ਸੰਗਤ ਨੂੰ ਮੇਰੇ ਔਗੁਣਾਂ ਦਾ ਪਤਾ ਨਹੀਂ । ਸੰਗਤ ਦਾ ਹੁਕਮ ਹੈ ਹੁਣ ਸੰਗਤ ਆਪ ਹੀ ਮੇਰੇ ਸਿਰ 'ਤੇ ਹੱਥ ਰੱਖ ਕੇ ਇਹ ਕੰਮ ਕਰਵਾਏ ।"

ਇਹ ਨਜ਼ਾਰਾ ਵੇਖ ਕੇ ਜਦੋਂ ਦਫ਼ਤਰ ਜਾ ਰਹੀ ਸਾਂ ਤਾਂ ਅੰਦਰੋਂ ਆਵਾਜ਼ ਆਈ—ਵੀਰ ਜੀ ਤੁਸੀਂ ਕਿਉਂ ਦੂਰ ਹੋ ? ਹੋਰ ਕਿਸੇ ਗੱਲ ਲਈ ਬੁਲਾਇਆ ਤਾਂ ਨਹੀਂ ਆਂਦੇ, ਪਰ ਹੁਣ ਆ ਜਾਓ; ਵੇਖੋ ਸਾਹਿਬ ਕਹੀ ਤੇ ਟੋਕਰੀ ਲੈ ਕੇ ਖੜ੍ਹੇ ਹਨ। ਫਿਰ ਸਾਹਿਬਾਂ ਨੂੰ ਵੀ ਕਿਹਾ ਪਾਤਿਸ਼ਾਹ! ਆਪ ਦੀ ਰਜ਼ਾ ਹੈ, ਪਰ ਜੇ ਮੇਰੇ ਵੀਰ ਨੂੰ ਬੁਲਾ ਦਿਓ ਤਾਂ ਸੇਵਾ ਦਾ ਮਜ਼ਾ ਵੀ ਦੂਣਾ ਹੋ ਜਾਏ। ਕਰੋ ਨਾ ਇਹ ਕਿਰਪਾ। ਅੰਮ੍ਰਿਤਸਰ ਵਾਲਾ ਹੀ ਨਜ਼ਾਰਾ ਬਣਿਆ ਪਿਆ ਹੈ । ਕੀ ਇਕ ਵਾਰ ਆ ਨਹੀਂ ਸਕਦੇ ?

ਮੇਰੇ ਗ਼ਰੀਬ 'ਤੇ ਵੀ ਆਪਣੀ ਨਜ਼ਰ ਰੱਖੋ ਵਾਹਿਗੁਰੂ ਗੁਰੂ ਸਾਧ ਸੰਗਤ। ਅੰਮ੍ਰਿਤਸਰ ਕਾਰ ਸੇਵਾ ਵੇਲੇ ਇਕ ਅਧਖੜ ਇਸਤਰੀ ਸਾਡੇ ਅੱਗੇ ਅੱਗੇ ਗਾਂਵਦੀ ਸੀ ਤੇ ਮੇਰੀ ਭੈਣ, ਮੇਰੀ ਪਤਨੀ, ਮੇਰਾ ਇਕ ਸਤਿਸੰਗੀ ਵੀਰ ਤੇ ਮੈਂ ਪਿੱਛੇ ਸੁਣ ਕੇ ਨਿਹਾਲ ਹੁੰਦੇ ਸਾਂ।

ਸੇਵਾ ਕਰਦਿਆਂ ਮਿਲਦਾ ਏ ਮੇਵਾ *ਕਰ ਕੇ ਬੇਸ਼ੱਕ ਵੇਖ ਲਓ।* ਗੁਰਸਿੱਖੋ, ਵੀਰੋ, ਭੈਣੋ, ਬੱਚਿਓ, ਬੱਚੀਓ—ਸਾਰੀ ਦੁਨੀਆਂ ਦੇ ਸਿੱਖ ਤੇ ਗ਼ੈਰ ਸਿੱਖ ਤੇ ਸਾਥੀਓ—ਕਰ ਕੇ ਬੇਸ਼ੱਕ ਵੇਖ ਲਓ। ਅੱਠੇ-ਪਹਿਰ ਨਾਮ ਜੱਪਣ ਦਾ ਨਤੀਜਾ ਇਹ ਨਿਕਲਦਾ ਹੈ ਕਿ ਮਤਿ ਕਦੇ ਵੀ ਮੈਲੀ ਨਹੀਂ ਹੁੰਦੀ।

ਮੈਨੂੰ ਅਫ਼ਸੋਸ ਇਸ ਗੱਲ ਦਾ ਹੈ ਕਿ ਮੈਂ ਕਹਿੰਦਾ ਹਾਂ ਪਰ ਆਪ ਨਹੀਂ ਕਰਦਾ । ਮੇਰੇ ਲਈ ਵੀ ਅਰਦਾਸ ਕਰੋ ਕਿ ਮੈਂ ਸਾਹਿਬਾਂ ਦੇ ਦਰ ਅੱਪੜ ਸਕਾਂ, ਆਪਣੀ ਭੈਣ ਵਾਂਗ ਅਮਲ ਕਰਨਾ ਸਿੱਖਾਂ। ਇਸ ਭੁਲੇਖੇ ਵਿੱਚੋਂ ਨਿਕਲ ਜਾਵਾਂ ਕਿ ਅੰਮ੍ਰਿਤ ਛਕਿਆ ਹੈ ਤੇ ਸਿੱਖ ਹੋ ਗਿਆ ।

***ਸਿੱਖੀ ਅਮਲੀ ਜੀਵਨ ਦਾ ਨਾਮ ਹੈ।***

## ਜਿਥੈ ਏਕੋ ਨਾਮੁ ਵਖਾਣੀਐ

ਜਦੋਂ ਚਾਚਾ ਜੀ Latin America (ਲੈਟਨ ਅਮਰੀਕਾ) ਦਾ ਚੱਕਰ ਲਾ ਕੇ ਆਏ ਤਾਂ ਸਾਨੂੰ ਮਿਲਣ ਆਏ। ਅਸੀਂ ਸਾਰੇ ਰਹਿਰਾਸ ਸਾਹਿਬ ਦਾ ਪਾਠ ਕਰਨ ਲਈ ਸਾਹਿਬਾਂ ਦੇ ਕਮਰੇ ਵਿੱਚ ਜਾਣ ਵਾਲੇ ਸਾਂ ਤੇ ਉਡੀਕ ਰਹੇ ਸਾਂ ਮੁੰਡੇ ਨੂੰ ਕਿ ਚਾਚਾ ਜੀ ਦੇ ਆਣ ਨਾਲ ਜ਼ਰਾ ਕੁ ਦਿਲ ਢਹਿ ਗਿਆ, ਕਿਉਂਕਿ ਉਹ ਹਮੇਸ਼ਾਂ ਕਿਹਾ ਕਰਦੇ ਸਨ 'ਓਏ ਝੱਲਿਓ ! ੨੦ਵੀਂ ਸਦੀ ਵਿੱਚ ਇਹ ਰਿਵਾਜਨ ਭਗਤੀਆਂ ਕਿਸੇ ਕੰਮ ਨਹੀਂ। ਦੁਨੀਆਂ ਤਰੱਕੀ ਕਰ ਗਈ ਹੈ, ਮਿਹਨਤ ਕਰੋ, ਅਕਲ ਸਿੱਖੋ ਤੇ ਆਪਣੀ ਤਰੱਕੀ ਲਈ ਇਹਨਾਂ ਭਗਤੀ ਦੇ ਵਹਿਮਾਂ ਨੂੰ ਛੱਡੋ ।' ਪਰ ਉਹ ਉਂਝ ਕਮਾਲ ਦੇ ਬੰਦੇ ਹਨ; ਦਯਾ, ਪ੍ਰੇਮ ਤੇ ਸੁੱਚਾ ਬਿਜ਼ਨੈਸ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੇ ਕੰਮ ਸਾਰੇ ਹੀ ਮਹਾਂਪੁਰਸ਼ਾਂ ਵਾਲੇ ਹੁੰਦੇ ਹਨ। ਹਾਂ, ਰੱਬ ਦਾ ਨਾਂ ਲੈਣਾ ਉਨ੍ਹਾਂ ਨੂੰ ਇਕ ਢੌਂਗ ਲੱਗਦਾ ਸੀ ਤੇ ਪਖੰਡ ਦੀ ਜ਼ਿੰਦਗੀ ਉਨ੍ਹਾਂ ਨੂੰ ਬਿਲਕੁੱਲ ਪਸੰਦ ਨਹੀਂ ਸੀ। ਉਹ ਚਾਹੁੰਦੇ ਹਨ ਕਿ ਸੁੱਚਤਾ ਮਨ ਦੀ ਹੋਣੀ ਚਾਹੀਦੀ ਹੈ ਅਤੇ ਇਹ ਸੁੱਚਤਾ ਪਾਠ ਦੇ ਘੋਟੇ ਲਾਣ ਨਾਲ ਨਹੀਂ ਹੁੰਦੀ; ਸਗੋਂ ਉਨ੍ਹਾਂ ਨੇ ਕਈ ਮਿਸਾਲਾਂ ਦੇ ਕੇ ਸਾਬਤ ਕਰਨਾ ਕਿ ਬਾਹਰਲੇ ਭੇਖ ਵਾਲੇ ਧਰਮੀ ਲੋਗ ਜ਼ਿਆਦਾ ਬੇਈਮਾਨੀ ਕਰਦੇ ਹਨ। ਅਸਾਂ ਉਹਨਾਂ ਨੂੰ ਕਹਿਣਾ ਇਸ ਨਾਲ ਭਗਤੀ ਦਾ ਜਾਂ ਧਰਮ ਦਾ ਤਾਂ ਕੋਈ ਕਸੂਰ ਨਹੀਂ ਨਾ। ਜੇ ਬੰਦੇ ਸਾਹਿਬਾਂ ਦੇ ਦੱਸੇ ਰਾਹ 'ਤੇ ਅਮਲ ਨਹੀਂ ਕਰਦੇ ਤਾਂ ਭਗਤੀ ਖ਼ਰਾਬ ਤਾਂ ਨਹੀਂ ਨਾ ਕਹੀ ਜਾ ਸਕਦੀ।

ਖ਼ੈਰ, ਅਸੀਂ ਸੋਚ ਰਹੇ ਸਾਂ ਕਿ ਚਾਚਾ ਜੀ ਇਕ ਲੈਕਚਰ ਦੇਣਗੇ ਤੇ ਸਾਡਾ ਸਵਾਦ ਕਿਰਕਿਰਾ ਹੋ ਜਾਏਗਾ । ਨਾਲੇ ਬੱਚੇ ਤਾਂ ਅੱਗੇ ਹੀ ਮਜ਼ਬੂਰੀ ਨਾਲ ਬੈਠਦੇ ਹਨ ਤੇ ਚਾਚਾ ਜੀ ਦੀ ਸ਼ਹਿ ਨਾਲ ਅੱਗੋਂ ਹੋਰ ਅਸ਼ਰਧਾ ਵਿੱਚ ਆਣਗੇ। ਫੇਰ ਵੀ ਅਸਾਂ ਕਿਹਾ, "ਚਾਚਾ ਜੀ ਪਹਿਲਾਂ ਚਾਹ ਪੀਉਗੇ ਕਿ ਪਾਠ ਕਰੀਏ" ਜ਼ਰਾ ਵੀ ਹੁੱਜਤ ਕੀਤੇ ਬਗੈਰ ਬੂਟ ਖੋਲ੍ਹ ਕੇ ਕਹਿਣ ਲੱਗੇ—ਪਹਿਲਾਂ ਪਾਠ ਕਰ ਲਵੋ । ਸਾਡੇ ਕਲੇਜੇ ਵਿੱਚ ਠੰਡ ਪੈ ਗਈ; ਹੈਰਾਨੀ ਹੋਈ ਪਰ ਡਾਢੀ ਖ਼ੁਸ਼ੀ ਵਾਲੀ ਹੈਰਾਨੀ । ਅਸੀਂ ਸਾਰੇ ਸਾਹਿਬਾਂ ਦੇ ਹਜ਼ੂਰ ਚਲੇ ਗਏ ਤੇ ਰਹਿਰਾਸ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਅਸੀਂ ਪਾਠ ਇਕ-ਇਕ ਪਉੜੀ ਵਾਰੋ ਵਾਰ ਪੜ੍ਹਦੇ ਹਾਂ, ਮੇਰੀ ਪਤਨੀ, ਵੱਡਾ ਮੁੰਡਾ, ਛੋਟਾ, ਬੱਚੀ, ਫੇਰ ਮੈਂ । ਅੱਜ ਚਾਚਾ ਜੀ ਨੇ ਗੁਟਕਾ ਚੁੱਕਿਆ ਹੋਇਆ ਹੈ ਤੇ ਜਿਸ ਵੇਲੇ 'ਆਸਾ ਮਹਲਾ ੫' 'ਤੇ ਪਹੁੰਚੇ ਤਾਂ ਉਨ੍ਹਾਂ ਪੜ੍ਹਨਾ ਸ਼ੁਰੂ ਕਰ ਦਿੱਤਾ ।



**ਆਸਾ ਮਹਲਾ ੫**

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥**
**ਸਰੰਜਾਮਿ ਲਾਗੁ ਭਵਜਲ ਤਰਨ ਕੈ ॥**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥੧॥ਰਹਾਉ॥**
**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**
**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**
**ਕਹੁ ਨਾਨਕ ਹਮ ਨੀਚ ਕਰੰਮਾ ॥**
**ਸਰਣਿ ਪਰੇ ਕੀ ਰਾਖਹੁ ਸਰਮਾ ॥੨॥** (ਅੰ: ੩੭੮)

ਚਾਚਾ ਜੀ ਦੀਆਂ ਅੱਖਾਂ 'ਚੋਂ ਛਮ-ਛਮ ਅੱਥਰੂ ਗਿਰ ਰਹੇ ਸਨ ਤੇ ਗਲਾ ਭਰ ਗਿਆ ਸੀ। ਉਨ੍ਹਾਂ ਦੀਆਂ ਅੱਖਾਂ ਬੰਦ ਹੋ ਗਈਆਂ । ਪਾਠ ਅਸੀਂ ਅੱਗੋਂ ਕਰਦੇ ਰਹੇ। ਜਦ ਭੋਗ ਪਾਇਆ ਤਾਂ ਕਹਿਣ ਲੱਗੇ ਇਹ ਸ਼ਬਦ ਪੜ੍ਹੋ—

**ਆਸਾ ਕਬੀਰ ਜੀਓ ॥**
**ਹਉ ਵਾਰੀ ਮੁਖੁ ਫੇਰਿ ਪਿਆਰੇ ॥**
**ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥** (ਅੰਗ ੪੮੪)

ਜਿਉਂ-ਜਿਉਂ ਇਹ ਸ਼ਬਦ ਪੜ੍ਹਿਆ ਗਿਆ ਤਿਉਂ-ਤਿਉਂ ਚਾਚਾ ਜੀ ਦਾ ਚਿਹਰਾ ਗ਼ਰੀਬੀ ਤੇ ਨਿਮਾਣੀ ਹਾਲਤ ਵਿੱਚ, ਤਰਲੇ ਦੀ ਸ਼ਕਲ ਵਿੱਚ ਬਦਲਦਾ ਗਿਆ। ਭੋਗ ਪਿਆ ਤਾਂ ਕਹਿਣ ਲੱਗੇ, ਪਤਾ ਨਹੀਂ ਕਬੀਰ ਸਾਹਿਬ ਦੇ ਮਨ ਵਿੱਚ ਕੀ ਬੇਦਨ ਹੋਵੇਗਾ ਜਦੋਂ ਕਹਿੰਦੇ ਹੋਣਗੇ—ਪਿਆਰਿਆ ਪਾਸਾ ਮੋੜ ਤੇਰੇ ਤੋਂ ਸਦਕੇ, ਕਿਉਂ ਕੰਡ ਦੇ ਕੇ ਮੈਨੂੰ ਮਾਰਦਾ ਹੈਂ। ਨਹੀਂ ਤਾਂ ਛੁਰਾ ਮਾਰਦੇ, ਕਹਿ ਕੇ ਰੋਣ ਲੱਗ ਪਏ । ਅਰਦਾਸ ਵਿੱਚ ਵੀ ਉਨ੍ਹਾਂ ਦੀ ਹਾਲਤ ਨਿਮਾਣੇ ਭਿਖਾਰੀ ਵਰਗੀ ਸੀ। ਜਦੋਂ ਭੋਗ ਪੈ ਗਿਆ ਤਾਂ ਬਾਹਰ ਸਭ ਆ ਕੇ ਬੈਠ ਗਏ। ਚਾਚਾ ਜੀ ਨੂੰ ਚਾਹ ਪੁੱਛੀ ਤਾਂ ਕਹਿਣ ਲੱਗੇ, ਪਹਿਲਾਂ ਉਹ ਗੱਲਾਂ ਕਰਦੇ ਹਾਂ ਜਿਹੜੀਆਂ ਤੁਹਾਡੀ ਹੈਰਾਨੀ ਨੂੰ ਦੂਰ ਕਰਨ। ਕਹਿਣ ਲੱਗੇ ਤੁਸੀਂ ਇਹ ਸੋਚ ਰਹੇ ਹੋ ਨਾ ਕਿ ਅੱਜ ਚਾਚਾ ਜੀ ਨੂੰ ਕੀ ਹੋਇਆ ਹੈ । ਨਾਲੇ ਖ਼ੁਸ਼ ਹੋ ਰਹੇ ਹੋ ਕਿ ਅੱਜ ਤੁਹਾਡੇ ਰੰਗ ਵਿੱਚ ਭੰਗ ਨਹੀਂ ਪਾਇਆ ਸਗੋਂ ਰਲ ਕੇ

ਸਾਹਿਬਾਂ ਦੀ ਚਰਨਧੂੜ ਮੰਗੀ ਹੈ। ਕਹਿਣ ਲੱਗੇ ਆਉ, ਸਭ ਕੰਮ ਛੱਡ ਦਿਓ, ਮੇਰੇ ਕੋਲ ਆ ਕੇ ਬਹਿ ਜਾਓ, ਸਾਹਿਬਾਂ ਦੀ ਰਹਿਮਤ ਦਾ ਤੇ ਸਤਿ ਸੰਗਤ ਦਾ ਇਕ ਅੱਖੀਂ ਦੇਖਿਆ ਹਾਲ ਦੱਸਦਾ ਹਾਂ। ਇਹ ੧੯੭੫ ਦੀ ਸੱਚੀ ਕਹਾਣੀ ਹੈ ਤੇ (ਜਿਵੇਂ ਆਪਣੇ ਬਦਲਣ 'ਤੇ ਆਪ ਹੀ ਹੈਰਾਨ ਹੋ ਗਏ ਹੋਣ) ਕਹਿਣ ਲੱਗੇ ਤੁਹਾਡੇ ਲਈ written proof (ਲਿਖਤੀ ਸਬੂਤ) ਵੀ ਲਿਆਇਆ ਹਾਂ ।

**TRUE STORY (ਸੱਚੀ ਕਹਾਣੀ) (ਚਾਚਾ ਜੀ ਦੀ ਜ਼ਬਾਨੀ):**

ਜਦੋਂ ਮੈਂ ਆਪਣੇ ਬਿਜ਼ਨੈਸ ਲਈ Latin America (ਲੇਟਨ ਅਮਰੀਕਾ) ਵਿੱਚ ੩-੪ ਹਫ਼ਤੇ ਰਿਹਾ ਤਾਂ ਇਕ ਦਿਨ ਪੋਲੀਸ ਵਾਲਾ ਕਹਿਣ ਲੱਗਾ, ਆਪ ਦੇ ਦੇਸ਼ ਦਾ ਇਕ ਬੰਦਾ ਜੇਲ੍ਹ ਵਿੱਚ ਹੈ, ਸਿਵਾਏ ਪੰਜਾਬੀ ਦੇ ਕੁਝ ਨਹੀਂ ਬੋਲਦਾ। ਜੇ ਆਪ ਸਾਡੀ ਮਦਦ ਕਰੋ ਤਾਂ ਕਿਰਪਾ ਹੋਵੇਗੀ। ਕਿਉਂਕਿ ਮੈਂ ਓਪਰਾ ਸਾਂ, ਮੈਂ ਉੱਥੋਂ ਦੇ ਰਹਿਣ ਵਾਲੇ ਇਕ ਸਿੱਖ ਬਾਰੇ ਦੱਸਿਆ ਤੇ ਪੋਲੀਸ ਵਾਲੇ ਨੂੰ ਉਨ੍ਹਾਂ ਦੀ ਦੁਕਾਨ 'ਤੇ ਲੈ ਗਿਆ। ਉਸ ਸਿੱਖ ਨੇ ਬੜੇ ਪਿਆਰ ਨਾਲ ਜੇਲ੍ਹ ਵਾਲੇ ਬੰਦੇ ਦੀ ਗੱਲ-ਬਾਤ ਸਮਝਣ ਲਈ ਜਾਣਾ ਮੰਨ ਲਿਆ ਤੇ ਨਾਲ ਮੈਂ ਵੀ ਟੁਰ ਪਿਆ।

ਜੇਲ੍ਹ ਵਿੱਚ ਸਾਨੂੰ ਕੋਈ ੨੩ ਸਾਲ ਦਾ ਜਵਾਨ ਪੰਜਾਬੀ ਮੁੰਡਾ ਜਿਸ ਦਾ ਨਾਂ ਤਾਂ ਸਿੰਘ ਸੀ ਪਰ ਵਾਲ ਕੱਟੇ ਹੋਏ ਸਨ, ਮੈਂ ਤਾਂ ਤਮਾਸ਼ਬੀਨ ਹੀ ਸਾਂ, ਪਰ ਮੇਰੇ ਨਾਲ ਦਾ ਸਿੱਖ Translation (ਅਨੁਵਾਦ) ਵੀ ਕਰ ਰਿਹਾ ਸੀ ਤੇ ਉਸ ਕੈਦੀ ਨਾਲ ਬਹੁਤ ਹੀ ਨਿਮਰਤਾ ਤੇ ਪਿਆਰ ਨਾਲ ਗੱਲਾਂ ਕਰ ਰਿਹਾ ਸੀ। ਜਦ ਜੇਲ੍ਹ ਵਾਲਿਆਂ ਦੀ Translation (ਅਨੁਵਾਦ) ਖ਼ਤਮ ਹੋ ਗਈ ਤਾਂ ਉਸ ਸਿੱਖ ਨੇ ਪੰਜ ਸੱਤ ਮਿੰਟ ਕੈਦੀ ਨਾਲ ਗੱਲਬਾਤ ਕਰਨ ਲਈ ਹੋਰ ਮੰਗੇ ਤੇ ਹੁਣ ਅਸੀਂ ਤਿੰਨੋਂ ਪੰਜਾਬੀ ਸਿੱਖ (ਭਾਵੇਂ ਕੈਦੀ ਦੇ ਵਾਲ ਨਹੀਂ) ਬੈਠ ਗਏ। ਮੇਰੇ ਸਾਥੀ ਨੇ ਕੈਦੀ ਨੂੰ ਕਿਹਾ—ਚਲੋ ਜਿਵੇਂ ਵੀ ਆਪ ਜੇਲ੍ਹ ਵਿੱਚ ਆਏ, ਸਾਹਿਬਾਂ ਦੀ ਮਰਜ਼ੀ ਸੀ, ਜੋ ਹੋਣਾ ਸੀ ਸੋ ਹੋ ਗਿਆ। ਹੁਣ ਆਪ ਸਾਹਿਬਾਂ ਦਾ ਨਾਮ ਜਪਿਆ ਕਰੋ, ਤਾਂ ਜੋ ਅਗੋਂ ਹਲਤ ਪਲਤ ਸਵਰ ਜਾਏ। ਸਿੱਖ ਸੱਜਣ ਲਈ ਜਾਂ ਅੰਮ੍ਰਿਤ ਛਕਣ ਬਾਰੇ ਕੋਈ ਗੱਲਬਾਤ ਨਾ ਕੀਤੀ। ਉਸ ਕਿਹਾ ਅਸੀਂ ਵੀ ਤਾਂ ਕੈਦੀ ਹਾਂ, ਅਸੀਂ ਅਜੇ ਪਕੜੇ ਨਹੀਂ ਗਏ। ਅਸੀਂ ਅਤਿ ਵਿਕਾਰਾਂ ਦਾ ਜੀਵਨ ਜੀਵਦੇ ਹਾਂ । ਕੀ ਪਤਾ ਆਪ ਨੂੰ ਸਾਹਿਬਾਂ ਨੇ ਜੇਲ੍ਹ ਵਿੱਚ ਇਸ ਲਈ ਭੇਜਿਆ ਹੋਵੇ ਕਿ ਉਸ ਦੇ ਨੇੜੇ ਹੋ ਜਾਓ। ਸਾਹਿਬਾਂ ਦੇ ਚੋਜ ਕਮਾਲ ਹਨ । ਪਰ ਹਾਂ, ਆਪ ਹੁਣ ਉਦਾਸ ਨਾ ਹੋਣਾ, ਹਮੇਸ਼ਾਂ ਨਾਮ ਜਪਣ 'ਤੇ ਆਪ ਨੂੰ ਇਕੱਲੇ ਵੀ ਮਹਿਸੂਸ ਨਹੀਂ ਹੋਵੇਗਾ । ਸਿੱਖ ਨੇ ਕੈਦੀ ਦੇ ਪੈਰ ਪਕੜਨੇ



ਚਾਹੇ ਪਰ ਕੈਦੀ ਨੇ ਪਰ੍ਹੇ ਕਰ ਲਏ ਤੇ ਸ਼ੁਕਰੀਆ ਕਰਕੇ ਚਲਾ ਗਿਆ। ਅਸੀਂ ਬਾਹਰ ਆਏ, ਪੋਲੀਸ ਵਾਲਾ ਅਤਿਅੰਤ ਸ਼ੁਕਰੀਆ ਸਾਡਾ ਕਰ ਰਿਹਾ ਸੀ; ਪਰ ਮੇਰਾ ਸਿੱਖ ਸਾਥੀ ਅਤਿਅੰਤ ਸ਼ੁਕਰ ਸਾਹਿਬਾਂ ਦਾ ਤੇ ਪੋਲੀਸ ਵਾਲੇ ਦਾ ਕਰ ਰਿਹਾ ਸੀ । ਕਿਉਂ ? ਕਹਿਣ ਲੱਗਾ—ਸਾਹਿਬ ਜੀ ਇਸ ਕੂਕਰ ਨੂੰ ਸੇਵਾ ਬਖ਼ਸ਼ੀ ਜੇ, ਆਪਣੇ ਕੰਮ ਆਪੇ ਕਰਦਾ ਹੈ ।

ਅਜੇ ਮੈਂ ਕੁਝ ਦਿਨ ਹੋਰ ਉਸੇ ਸ਼ਹਿਰ ਵਿੱਚ ਰਹਿਣਾ ਸੀ। ਮੈਂ ਆਪਣਾ ਕੰਮ ਕਾਜ ਕਰਕੇ ਉਸ ਸਿੱਖ ਕੋਲ ਚਲਾ ਜਾਇਆ ਕਰਦਾ ਸਾਂ। ਸੰਗਤ ਹੋ ਗਈ; ਪਰ ਮੈਂ ਦੇਖਾਂ ਕਿ ਉਹ ਦੁਨਿਆਵੀ ਜ਼ਰੂਰੀ ਮਤਲਬ ਦੀਆਂ ਗੱਲਾਂ ਤੋਂ ਇਲਾਵਾ ਕੇਵਲ ਸਾਹਿਬਾਂ ਦੀਆਂ ਗੱਲਾਂ ਹੀ ਕਰਦਾ ਸੀ। ਉਸ ਕਦੇ ਨਹੀਂ ਪੁੱਛਿਆ, ਆਪ ਦਾ Business (ਕੰਮ ਕਾਜ) ਕੈਸਾ ਹੈ ਜਾਂ ਆਮਦਨ ਕਿਤਨੀ ਹੈ। ਜਦੋਂ ਮੈਂ ਉਸ ਨੂੰ ਮਿਲਣ ਜਾਵਾਂ, ਉਹ ਕਹਵੇ, ਆਪ ਦੇ ਪੈਰਾਂ ਦਾ ਸਦਕਾ ਅਸੀਂ ਜੇਲ੍ਹ ਵਿੱਚ ਇਕ ਆਪਣੇ ਵੀਰ ਨੂੰ ਮਿਲ ਆਏ ਹਾਂ। ਇਕ ਦਿਨ ਦੁਪਹਿਰ ਨੂੰ ਅਸੀਂ ਇਕੱਠੇ ਬੈਠੇ ਸਾਂ ਤਾਂ ਡਾਕੀਆ ਇਕ ਚਿੱਠੀ ਲਿਆਇਆ । ਉਸ ਚਿੱਠੀ ਖੋਲ੍ਹੀ ਹੈਰਾਨੀ ਨਾਲ, ਕਿਉਂਕਿ ਹੋਰ ਨਮੂਨੇ ਦਾ ਲਿਫ਼ਾਫ਼ਾ ਸੀ। ਖੋਲ੍ਹਦਿਆਂ ਸਾਰ ਤੇ ਸਿਰਲੇਖ ਪੜ੍ਹਦਿਆਂ ਹੀ ਭੁੱਬਾਂ ਮਾਰ ਕੇ ਰੋ ਪਿਆ—"ਮੈਂ ਤੇ ਇਸ ਜੋਗਾ ਨਹੀਂ, ਸਾਹਿਬਾ ਮੈਨੂੰ ਬਖ਼ਸ਼ ਲੈ" ਅੱਖਾਂ ਵਿੱਚ ਅੱਥਰੂ ਭਰੇ ਹੋਏ ਸਨ। ਮੈਂ ਸੰਜੀਦਗੀ ਵਿੱਚ ਪੁੱਛਿਆ—ਕੀ ਗੱਲ ਹੈ?—ਤੇ ਉਸ ਕੋਲੋਂ ਚਿੱਠੀ ਲੈ ਲਈ। ਮੇਰੀ ਜਾਚੇ ਕਿਸੇ ਦੀ ਮੌਤ ਦੀ ਖ਼ਬਰ ਆਈ ਹੈ।

ਚਿੱਠੀ ਉਸ ਕੈਦੀ ਦੀ ਸੀ ਤੇ ਡਾਢੇ ਪਿਆਰ ਵਿੱਚ ਉਸ ਮੇਰੇ ਸਾਥੀ ਨੂੰ "ਪਿਆਰੇ ਗੁਰੂ ਜੀਓ" ਲਿਖਿਆ ਸੀ । ਅਸਾਂ ਰਲ ਕੇ ਚਿੱਠੀ ਪੜ੍ਹੀ ਤੇ ਇਹ ਮੈਂ ਨਾਲ ਹੀ ਲੈ ਆਇਆ ਹਾਂ Written proof (ਲਿਖਤੀ ਸਬੂਤ) ਤੁਹਾਡੇ ਲਈ। ਉਸ ਚਿੱਠੀ ਵਿੱਚ ਸਾਹਿਬਾਂ ਦੀ ਯਾਦ ਹੀ ਸੀ ਤੇ ਇਸ ਗੱਲ ਦੀ ਗਵਾਹੀ ਸੀ ਕਿ ਇਕੋ ਨਾਮ ਵਾਲੀ ਸੰਗਤ ਹਰ ਥਾਂ ਕਾਰ ਆਮਦ ਹੈ। ਆਪ ਚਿੱਠੀ ਸੁਣੋ-ਸਿੱਖੀ ਦਾ ਚਾਅ ਦੇਖੋ—

ੴ ਸਤਿਗੁਰ ਪ੍ਰਸਾਦਿ ॥

ਜੇਲ੍ਹ ਵਿੱਚੋਂ

ਪਿਆਰੇ ਗੁਰੂ ਜੀਓ,

ਸਤਿ ਸ੍ਰੀ ਅਕਾਲ,

ਗੁਰੂ ਜੀ ਆਪ ਜੀ ਨੇ ਮੈਨੂੰ ਪ੍ਰਮਾਤਮਾ ਦਾ ਰਸਤਾ ਦੱਸਿਆ ਹੈ ਕਿ ਧਰਮ ਕੀ ਹੈ ਤੇ ਜੀਵਨ ਕੀ ਹੈ। ਮੈਂ ੪ ਦਿਨ ਤੋਂ ਬਾਅਦ ਇਸ ਗੱਲ

ਪਰ ਅਪੜਿਆ ਹਾਂ ਕਿ ਬੰਦਾ ਹਰ ਇਕ ਚੀਜ਼ ਤੋਂ ਬਗੈਰ ਜੀਅ ਸਕਦਾ ਹੈ । ਲੇਕਨ ਪ੍ਰਮਾਤਮਾ ਦੀ ਬਾਣੀ ਤੇ ਨਾਮ ਤੋਂ ਬਗੈਰ ਨਹੀਂ ਜੀਅ ਸਕਦਾ, ਪ੍ਰਮਾਤਮਾ ਦਾ ਸਿਮਰਨ ਕਰਨ ਨਾਲ ਮਨ ਨੂੰ ਸੁੱਖ-ਸ਼ਾਂਤੀ ਤੇ ਅਨੰਦ ਮਿਲਦਾ ਹੈ; ਹਰ ਵੇਲੇ ਸਰੀਰ ਪ੍ਰਫੁੱਲਿਤ ਰਹਿੰਦਾ ਹੈ।

ਮੈਂ ਆਪ ਜੀ ਨੂੰ ਗੁਰੂ ਮੰਨਦਾ ਹਾਂ ਤੇ ਆਪ ਜੀ ਮੈਨੂੰ ਪ੍ਰਮਾਤਮਾ ਪਾਸ ਪਹੁੰਚਣ ਤੇ ਉਸ ਦੀ ਸੇਵਾ ਕਰਨ ਦਾ ਵਰਦਾਨ ਦਿਓ । ਮੈਨੂੰ ਅੱਜ ਜਾਗ ਆਈ ਹੈ, ਪਹਿਲੇ ਤਾਂ ਮੈਂ ਸੁੱਤਾ ਰਿਹਾ ਹਾਂ।

ਗੁਰੂ ਜੀ ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਇੱਥੇ ਜੇਲ੍ਹ ਵਿੱਚ ਮੈਂ ਪਹਿਲਾਂ ਸਭ ਕੁਝ ਖਾਂਦਾ ਰਿਹਾ ਹਾਂ; ਪਰ ਜਿਸ ਦਿਨ ਦੇ ਆਪ ਮਿਲ ਕੇ ਗਏ ਹੋ ਮੈਂ ਸਭ ਕੁਝ ਖਾਣਾ ਛੱਡ ਦਿੱਤਾ ਹੈ।

ਮੈਂ ਇਨ੍ਹਾਂ ਨੂੰ ਵੀ ਕਿਹਾ ਸੀ ਜਾਣੀ ਸੋਮਵਾਰ ਕਿ ਮੈਨੂੰ ਸਬਜ਼ੀ ਆਦਿ ਦਿਓ ਤੇ ਉਹ ਚਰਬੀ ਆਦਿ ਵਿੱਚ ਬਣੀ ਨਾ ਹੋਵੇ, ਅਜੇ ਤਕ ਕਿਸੇ ਨੇ ਗੱਲ ਨਹੀਂ ਸੁਣੀ। ਅੱਗੋਂ ਜਵਾਬ ਦਿੰਦੇ ਹਨ ਕਿ ਤੂੰ ਪਹਿਲਾਂ ਸਭ ਕੁਝ ਖਾਂਦਾ ਸੀ ਹੁਣ ਕਿਉਂ ਨਹੀਂ ਖਾਂਦਾ। ਗੁਰੂ ਜੀ ਹੁਣ ਕੁਝ ਵੀ ਹੋ ਜਾਵੇ ਮੈਂ ਕੁਝ ਨਹੀਂ ਖਾਵਾਂਗਾ, ਦੇਣ ਜਾਂ ਨਾ ਦੇਣ । ਦੂਜਾ ਕੰਮ ਇਹ ਹੈ ਗੁਰੂ ਜੀ ਕਿ ਮੇਰੇ ਸਾਮਾਨ ਵਿੱਚ ਮੇਰਾ ਕੜਾ ਤੇ ਕੰਘਾ ਪਏ ਹਨ । ਉਹ ਇਨ੍ਹਾਂ ਨੂੰ ਕਹਿ ਕੇ ਦਿਵਾ ਦਿਓ ਤੇ ਪੱਗ ਲਈ ਵੀ ਇਜਾਜ਼ਤ ਦਿਵਾ ਦਿਉ, ਤਾਂ ਕਿ ਮੈਂ ਇੰਡੀਆ ਤੋਂ ਮੰਗਵਾ ਸਕਾਂ ਤੇ ਆਪਣੇ ਧਰਮ ਵਿੱਚ ਹਾਜ਼ਰ ਹੋ ਸਕਾਂ ।

ਇਹ ਸਾਰੇ ਕੰਮ ਹੋ ਸਕਦੇ ਹਨ । ਤੁਸੀਂ ਇਕ ਚਿੱਠੀ ਡਾਇਰੈਕਟਰ ਸਾਹਿਬ ਨੂੰ ਇਨ੍ਹਾਂ ਦੀ ਬੋਲੀ ਵਿੱਚ ਭੇਜ ਦਿਉ, ਕਿਉਂਕਿ ਸਾਨੂੰ ਤੇ ਬੋਲੀ ਆਉਂਦੀ ਨਹੀਂ, ਜੇ ਆਉਂਦੀ ਹੈ ਤਾਂ ਇਹ ਸਮਝ ਨਹੀਂ ਸਕਦੇ।

ਗੁਰੂ ਜੀ ਇਹ ਆਪ ਜੀ ਨੂੰ ਮੈਂ ਬੇਨਤੀ ਕਰਦਾ ਹਾਂ । ਖਾਣੇ ਅਤੇ ਕੜੇ ਤੇ ਪੱਗ ਦਾ ਕੰਮ ਕਰਾ ਦਿਓ ।

ਗੁਰੂ ਜੀ ਜੇ ਆਪ ਜੀ ਪਾਸ ਗੁਟਕਾ ਹੋਵੇ ਤਾਂ ਭੇਜ ਦਿਓ । ਕਿਉਂਕਿ ਅਸੀਂ ਦੋ ਪੰਜਾਬੀ ਹਾਂ ਤੇ ਗੁਟਕਾ ਸਾਡੇ ਪਾਸ ਇਕ ਹੈ। ਜੇ ਮੇਰੇ ਪਾਸ ਰਹਿੰਦਾ ਹੈ ਤਾਂ ਉਸ ਦਾ ਤੜਕੇ ਉੱਠਣਾ ਬੇਫ਼ਾਇਦਾ ਹੋ ਜਾਂਦਾ ਹੈ ਤੇ ਜੇ ਉਸ ਪਾਸ ਗੁਟਕਾ ਚਲਾ ਜਾਂਦਾ ਹੈ ਤਾਂ ਮੇਰਾ ਉੱਠਣਾ ਬੇਕਾਰ ਜਾਂਦਾ ਹੈ। ਬੇਕਾਰ ਤੇ ਜਾਂਦਾ ਨਹੀਂ ਕਿਉਂਕਿ ਸਤਿਨਾਮ ਵਾਹਿਗੁਰੂ ਜੀ ਜਪ ਲਈਦਾ ਹੈ। ਲੇਕਨ ਉਹ ਅਨੰਦ ਨਹੀਂ ਆਉਂਦਾ ਜੋ ਬਾਣੀ ਪੜ੍ਹਨ ਵਿੱਚ ਆਉਂਦਾ ਹੈ। ਕਦੀ ਅੱਖ ਲੱਗ ਜਾਂਦੀ ਹੈ ਕਦੀ ਖੁੱਲ੍ਹ ਜਾਂਦੀ ਹੈ। ਗੁਟਕੇ ਨਾਲ ਨਹੀਂ ਹੁੰਦੀ ।

ਗੁਰੂ ਜੀ ਮੈਂ ਤੁਹਾਡਾ ਦਾਸ ਹਾਂ, ਤੁਹਾਡੇ ਚਰਨਾਂ ਦੀ ਧੂੜ ਹਾਂ। ਮੇਰੀ



ਬੇਨਤੀ ਪ੍ਰਵਾਨ ਕਰਨੀ ਤੇ ਗੁਰੂ ਜੀ ਮੈਨੂੰ ਪੱਤਰ ਵਿੱਚ ਪ੍ਰਮਾਤਮਾ ਜੀ ਨੂੰ ਮਿਲਣ ਵਾਲੇ ਗਿਆਨ ਬਾਰੇ ਗੱਲਾਂ ਲਿਖ ਕੇ ਭੇਜਿਆ ਕਰੋ।

ਗੁਰੂ ਜੀ ਆਪ ਜੀ ਨੇ ਬਹੁਤ ਦੇਰ ਬਾਅਦ ਦਰਸ਼ਨ ਦਿੱਤੇ ਹਨ, ਜੇ ਤਿੰਨ ਸਾਲ ਪਹਿਲਾਂ ਮਿਲ ਗਏ ਹੁੰਦੇ ਤਾਂ ਜ਼ਿੰਦਗੀ ਦਾ ਅਨੰਦ ਮਿਲ ਗਿਆ ਹੁੰਦਾ; ਖ਼ੈਰ! ਹੁਣ ਮੈਂ ਅੱਗੇ ਉਸ ਨੂੰ ਸੋਧਾਂਗਾ।

ਗੁਰੂ ਜੀ ਜੇ ਖ਼ਤ ਵਿੱਚ ਕੋਈ ਗ਼ਲਤ ਗੱਲ ਜਾਂ ਕੋਈ ਹੋਰ ਗ਼ਲਤੀ ਹੋ ਗਈ ਹੋਵੇ ਤਾਂ ਦਾਸ ਸਮਝ ਕਿ ਮੁਆਫ਼ ਕਰਨਾ ਤੇ ਉਸ ਗ਼ਲਤੀ ਨੂੰ ਸੋਧਣ ਲਈ ਮੈਨੂੰ ਪ੍ਰੇਰਨਾ ਦੇਣਾ ।

ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹੋਵਾਂਗਾ ।

ਸਤਿ ਸ੍ਰੀ ਅਕਾਲ! ਤੁਹਾਡਾ ਦਾਸ,

… … …

ਚਿੱਠੀ ਪੜ੍ਹਦਿਆਂ ਸਾਰ ਹੀ ਮੇਰੇ ਸਾਥੀ ਨੇ ਉਸ ਵੇਲੇ ਰੋਂਦਿਆਂ-ਰੋਂਦਿਆਂ ਮੇਰੇ ਸਾਹਮਣੇ ਕੁਝ ਇੰਵ ਜਵਾਬ ਦਿੱਤਾ ।

"ਗੁਰਮੁੱਖ ਵੀਰ ਜੀਓ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਦੀ ਕੀ ਫ਼ਤਹਿ !

ਮੈਂ ਤਾਂ ਇਕ ਗੁਰੂ ਦੇ ਟੁਕੜਿਆਂ 'ਤੇ ਪਲਣ ਵਾਲਾ ਕੂਕਰ ਹਾਂ। ਆਪ ਨੇ ਮੈਨੂੰ 'ਗੁਰੂ' ਕਿਉਂ ਲਿਖਿਆ ਹੈ । ਸਾਡਾ ਸਾਰਿਆਂ ਦਾ ਗੁਰੂ ਤਾਂ ਹੈ ਗੁਰੂ ਗ੍ਰੰਥ ਸਾਹਿਬ ਮਹਾਰਾਜ! ਮੈਂ ਆਪ ਦੇ ਚਰਨਾਂ ਦਾ ਨਿਮਾਣਾ ਦਾਸ ਹਾਂ। ਆਪ ਦਾ ਅਹਿਸਾਨ ਮੇਰੇ 'ਤੇ ਹੈ, ਆਪ ਦੇ ਕਾਰਣ ਸਾਹਿਬਾਂ ਦੀ ਯਾਦ ਆ ਗਈ। —'ਨੌਕਰ'

ਇਹ ਚਿੱਠੀ ਉਸੇ ਵੇਲੇ ਪਾ ਦਿੱਤੀ ਗਈ ਤੇ ਜਿਸ ਦਿਨ ਮੈਂ ਚਲਣਾ ਸੀ ਉਸ ਕੈਦੀ ਦਾ ਜਵਾਬ ਆਇਆ ਤੇ ਮੇਰੇ ਸਾਥੀ ਨੂੰ address ਕੀਤਾ ਸੀ:

"ਗੁਰ ਸਿੰਘ ਸਾਹਿਬ ਜੀਓ" ਚਿੱਠੀ ਸਤਿਸੰਗ ਤੇ ਬਾਣੀ ਬਾਰੇ ਹੀ ਸੀ ਤੇ ਮੇਰਾ ਸਾਥੀ ਹੁਣ ਖੁਸ਼ ਸੀ। ਚਿੱਠੀ ਵਿੱਚ ਇਵੇਂ ਲਿਖਿਆ ਸੀ।

ੴ ਸਤਿਗੁਰ ਪ੍ਰਸਾਦਿ ॥

ਜੇਲ੍ਹ ਵਿਚੋਂ

ਸਤਿਕਾਰ ਯੋਗ ਗੁਰੂ ਸਿੰਘ ਜੀਓ,

ਸਤਿ ਸ੍ਰੀ ਅਕਾਲ,

ਗੁਰ ਸਿੰਘ ਜੀਓ, ਮੈਂ ਆਪ ਜੀ ਪਾਸੋਂ ਮੁਆਫ਼ੀ ਮੰਗਦਾ ਹਾਂ ਕਿਉਂਕਿ ਪੱਤਰ ਨੂੰ ਦੇਰ ਹੋ ਗਈ ਹੈ। ਮੈਂ ਕੁਛ ਚੱਕਰ ਵਿੱਚ ਫਸ ਗਿਆ ਸੀ। ਅੱਜ ਐਤਵਾਰ ਹੈ ਤੇ ਚਿੱਠੀ ਲਿਖ ਰਿਹਾ ਹਾਂ।

ਆਪ ਜੀ ਦੀ ਚਿੱਠੀ ਤੇ ਰਸਾਲੇ ਮਿਲ ਗਏ ਸਨ। ਰਸਾਲੇ ਕਾਫ਼ੀ ਦੇਰ ਨਾਲ ਮਿਲੇ ਸਨ ਕਿਉਂਕਿ ਚੈੱਕ ਆਦਿ ਹੋ ਕੇ ਆਉਂਦੇ ਹਨ।

ਗੁਰੂ ਸਿੰਘ ਜੀਓ, ਹਰ ਰੋਜ਼ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਜੀਓ ਸਾਨੂੰ ਨਾਮ ਦਾਨ ਦਿਓ ਤੇ ਇਸ ਪਾਪਾਂ ਤੋਂ ਬਾਹਰ ਕੱਢੋ, ਪ੍ਰਮਾਤਮਾ ਜੀਓ ਤੂੰ ਸਭ ਨੂੰ ਬਖ਼ਸ਼ਣਹਾਰ ਹੈਂ। ਸਾਨੂੰ ਵੀ ਬਖ਼ਸ਼ ਦਿਓ।

ਗੁਰੂ ਸਿੰਘ ਜੀਓ ਸੁਖਮਨੀ ਸਾਹਿਬ ਜੀ ਵਿੱਚ ਅੰਗ ੧੭੧ 'ਤੇ ਲਿਖਿਆ ਹੋਇਆ ਹੈ।

**ਸਾਧਸੰਗਿ ਦੁਸਮਨ ਸਭਿ ਮੀਤ ॥**
**ਸਾਧੂ ਕੈ ਸੰਗਿ ਮਹਾ ਪੁਨੀਤ ॥**
**ਸਾਧਸੰਗਿ ਕਿਸ ਸਿਉ ਨਹੀ ਬੈਰੁ ॥**
**ਸਾਧ ਕੈ ਸੰਗਿ ਨਾ ਬੀਗਾ ਪੈਰੁ ॥** (ਅੰਗ ੨੭੧)

ਪ੍ਰਮਾਤਮਾ ਜੀ ਕਹਿੰਦੇ ਹਨ: ਜੋ ਵਾਹਿਗੁਰੂ ਜੀ ਦਾ ਨਾਮ ਜਪਣ ਵਾਲਾ ਹੈ ਉਸ ਦੀ ਕਿਸੇ ਨਾਲ ਕੋਈ ਦੁਸ਼ਮਣੀ, ਵੈਰ-ਵਿਰੋਧ ਨਹੀਂ ਹੁੰਦਾ, ਉਸ ਦੇ ਸਭ ਭਰਾ ਹਨ। ਉਹ ਸਭ ਨਾਲ ਭਰਾਵਾਂ ਵਾਂਗ ਰਹਿੰਦਾ ਹੈ। ਉਹ ਕਿਸੇ ਨੂੰ ਬੁਰਾ ਨਹੀਂ ਕਹਿੰਦਾ ।

ਬੱਸ ਗੱਲ ਕੀ ਕਿ ਪ੍ਰਮਾਤਮਾ ਜੀ ਬਗੈਰ ਕਿਸੇ ਇਨਸਾਨ ਦੀ ਗਤੀ ਨਹੀਂ ਹੁੰਦੀ ।

ਜੋ ਇਨਸਾਨ ਪ੍ਰਮਾਤਮਾ ਜੀ ਨੂੰ ਭੁੱਲ ਜਾਂਦਾ ਹੈ ਉਹ ਦੁਨੀਆਂ 'ਤੇ ਭਟਕਦਾ ਰਹਿੰਦਾ ਹੈ, ਉਸ ਦੀ ਗਤ ਨਹੀਂ ਹੁੰਦੀ ।

ਜਦ ਇਨਸਾਨ ਮਾਤਾ ਦੇ ਪੇਟ ਵਿੱਚ ਹੁੰਦਾ ਹੈ ਤਾਂ ਦੋਵੇਂ ਹੱਥ ਜੋੜ ਕੇ ਪ੍ਰਮਾਤਮਾ ਜੀ ਅੱਗੇ ਬੇਨਤੀ ਕਰਦਾ ਰਹਿੰਦਾ ਹੈ ਕਿ ਹੇ ਪ੍ਰਮਾਤਮਾ ਜੀਓ, ਮੈਨੂੰ ਗ਼ੰਦਗੀ ਤੋਂ ਬਾਹਰ ਕੱਢੋ; ਲੇਕਨ ਬਾਹਰ ਆ ਕੇ ਉਹ ਪ੍ਰਮਾਤਮਾ ਨੂੰ ਭੁੱਲ ਜਾਂਦਾ ਹੈ—ਤੇ ਫਿਰ ਉਸ ਗ਼ੰਦਗੀ ਵਿੱਚ ਚਲਿਆ ਜਾਂਦਾ ਹੈ ਭਾਵ ਉਸ ਦੀ ਗਤ ਨਹੀਂ ਹੁੰਦੀ। ਜੋ ਪ੍ਰਮਾਤਮਾ ਜੀ ਦਾ ਨਾਂ ਬਾਹਰ ਆ ਕੇ ਵੀ ਹਰ ਵੇਲੇ ਸਿਮਰਦਾ ਹੈ ਉਹ ਇਨਸਾਨ ਸਿੱਧਾ ਵਾਹਿਗੁਰੂ ਜੀ ਦੇ ਦਰਬਾਰ ਵਿੱਚ ਚਲਿਆ ਜਾਂਦਾ ਹੈ ਤੇ ਅਨੰਦ ਖ਼ੁਸ਼ੀਆਂ ਮਾਣਦਾ ਹੈ, ਜੋ ਸੱਚੇ ਦਿਲ ਨਾਲ ਜਾਪ ਕਰਦਾ ਹੈ, ਜੋ ਇਨਸਾਨ ਵਾਹਿਗੁਰੂ ਜੀ ਦਾ ਨਾਂ ਹਰ ਵੇਲੇ ਲੈਂਦਾ ਹੈ; ਲੇਕਨ ਉਸ ਦੇ ਅੰਦਰ ਲੋਭ, ਹੰਕਾਰ, ਵੈਰ-ਵਿਰੋਧ ਆਦਿ ਭਰਿਆ ਹੋਵੇ ਤਾਂ ਗੱਲ ਨਹੀਂ ਬਣਦੀ ।

ਜਿਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਸੁਖਮਨੀ ਸਾਹਿਬ ਵਿੱਚ ਲਿਖਿਆ ਹੈ:



**ਕਰਤੂਤਿ ਪਸੂ ਕੀ ਮਾਨਸ ਜਾਤਿ॥**
**ਲੋਕ ਪਚਾਰਾ ਕਰੈ ਦਿਨ ਰਾਤਿ॥**
**ਬਾਹਰਿ ਭੇਖ ਅੰਤਰਿ ਮਲੁ ਮਾਇਆ ॥**
**ਛਪਸਿ ਨਾਹਿ ਕਛੁ ਕਰੈ ਛਪਾਇਆ ॥**
**ਬਾਹਰਿ ਗਿਆਨ ਧਿਆਨ ਇਸਨਾਨ ॥**
**ਅੰਤਰਿ ਬਿਆਪੈ ਲੋਭੁ ਸੁਆਨੁ ॥**
**ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥**
**ਗਲਿ ਪਾਥਰ ਕੈਸੇ ਤਰੈ ਅਥਾਹ ॥** (ਅੰਗ ੨੬੭)

ਗੁਰੂ ਸਿੰਘ ਜੀਓ । cassette (ਟੇਪ) ਜੋ ਆਪ ਜੀ ਨੇ ਦਿੱਤਾ ਸੀ ਬਹੁਤ ਹੀ ਅਨੰਦ ਵਾਲਾ ਹੈ । ਮੈਂ ਹਰ ਵੇਲੇ ਸੁਣਦਾ ਰਹਿੰਦਾ ਹਾਂ। ਭਾਈ ਸਾਹਿਬ ਜੋ ਕਹਿੰਦੇ ਹਨ—ਪ੍ਰਮਾਤਮਾ ਜੀ ਬਹੁਤ ਦਾਨ ਦੇਣ ਨਾਲ, ਅਕਲ ਜਾਂ ਚਤੁਰਾਈ ਨਾਲ ਵੱਸ ਨਹੀਂ ਹੁੰਦਾ। ਪ੍ਰਮਾਤਮਾ ਦੀ ਭਗਤੀ ਕਰਨ ਨਾਲ ਹਾਸਲ ਹੁੰਦਾ ਹੈ ।"......ਤੂੰ ਭਗਤਾ ਦੇ" ਗੁਰੂ ਸਿੰਘ ਜੀਓ ਜੇ ਪੱਤਰ ਵਿੱਚ ਕੋਈ ਗ਼ਲਤੀ ਹੋ ਗਈ ਹੋਵੇ ਤਾਂ ਆਪਣਾ ਬੱਚਾ ਸਮਝ ਕੇ ਮੁਆਫ਼ ਕਰ ਦੇਣਾ ।

"ਸਤਿ ਸ੍ਰੀ ਅਕਾਲ"

ਤੁਹਾਡਾ ਦਾਸ

... ... ...

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਮੇਰੀ ਯਾਤਰਾ ਹੁਣ ਮੁੱਕ ਚੁੱਕੀ ਸੀ । VISA (ਵੀਜਾ) ਵੀ ਨਹੀਂ ਸੀ, ਪਰ ਮੈਂ ਕੁਝ ਦੇਰ ਹੋਰ ਆਪਣੇ ਸਾਥੀ ਨਾਲ ਸੰਗਤ ਕਰ ਕੇ ਮੁੜਿਆ ਤਾਂ ਮੇਰੇ ਮਨ ਵਿੱਚ ਇਹ ਤੁਕਾਂ ਬੋਲ ਰਹੀਆਂ ਸਨ ।

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥**

(ਅੰ:੭੨)

* * * * * * *

ਚਾਚਾ ਜੀ ਹੁਣ ਚੁੱਪ ਕਰ ਗਏ, ਪਰ ਬੜੇ ਪ੍ਰੇਮ ਵਿੱਚ ਸਨ । ਸਾਨੂੰ ਸਾਰਿਆਂ ਨੂੰ ਚਾਹ ਰੋਟੀ ਭੁੱਲ ਚੁੱਕੀ ਸੀ; ਪਰ ਚਾਚਾ ਜੀ ਦਾ ਖਿੜਿਆ ਚਿਹਰਾ ਦੇਖ ਕੇ ਅਸੀਂ ਸਾਹਿਬਾਂ ਦਾ ਧੰਨਵਾਦ ਕਰ ਰਹੇ ਸਾਂ ਕਿ ਹੁਣ ਜਦੋਂ

ਵੀ ਚਾਚਾ ਜੀ ਆਣਗੇ ਰੱਜ ਕੇ ਵਾਹਿਗੁਰੂ ਦੇ ਨਾਮ ਦੀ ਸੰਗਤ ਹੋਇਆ ਕਰੇਗੀ। ਪਰ ਚਾਚਾ ਜੀ ਨੇ ਮਲਕੜੇ ਜਿਹੇ ਮੇਰੀ ਪਤਨੀ ਦੇ ਤੇ ਮੇਰੇ ਪੈਰਾਂ ਨੂੰ ਹੱਥ ਲਾ ਲਿਆ। ਆਖਣ ਲੱਗੇ, ਮੈਨੂੰ ਖਿਮਾ ਕਰੋ, ਮੈਂ ਕੋਈ ਬੇਅਦਬੀ ਵਿੱਚ ਸਾਹਿਬਾਂ ਦੀ ਵਡਿਆਈ ਦੇ ਉਲਟ ਬੋਲਿਆ । ਅਸੀਂ ਦੋਨੋਂ ਤਾਂ ਚੰਬੜ ਗਏ ਉਨ੍ਹਾਂ ਦੇ ਚਰਨਾਂ ਨੂੰ । ਅਸੀਂ ਕਹਿ ਰਹੇ ਸਾਂ—ਚਾਚਾ ਜੀ ਦੇਖੋ, ਆਪ ਦਾ ਹਿਰਦਾ ਸ਼ੁੱਧ ਸੀ ਨਾ, ਤਾਂ ਆਪ ਨੂੰ ਸਾਹਿਬਾਂ ਨੇ ਸੰਗਤ ਦਾ ਕ੍ਰਿਸ਼ਮਾ ਪਰਤਾਅ ਦਿਖਾਇਆ। ਜੇ ਸਾਡੇ ਵਿੱਚ ਸੁੱਚਤਾ ਹੋਵੇ ਤਾਂ ਸਾਡੇ ਵੀ ਭਾਗ ਜਾਗਣ। ਅਸੀਂ ਤਾਂ Routine (ਸਦਾ) ਵਾਂਗ ਪਾਠ ਕਰੀ ਜਾ ਰਹੇ ਹਾਂ। ਚਾਚਾ ਜੀ ਜਾਣਦੇ ਸਨ ਕਿ ਇਸ ਵਿੱਚ ਸੱਚਾਈ ਹੈ, ਇਹ ਵੀ ਜਾਣਦੇ ਸਨ ਕਿ ਅਸੀਂ ਰਿਵਾਜਨ ਘੋਟੇ ਲਾ ਰਹੇ ਸਾਂ ਪਾਠ ਦੇ; ਪਰ ਉਨ੍ਹਾਂ ਸਾਡਾ ਮਾਣ ਰੱਖਿਆ। ਕਹਿਣ ਲੱਗੇ ਤੁਸੀਂ ਮਾਣਯੋਗ ਹੋ ਕਿਉਂਕਿ ਅੱਜ ਜੋ ਮੈਂ ਨਜ਼ਾਰਾ ਦੇਖ ਕੇ ਆਇਆ ਹਾਂ, ਇਹ ਕੇਵਲ ਆਪ ਦੇ ਘਰ ਹੀ ਸੁਣਾ ਸਕਦਾ ਸਾਂ । ਜਿਹੜੇ Routine (ਸਦਾ) ਵੀ ਨਹੀਂ ਕਰਦੇ, ਉਨ੍ਹਾਂ ਨੂੰ ਤਾਂ ਨਹੀਂ ਸਾਂ ਸੁਣਾ ਸਕਦੇ । ਪਰ ਆਓ, ਹੁਣ ਹਮੇਸ਼ਾਂ ਲਈ ਇਹ ਜਾਣ ਲਈਏ ਕਿ ਸਤਿ ਸੰਗਤਿ ਦੀ ਮਹਿਮਾ ਅਕੱਥ ਹੈ।

**ਕਾਨੜਾ ਮਹਲਾ ੫ ॥**

**ਬਿਸਰਿ ਗਈ ਸਭ ਤਾਤਿ ਪਰਾਈ ॥**

**ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ਰਹਾਉ ॥**

**ਨਾ ਕੋ ਬੈਰੀ ਨਹੀ ਬਿਗਾਨਾ**

**ਸਗਲ ਸੰਗਿ ਹਮ ਕਉ ਬਨਿ ਆਈ ॥** (ਅੰਗ ੧੨੯੯)

ਮੇਰੀ ਰੀਝ ਹੈ ਸਭ ਸਿੱਖ ਸੰਗਤਾਂ ਦੇ ਚਰਨ ਪਕੜ ਕੇ ਆਖਾਂ—ਪਿਆਰਿਓ! ਨਿਰੋਲ ਨਾਮ ਦੀ ਸੰਗਤ ਕਰਿਆ ਕਰੀਏ। ਅਸੀਂ ਦੁਨੀਆਂ ਦੀਆਂ ਵਡਿਆਈਆਂ ਤੇ ਲੋਕਾਚਾਰੀਆਂ ਵਿੱਚ ਪੈ ਕੇ ਗੁਰੂ ਕੇ ਬਖ਼ਸ਼ੇ ਹੋਏ ਸਾਧ ਸੰਗਤ ਦੇ ਰਿਸ਼ਤਿਆਂ ਵਿੱਚ ਵੀ ਸ਼ਗਨਾਂ ਦੀ ਮੰਡੀ ਦਾ ਮੁੱਲ ਪਾ ਕੇ ਆਪਣਾ ਆਪ ਭੁੱਲ ਜਾਂਦੇ ਹਾਂ। ਸਾਹਿਬਾਂ ਦਾ ਹੁਕਮ ਅਟੱਲ ਹੈ:

੧. ਗੁਰਸਿਖਾਂ ਦੀ ਸਾਂਝ ਕੇਵਲ ਨਾਮ ਦੀ ਹੈ।

੨. ਭਗਤਾਂ ਦੀ ਵਰਤਣ ਕੇਵਲ ਨਾਮ ਹੈ।

੩. ਨਾਮ ਤੋਂ ਬਿਨਾਂ ਸਭ ਝੂਠੇ ਭਾਈਚਾਰੇ ਹਨ।

੪. ਨਾਮ ਤੋਂ ਬਿਨਾਂ ਕੂੜ ਦੀ ਸਾਂਝ ਹੈ।



੫. ਨਾਮ ਦੀ ਸਾਂਝ ਹੀ ਇਨਸਾਨੀਅਤ ਪੈਦਾ ਕਰਦੀ ਹੈ।

ਜੇ ਨਾਮ ਦੇ ਨਾਲ-ਨਾਲ ਦੁਨਿਆਵੀ ਭਾਈਚਾਰੇ ਦੀ ਸੰਗਤ ਤੇ ਰਿਵਾਜ ਨਹੀਂ ਛੱਡਦੇ ਤਾਂ 'ਨਾਮ' ਦੀ ਸੰਗਤ ਦੇ ਭੇਖ ਹੇਠਾਂ ਲੋਕ-ਪਚਾਰੇ ਵਿੱਚ ਦੂਜਿਆਂ ਨਾਲ ਵੈਰ, ਦੂਜਿਆਂ ਦੀ ਨਿੰਦਿਆ, ਦੂਜਿਆਂ ਨਾਲ ਨਫ਼ਰਤ ਇਸ ਭੁਲੇਖੇ ਹੇਠ ਕਰਨ ਲੱਗ ਜਾਂਦੇ ਹਾਂ ਕਿ-

੧. ਉਹ ਤਾਂ ਭੈੜਾ ਹੈ, ਕੈਦੀ ਹੈ, ਕੰਜਰੀ ਹੈ।

੨. ਉਹ ਤਾਂ ਮੰਦਰ ਵਿੱਚ ਵੀ ਕੀਰਤਨ ਕਰ ਲੈਂਦੀ ਹੈ।

੩. ਉਹ ਤਾਂ ਸਭ ਨਾਲ ਪਿਆਰ ਕਰਦਾ ਹੈ, ਬੰਦਾ ਕੁਬੰਦਾ ਤੱਕਦਾ ਹੀ ਨਹੀਂ ।

੪. ਉਹ ਤਾਂ ਮੁਸਲਮਾਨਾਂ ਦੇ ਹੱਥੋਂ ਖਾ ਲੈਂਦਾ ਹੈ।

੫. ਉਹ ਤਾਂ ਵਰਤ ਰੱਖਦਾ ਹੈ। ਆਉ, ਯਾਦ ਰੱਖੀਏ ਸਾਹਿਬ ਕਹਿੰਦੇ ਹਨ:

**ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥**

**ਮੰਦਾ ਕਿਸੈ ਨਾ ਆਖੀਐ ਪੜਿ ਅਖਰੁ ਏਹੋ ਬੁਝੀਐ ॥**

(ਆਸਾ ਦੀ ਵਾਰ, ਅੰਗ ੪੭੩)

ਇਕ ਮੇਰਾ ਸਿੱਖ ਵੀਰ ਕਹਿੰਦਾ ਸੀ ਕਿ ਜਦ ਮੈਂ ਆਪਣੇ ਦਫ਼ਤਰ ਤੋਂ ਨਿਕਲਦਾ ਹਾਂ ਤਾਂ ਗਲੀਆਂ ਵਿੱਚ ਕੰਜਰੀਆਂ ਖੜ੍ਹੀਆਂ ਹੁੰਦੀਆਂ ਹਨ, ਤਾਂ ਦੇਖ ਕੇ ਮੇਰਾ ਮਨ ਕਹਿੰਦਾ ਹੈ ਬੱਚੀਓ, ਇਹ ਕੀ ਕਰਦੀਆਂ ਹੋ ਤੇ ਜੇ ਇਸ ਵਿੱਚ ਫਸੀਆਂ ਹੋਈਆਂ ਹੋ ਗੁੰਡਿਆਂ ਦੇ ਸ਼ਿਕੰਜੇ ਵਿੱਚ, ਤਾਂ ਵਾਹਿਗੁਰੂ ਤੁਹਾਡਾ ਭਲਾ ਕਰੇ। ਉਹ ਕਹਿੰਦਾ ਸੀ ਇਨ੍ਹਾਂ ਨੂੰ ਵੀ ਭੈੜਾ ਕਹਿਣਾ ਸਾਹਿਬਾਂ ਦੇ ਹੁਕਮ ਦੇ ਉਲਟ ਹੈ; ਪਰ ਇਹ ਚੇਤੇ ਤਾਂ ਹੀ ਰਹਿ ਸਕਦਾ ਹੈ ਜੇ

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ॥**

(ਅੰਗ ੭੨)

ਇਸ 'ਤੇ ਅਮਲ ਕਰੀਏ ।

***

## (ਦੁਖ ਦਾਰੂ ਸੁਖੁ ਰੋਗੁ ਭਇਆ)

ਕਿਤਨੀ ਅਸਲੀਅਤ ਹੈ ਹਰ ਗੁਰ ਸ਼ਬਦ ਵਿੱਚ, ਹਰ ਬਾਣੀ ਦੇ ਨਿਯਮ ਵਿੱਚ 'ਤੇ ਹਰ ਲਫ਼ਜ਼ ਦੀ ਆਵਾਜ਼ ਵਿੱਚ ! ਕਿਤਨਾ ਸੁਭਾਗ ਹੈ ਸਿੱਖਾਂ ਦਾ ! ਗੁਰੂ ਨੂੰ ਟੋਲਣ ਨਹੀਂ ਜਾਣਾ ਅਤੇ ਫੇਰ ਵੀ ਗੁਰੂ ਦੀ ਲੋੜ ਤੇ ਮਹਾਨ ਉਪਦੇਸ਼ ਮਿਲਣੇ। ਸਦਕੇ ਕਿਵੇਂ ਨਾ ਜਾਈਏ ਗੁਰੂ ਨਾਨਕ ਤੋਂ ਜਿਸ ਨੇ—

੧. ਮਹਾਨ ਉੱਚਤਾ ਦਾ ਪ੍ਰਤੀਕ ਹੁੰਦਿਆਂ ਵੀ **"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥"**(ਅੰਗ ੧੫) ਬਣ ਕੇ ਨਿਮਰਤਾ ਅਪਣਾਈ ਤੇ ਨਿਮਾਣਿਆਂ ਨੂੰ ਮਾਣ ਜੋਗ ਕਰ ਦਿੱਤਾ।

੨. ਇਨਸਾਨ ਨੂੰ ਆਪਣੇ ਮਾਲਕ ਦੀ ਲੋੜ ਦਾ ਵਿਸ਼ਵਾਸ ਕਰਵਾ ਕੇ ਉਸ ਲੋੜ ਨੂੰ ਆਪਣੇ ਮਨ 'ਤੇ ਕਾਬੂ ਕਰਨ ਦੀ ਪੜ੍ਹਾਈ ਨਾਲ ਪੂਰਨ ਕਰਨ ਜੋਗਾ ਕੀਤਾ।

੩. ਪਖੰਡ ਤੇ ਕਿਤਾਬੀ ਗਿਆਨ ਦੇ ਪਿੱਛੇ ਲੁਕੀ ਮਾਇਆ ਦੀ ਦੀਵਾਰ ਨੂੰ ਤੋੜ ਕੇ "ਨਾਮ" ਦੀ ਰੋਸ਼ਨੀ ਦਿਖਾਈ ਤੇ ਧਰਮ ਨੂੰ ਗ੍ਰਿਹਸਥੀ ਦਾ ਵੀ ੨੪ ਘੰਟੇ ਦਾ ਕੰਮ ਬਣਾ ਦਿੱਤਾ ।

੪. ਕਿਰਤ ਕਰਕੇ, ਜੋ ਕੁਝ ਮਿਲੇ ਉਸ ਨੂੰ ਵੰਡ ਕੇ ਛਕਣ ਦੀ ਆਦਤ ਪਾ ਕੇ ਸ਼ੁਕਰ ਮੰਨਣ ਦੀ ਆਦਤ ਦਿੱਤੀ।

੫. ਆਪਣੀ ਜੋਤ Permanently (ਹਮੇਸ਼ਾਂ ਲਈ) ਸਾਡੇ ਕੋਲ ਛੱਡ ਗਿਆ, ਇਕ ਲੜੀ ਦੇ ਜ਼ਰੀਏ। ਜੋਤ ਦਾ ਪ੍ਰਕਾਸ਼ ਹਰ ਘੜੀ, ਹਰ ਵਕਤ ਸਾਨੂੰ ਅੰਧੇਰੇ 'ਚੋਂ ਕੱਢ ਸਕੇ, ਇਸ ਵੀਚਾਰ ਨਾਲ ਆਪ ਗੁਰੂ ਗ੍ਰੰਥ ਸਾਹਿਬ ਵਿੱਚ ਪਰਗਟ ਹੋ ਕੇ ਸਾਡੇ ਜੀਵਨ ਦੀ ਸਾਂਝ ਬਣ ਗਿਆ ।

ਸਿੱਖ ਜੰਮਦਾ ਹੈ ਤਾਂ ਉਸ ਨੂੰ ਗੁਰੂ ਲੱਭ ਜਾਂਦਾ ਹੈ। ਬਦਕਿਸਮਤੀ ਹੈ ਕਿ ਪ੍ਰਗਟ ਗੁਰੂ ਦੇ ਕੂਕਦਿਆਂ ਵੀ ਉਹ ਆਖੇ ਨਹੀਂ ਲੱਗਦਾ। ਟੋਲਦਾ ਹੈ ਉਨ੍ਹਾਂ ਗੁਰੂਆਂ ਨੂੰ ਜੋ ਚੁਟਕੀ ਵਿੱਚ ਰੱਬ ਦਿਖਾ ਦੇਣ, ਮੁੰਡੇ, ਕੁੜੀਆਂ ਬਖ਼ਸ਼ ਦੇਣ, ਨੌਕਰੀ ਲਵਾ ਦੇਣ ਜਾਂ ਬੀਮਾਰੀ ਤੋਂ ਵੱਲ ਕਰ ਦੇਣ । ਲੇਕਨ ਸਦਕੇ ਜਾਈਏ ਆਪਣੇ ਗੁਰੂ ਤੋਂ ਜੋ ਪਿਆਰ ਨਾਲ ਸਮਝਾਂਦਾ ਹੈ ਕਿ ਦੁੱਖ ਅਸਲ ਵਿੱਚ ਇਨਸਾਨ ਦਾ ਦਾਰੂ ਹੈ; ਸੁੱਖ ਬੀਮਾਰੀ ਦਾ ਘਰ ਹੈ। ਅਸੀਂ ਗੁਰਮਤਿ ਨੂੰ ਨਹੀਂ ਮੰਨਦੇ, ਕਿਉਂਕਿ ਸੁੱਖ-ਦੁੱਖ ਨੂੰ ਹੀ ਨਹੀਂ ਪਛਾਣਦੇ ।

ਗੁਰੂ ਨਾਨਕ ਜਾਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਮਨ ਦੇ ਉਸਤਾਦ ਹਨ, ਅਸੀਂ ਜੰਗਲੀ ਜਾਨਵਰਾਂ ਹਾਰ ਆਪਣੀ ਪਸ਼ੂ ਬਿਰਤੀ ਨੂੰ ਹੀ ਮਨ ਸਮਝ ਕੇ ਐਸ਼-ਅਰਾਮ, ਸਰੀਰਕ ਭੋਗ ਤੇ ਆਕੜ ਦੀ Exhibition



(ਦਿਖਾਵਾ) ਆਪਣੇ ਆਸ਼ੇ ਬਣਾ ਬੈਠੇ ਹਾਂ। ਆਖੇ ਲੱਗਣਾ ਸੀ ਆਪਣੇ ਗੁਰੂ ਦੇ, ਪਰ ਅਸੀਂ ਗੁਰੂ ਨੂੰ ਆਪਣੀ ਮਾਇਆਧਾਰੀ ਚਲਾਕੀ ਨਾਲ ਆਪਣੇ ਆਖੇ ਲਗਾਂਦੇ ਹਾਂ। ਭਾਈ ਜੀ ਨੂੰ ਹੁਕਮ ਹੋਇਆ ਇਤਨੇ ਵਜੇ ਸਾਡੇ ਘਰ ਬਾਬਾ ਜੀ ਲਿਆਓ ਤੇ ਕੀਰਤਨ ਕਰਕੇ ਇਤਨੇ ਵਜੇ ਭੋਗ ਇਤਨੀ ਭੇਟਾ ਤੇ ਇਤਨੇ ਵਜੇ ਛੁੱਟੀ। ਵਿਆਹ ਹੈ, ਮੌਤ ਹੈ, ਸਿਰ ਗੁੰਦਣਾ ਹੈ, ਅਸੀਂ ਸਾਰੀ ਦੁਨੀਆਂ ਵਿੱਚ ਆਪਣੀ ਮਾਇਆ ਦੀ (Ostentation) ਕਰਾਣ ਲਈ ਇਹ ਵੀ ਨਹੀਂ ਸੋਚਦੇ ਕਿ ਦੁਨੀਆਂ ਨੂੰ ਤਾਂ ਭਾਵੇਂ ਨਾ ਪਤਾ ਲੱਗਾ ਕਿ ਇਹ ਸਭ Black (ਬਲੈਕ) ਦੀ ਕਮਾਈ ਹੈ, ਜਾਂ ਆਕੜ ਦਾ ਦਰਸਾਰਾ ਹੈ ਜਾਂ ਲੋਕ-ਪਚਾਰੇ ਦਾ ਪ੍ਰਭਾਵ ਹੈ, ਪਰ ਸਾਹਿਬ ਤਾਂ ਜਾਣਦਾ ਹੈ ਜਿਸ ਨੂੰ ਬੁਲਾ ਕੇ ਨਾਵੇਂ ਮਹਲੇ ਦੇ ਸ਼ਬਦ, ਜਾਂ "ਪਲੇ ਤੈਂਡੇ ਲਾਗੀ" ਦੇ ਰਿਵਾਜਕ ਗਾਉਣ ਨਾਲ ਆਪਣੀ ਜ਼ਿੰਦਗੀ ਦੀਆਂ ਰਿਵਾਜਕ ਲੋੜਾਂ ਪੂਰੀਆਂ ਕਰਦੇ ਹਾਂ । ਗੁਰੂ ਦੀ ਸੱਚਾਈ ਨੂੰ ਤਾਂ ਘੋਖਦੇ ਹੀ ਨਹੀਂ; ਪਰ ਜੇ ਘੋਖਦੇ ਹਾਂ ਤਾਂ ਦੁਨੀਆਂ ਦੀ ਪਰਖ ਨਾਲ, ਨਾ ਕਿ ਸਾਹਿਬ ਦੇ ਹੁਕਮਾਂ ਨਾਲ ਆਪਣੇ ਗੁਰਸਿੱਖਾਂ ਦੀ ਕਮਾਈ ਦੀ ਕਸੌਟੀ 'ਤੇ ।

ਪਿਆਰਿਉ, ਜੋ ਕੁਝ ਵੀ ਅਸੀਂ ਏਥੇ ਹਾਂ ਜਾਂ ਅਸੀਂ ਆਪ ਜਾਣਦੇ ਹਾਂ ਜਾਂ ਸਾਡਾ ਮਾਲਕ ਜਾਣਦਾ ਹੈ ਜਿਤਨੇ ਵੀ ਧੋਖੇ ਦੇਈਏ ਲੋਕਾਂ ਨੂੰ ਉਹ ਅਸਲ ਵਿੱਚ ਆਪਣੇ ਆਪ ਨੂੰ ਧੋਖੇ ਹਨ ਤੇ ਜਿਤਨੀ ਜਲਦੀ ਆਪਣੇ ਆਪ ਨਾਲ ਧੋਖਾ ਛੱਡ ਦੇਈਏ ਉਤਨੀ ਜਲਦੀ ਸਾਹਿਬ ਦੀ ਸੱਚੀ ਬਾਣੀ ਦਾ ਸੱਚ ਸਾਨੂੰ ਗਲੇ ਲਾ ਲਏਗਾ ।

ਸਾਡੇ ਇਤਿਹਾਸ ਵਿੱਚ ਇਕ ਗੁਰਸਿੱਖ ਦੀ ਸਾਖੀ ਆਉਂਦੀ ਹੈ ਕਿ ਉਹ ਅਰਦਾਸ ਕਰਦੇ ਸਨ—ਪਾਤਿਸ਼ਾਹ ਦੁੱਖ ਵਿੱਚ ਤੇਰੀ ਯਾਦ ਮੈਨੂੰ ਰਹਿੰਦੀ ਹੈ, ਸੁੱਖਾਂ ਵਿੱਚ ਭੁੱਲ ਜਾਂਦਾ ਹਾਂ, ਕਿਰਪਾ ਕਰ ਕੋਈ ਨਾ ਕੋਈ ਦੁੱਖ ਮੈਨੂੰ ਲੱਗਾ ਰਹੇ ਤਾਂ ਜੋ ਤੇਰੇ ਚਰਨਾਂ ਤੋਂ ਨਾ ਵਿਛੜਾਂ ।

ਕਦੇ ਸਟੇਜ ਤੋਂ ਜਦੋਂ ਕੋਈ ਇਹ ਸਾਖੀ ਸੁਣਾਂਦਾ ਹੈ ਤਾਂ ਬੜੀ ਲੰਮੀ ਤੇ ਉੱਚੀ 'ਵਾ ਹੇ...ਗੁਰੁ' ਕਹਿੰਦੇ ਹਾਂ ਅਸਚਰਜਤਾ ਨਾਲ ਤੇ ਮਨ ਵਿੱਚ ਖ਼ਿਆਲ ਆਉਂਦਾ ਹੈ ਕਿ ਮਹਾਨ ਸਿੱਖ ਹੋਏਗਾ ਉਹ ਪਿਆਰਾ। ਪਰ ਇਸ ਖ਼ਿਆਲ ਦੇ ਨਾਲ ਹੀ ਸਮਝਦੇ ਹਾਂ ਕਿ ਇਹ ਕੋਈ ਹੁਕਮ ਥੋੜ੍ਹੀ ਹੈ, ਜਾਂ ਇਹ ਕੋਈ ਜ਼ਰੂਰੀ ਮੁਮਕਿਨ ਹੋ ਸਕਦਾ ਹੈ। Religious Mysticism (ਧਾਰਮਿਕ ਭੇਦ) ਦੀ ਗੱਲ ਨੂੰ ਛੱਡੀਏ—**ਸਾਹਿਬ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਜੋ ਕੁਝ ਲਿਖਿਆ ਹੈ** Practicable (ਅਮਲ ਭਰਪੂਰ) ਹੈ, ਜੋ ਕੁਝ ਲਿਖਿਆ ਹੈ **ਸੱਚ ਹੈ** ਪਰ ਅਸੀਂ ਆਪਣੀ ਸਮਝ ਨੂੰ ਵਡਿਆ ਕੇ ਇਹ ਸਮਝ ਲੈਂਦੇ ਹਾਂ ਕਿ ਜੋ ਅਸੀਂ ਨਹੀਂ ਕਰ ਸਕਦੇ ਉਹ ਹੋ ਹੀ ਨਹੀਂ ਸਕਦਾ । ਨਾਲੇ

ਅਸਲ ਵਿੱਚ ਤਾਂ ਬਖ਼ਸ਼ਿਸ਼ ਹੈ ਜਿਹੜਾ ਬਖ਼ਸ਼ਿਸ਼ ਵਿੱਚ ਉੱਦਮ ਮਿਲਾ ਲਵੇ। ਮਾਇਆ ਵਿੱਚ ਫਸੇ ਹੋਏ ਹੋਣ ਕਰਕੇ ਅਸੀਂ ਕਹਿ ਦਿੰਦੇ ਹਾਂ ਕਿ Human Nature (ਮਾਨਸਿਕ ਸੁਭਾਵ) ਨਹੀਂ ਬਦਲ ਸਕਦੀ। ਠੀਕ, ਪਰ ਪਿਆਰਿਓ, ਜੇ Human Nature (ਮਾਨਸਿਕ ਸੁਭਾਵ) ਬਣਾਣ ਵਾਲਾ ਆਪ ਬਦਲੇ ਤਾਂ ਫੇਰ ਕਿਉਂ ਨਹੀਂ ਬਦਲ ਸਕਦੀ। ਪਿੱਛੇ ਜਿਹੇ ਇਕ ਸਭ ਤੋਂ ਵੱਡੇ I. C. S. ਅਫ਼ਸਰ ਨਾਲ ਮਿਲਣ ਦਾ ਮੌਕਾ ਮਿਲਿਆ, ਕਹਿਣ ਲੱਗੇ ਸਭ ਕਿਰਪਾ ਦੀ ਗੱਲ ਹੈ। ਕਿਰਪਾ ਬਗੈਰ ਕੁਝ ਨਹੀਂ ਹੋ ਸਕਦਾ। ਕਿਸੇ ਨੂੰ ਇਹ ਵਹਿਮ ਹੋਵੇ ਕਿ ਵਾਹਿਗੁਰੂ ਨਾਲ ਪ੍ਰੇਮ ਕਰਨਾ ਕੇਵਲ ਅਨਪੜ੍ਹਤਾ ਹੈ ਤਾਂ ਇਸ ਪ੍ਰੇਮੀ ਬਾਰੇ ਇਹ ਦੱਸਦਾ ਹਾਂ ਕਿ ਇਹ ਭਾਰਤ ਦੀਆਂ ਬਹੁਤ ਵੱਡੀਆਂ ਪੋਜੀਸ਼ਨਾਂ ’ਤੇ ਰਹਿ ਚੁੱਕੇ ਹਨ । ਸਾਰੀ ਦੁਨੀਆਂ ਵਿੱਚ ਭਾਰਤ ਦੇ Representative (ਨੁਮਾਇੰਦੇ) ਬਣ ਕੇ ਜਾਂਦੇ ਰਹੇ ਹਨ ਅਤੇ ਹੁਣ ਵੀ ਇਕ ਉੱਚੀ position (ਪੁਜ਼ੀਸ਼ਨ) ਉੱਤੇ ਬਾਹਰ ਹੀ ਹਨ। ਇਕ ਵਾਰ ਉਹਨਾਂ ਨਾਲ ਦੋ ਸਾਲ ਕੰਮ ਕਰਨ ਦਾ ਸੁਭਾਗ ਵੀ ਮਿਲਿਆ, ਉਨ੍ਹਾਂ ਦੇ ਅਮਲੀ ਜੀਵਨ ਵਿੱਚ ਇਕ ਚੀਜ਼ ‘ਮੋਈ ਹੋਈ’ ਦੇਖੀ, ਉਹ ਸੀ “ਕਰੋਧ”। ਇਵੇਂ ਜਾਪਦਾ ਸੀ ਕਿ ਉਨ੍ਹਾਂ ਕਰੋਧ ਦਾ ਬੂਟਾ ਹੀ ਪੁੱਟ ਸੁੱਟਿਆ ਹੋਵੇ। ਮੈਂ ਨਿੱਕਾ ਜਿਹਾ ਕੀੜਾ ਉਨ੍ਹਾਂ ਨਾਲ ਲੜ ਪੈਂਦਾ ਸੀ, ਪਰ ਉਹ ਸ਼ਾਂਤ ਰਹਿੰਦੇ ਸਨ । ਹੁਣ ਜਦੋਂ ਮਿਲੇ ਤਾਂ ਮੈਂ ਪੁੱਛਿਆ—“ਸਾਹਿਬ ਆਪ ਨੇ ਤੋ ਮਨ ਕੋ ਬਹੁਤ ਦੇਰ ਸੇ ਕਾਬੂ ਮੇਂ ਰੱਖਾ ਹੂਆ ਹੈ”—ਕਹਿਣ ਲੱਗੇ ਬਈ ਯੇਹ ਕਿਰਪਾ ਹੈ ਕਿਰਪਾ, ਅਪਨਾ ਕੀਆ ਕੁਛ ਨਹੀਂ ਹੋ ਸਕਤਾ ਔਰ ਜੋ ਬੜ੍ਹਾਈ ਜਾਂ ਨੁਕਤਾਚੀਨੀ ਹੋਤੀ ਹੈ, ਯੇਹ ਭੀ “ਕਿਰਪਾ” ਯਾ “ਨ ਕਿਰਪਾ” ਸੇ ਹੋਤੀ ਹੈ। ਉਹਨਾਂ ਤੋਂ ਸਦਕੇ ਜਾਂਦਾ ਹਾਂ, ਉਹਨਾਂ ਸਾਰੀ ਪੜ੍ਹਾਈ ਕਰੀਬਨ ਵਲਾਯਤ ਹੀ ਕੀਤੀ ਹੈ। Incidentally (ਪ੍ਰਸੰਗ ਰੂਪ ਵਿੱਚ) ਉਹ ਗ਼ੈਰ-ਸਿੱਖ ਹਨ, ਬਾਹਰਲੀ ਸ਼ਕਲੋਂ, ਉਂਵ ਤਾਂ ਅਮਲੀ ਸਿੱਖ ਹੋਣਗੇ।

ਜਦੋਂ ਇਹ ਮੰਨ ਲਈਏ ਕਿ ਆਪਣਾ ਕੀਤਾ ਕੁਝ ਨਹੀਂ ਹੁੰਦਾ ਤਾਂ ਦੁੱਖ ਤੇ ਸੁੱਖ ਇਕ ਐਸੇ ਦਾਇਰੇ ਵਿੱਚ ਦਿੱਸਦੇ ਹਨ ਜਿਹੜਾ ਸਾਡੇ ਹੱਥੋਂ ਬਾਹਰ ਹੈ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਾਨੂੰ ਸੁੱਖ ਦੇਣ ਵਾਲਾ ਸੁੱਖ ਹੀ ਦੇਵੇ । ਫੇਰ ਟਪਲਾ ਖਾ ਜਾਂਦੇ ਹਾਂ, ਕਿਉਂਕਿ ਸੁੱਖ ਦੀ ਸਾਰ ਨਹੀਂ ਜਾਣਦੇ । ਜਿਸ ਨੂੰ ਅਸੀਂ ਸੁਖ ਸਮਝਦੇ ਹਾਂ, ਉਹ ਅਤਿ ਦੁੱਖ ਦਾ ਕਾਰਨ ਹੋ ਸਕਦਾ ਹੈ । ਡਾਢਾ ਉੱਚਾ ਘਰ ਲੋੜਦੇ ਹਾਂ ਪੁੱਤਰ ਦੇ ਵਿਆਹ ਲਈ। ਕੁਝ ਦਿਨਾਂ ਬਾਅਦ ਮਾਇਆ ਦੇ ਉੱਚੇ ਟਪਰ ਵਿੱਚ Police (ਪੁਲੀਸ) ਚੋਰੀ ਦਾ ਮਾਲ ਬਰਾਮਦ ਕਰਕੇ ਸਾਡੇ ਕੁੜਮਾਂ ਨੂੰ ਪਕੜ ਲੈਂਦੀ ਹੈ। ਮੋਟਰ ਲੋੜਦੇ ਹਾਂ, Accident



(ਅਚਾਨਕ ਦੁਰਘਟਨਾ) ਨਾਲ ਜਵਾਈ ਮਰ ਜਾਂਦਾ ਹੈ, ਧੀ ਵਿਧਵਾ ਹੋ ਜਾਂਦੀ ਹੈ । ਜੇ ਸੁੱਖ-ਦੁੱਖ ਦਾ ਵਿਓਪਾਰ ਨਾ ਕਰੀਏ ਤਾਂ ਆਪਣੀ ਮੰਗ ਦਾ ਦੁੱਖ ਤਾਂ ਨਾ ਲੱਗੇ। ਜੇ ਅਸੀਂ ਕੁਝ ਨਹੀਂ ਕਰ ਸਕਦੇ ਤਾਂ ਇਹ ਵੀ ਸਮਝ ਲਈਏ ਕਿ ਅਸੀਂ ਜਾਣ ਵੀ ਕੁਝ ਨਹੀਂ ਸਕਦੇ। ਮਤਲਬ ਇਹ ਹੋਇਆ ਕਿ-

੧. ਅਸੀਂ ਲਾਚਾਰ ਹਾਂ।

੨. ਅਸੀਂ ਲਾਚਾਰੀ ਤੋਂ ਨਿਕਲਣ ਦੇ ਰਾਹ ਵੀ ਨਹੀਂ ਜਾਣਦੇ ।

੩. ਜਿਸ ਨੂੰ ਅਸੀਂ ਸੁੱਖ ਸਮਝਦੇ ਹਾਂ ਉਹ ਦੁੱਖ ਹੋ ਸਕਦਾ ਹੈ ਤੇ ਜਿਸ ਨੂੰ ਅਸੀਂ ਦੁੱਖ ਸਮਝਦੇ ਹਾਂ ਉਹ ਸੁੱਖ ਹੋ ਸਕਦਾ ਹੈ।

੪. ਇਸ ਲਾਚਾਰੀ ਵਿੱਚ ਕਿਸੇ ਸਮਰੱਥ ਦੀ ਬਾਂਹ ਪਕੜੀਏ। ਉਹ ਸਮਰੱਥ ਕੇਵਲ ਵਾਹਿਗੁਰੂ ਜਾਂ ਵਾਹਿਗੁਰੂ ਦਾ ਨਾਂ ਜਪਾਣ ਵਾਲਾ ਗੁਰੂ ਜਾਂ ਨਾਮ ਜਪਣ ਵਾਲਾ ਗੁਰਸਿੱਖ ਜਿਹੜਾ ਸਮਰੱਥ ਦਾ ਰਾਹ ਦੱਸੇ ।

੫. ਅਸੀਂ ਲਾਚਾਰੀ ਵਿੱਚੋਂ ਕਦੇ ਨਹੀਂ ਨਿਕਲ ਸਕਦੇ ਮਨ ਕਰਕੇ। ਇਹ ਸਮਝ ਲਈਏ ਕਿ ਨਿਕਲੇ ਹਾਂ ਤਾਂ ਸਾਹਿਬ ਦੀ ਰਹਿਮਤ, ਜੇ ਉਹ ਚਾਹੇ ਤਾਂ ਕੱਲ੍ਹ ਫੇਰ ਲਾਚਾਰ। ਇਸ ਤੋਂ ਸਿੱਧ ਹੋਇਆ ਕਿ ਗ਼ੈਰ-ਧਰਮੀ ਰਸਤੇ ਉੱਤੇ ਵੀ ਜਦੋਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਅਸੀਂ ਕਿਸੇ ਵੇਲੇ ਕੁਝ ਨਹੀਂ ਕਰ ਸਕਦੇ, ਤਾਂ ਨਿਵ ਜਾਂਦੇ ਹਾਂ । ਪਰ ਦੁਨੀਆਂ ਅੱਗੇ ਨਿਵਣਾ TACTICAL (ਜੁਗਤ/ਚਾਲ) ਹੈ, ਬਦਲੇ ਦੀ ਅੱਗ ਪੈਦਾ ਕਰਦਾ ਹੈ, ਸਾਹਿਬ ਅੱਗੇ ਨਿਵਣਾ ਪਰਮਾਰਥ ਵੱਲ INTRODUCTION (ਪ੍ਰਚਲਣ) ਹੈ।

ਕੁਝ ਆਪਣੀ ਲਾਚਾਰੀ ਦੱਸਦਾ ਹਾਂ: ਸਾਹਿਬ ਦੇ ਇਲਾਵਾ ਇੱਥੇ ਕੋਈ ਮੇਰਾ ਨਹੀਂ, ਕਦੇ ਕਦੇ ਨਾ ਬਾਣੀ ਪੜ੍ਹਣ ਦਾ ਸਵਾਦ ਆਉਂਦਾ ਹੈ, ਨਾ ਵਾਹਿਗੁਰੂ ਕਹਿੰਦਿਆਂ ਮਨ ਟਿਕਦਾ ਹੈ, ਨਾ ਪ੍ਰੇਮ ਲੱਗਦਾ ਹੈ; ਫਿੱਕਾ ਬੋਲਦਾ ਹਾਂ, ਲੋਕਾਂ ਨਾਲ ਨਫ਼ਰਤ ਕਰਦਾ ਹਾਂ, ਅੰਮ੍ਰਿਤ ਵੇਲੇ ਨਹੀਂ ਉੱਠਦਾ । ਕਦੇ ਕਦੇ ਫੇਰ ਮਨ ਉਦਾਸ ਹੁੰਦਾ ਹੈ ਤਾਂ ਡਾਢਾ ਦੁਖੀ ਹੋ ਕੇ ਰੋਂਦਾ ਹਾਂ । ਰੋ ਰੋ ਕੇ ਇੰਵ ਮਹਿਸੂਸ ਕਰਦਾ ਹਾਂ ਕਿ ਜਿਵੇਂ ਕਿਸੇ ਜੰਗਲ ਵਿੱਚ ਇਕੱਲਾ ਸੁੱਟ ਦਿੱਤਾ ਗਿਆ ਹਾਂ, ਸਾਹਿਬ ਦੀ ਨਜ਼ਰਾਂ ਤੋਂ ਲਹਿ ਗਿਆ ਹਾਂ। ਇਸ ਦੁੱਖ ਵਿੱਚ ਫ਼ੈਸਲਾ ਕਰਦਾ ਹਾਂ ਕਿ ਸ਼ਾਇਦ ਰੋਟੀ ਥੋੜ੍ਹੀ ਖਾਣੀ ਚਾਹੀਦੀ ਹੈ, ਉਹ ਨਹੀਂ ਉੱਠਣ ਦਿੰਦੀ। ਰੋ ਰੋ ਕੇ ਦੁਖੀ ਹਾਲਤ ਇਸ ਫ਼ੈਸਲੇ ਨੂੰ ਸਵੀਕਾਰ ਕਰਦੀ ਹੈ । ਇਕ ਦੋ ਦਿਨ ਇੰਵ ਕਰਦਾ ਹਾਂ, ਨਾ ਮਨ ਮੰਨੇ ਤਾਂ ਵੀ ਕਰਦਾ ਹਾਂ । ਕੁਝ ਦਿਨਾਂ ਬਾਅਦ ਕੋਈ ਸਾਹਿਬ ਦੀ ਕਰਾਮਾਤ ਕੋਈ ਸਤਿਸੰਗ ਭਰੀ ਚਿੱਠੀ, ਕੋਈ ਗੁਰਸਿੱਖ ਦਾ ਅਚਾਨਕ ਮੇਲ, ਕੋਈ ਚਾਅ ਭਰੀ ਸੇਵਾ ਮਨ ਖਿੜਾ ਦਿੰਦੀ ਹੈ । ਜਦੋਂ ਉਹ ਦੁੱਖ ਤੇ ਖੇੜੇ ਦਾ ਫ਼ਰਕ ਦਿੱਸਦਾ ਹੈ ਤਾਂ ਸਾਹਿਬ ਦਾ ਸ਼ੁਕਰ ਕਰਦਾ ਹਾਂ, ਪਰ ਰੋਟੀ ਖਾਣ ਲੱਗਿਆਂ ਉਹ ਫ਼ੈਸਲਾ ਭੁੱਲ ਜਾਂਦਾ

ਹਾਂ। ਵੱਧ ਖਾ ਕੇ ਫੇਰ ਉਸ ਮੁਸੀਬਤ ਵਿੱਚ ਪੈ ਜਾਂਦਾ ਹਾਂ। ਸਾਹਿਬ ਤੋਂ ਦੂਰ ਹੋ ਕੇ ਰੋਂਦਾ ਹਾਂ। ਖ਼ਿਆਲ ਆਉਂਦਾ ਹੈ ਕਿ ਵਾਕਈ ਮੇਰੇ ਗੁਰੂ ਨੇ ਪੂਰੀ ਸੱਚਾਈ ਲਿਖੀ ਹੈ। ਦੁੱਖ ਵਿੱਚ ਅਸੀਂ—

੧. ਉਹ ਫ਼ੈਸਲੇ ਕਰ ਸਕਦੇ ਹਾਂ ਜਿਹੜੇ "ਸਾਹਿਬ ਨਾਲ ਬਣੀ ਰਹੇ" ਵਾਲੀ ਪੜ੍ਹਾਈ ਕਰਾਂਦੇ ਹਨ।

੨. ਨਿਮਰਤਾ, ਪ੍ਰੇਮ, ਵਧਾ ਸਕਦੇ ਹਾਂ ।

੩. ਹਰ ਇਨਸਾਨ ਸਮਝ ਸਕਦੇ ਹਾਂ ।

੪. ਕਿਸੇ ਸਮਰੱਥ ਦੇ ਦਰਵਾਜ਼ੇ 'ਤੇ ਵਾਕਈ ਮੰਗਤੇ ਬਣ ਕੇ ਖੜ੍ਹੇ ਹੋਣ ਨੂੰ ਤਿਆਰ ਹੋ ਜਾਂਦੇ ਹਾਂ।

੫. ਮੰਨ ਲੈਂਦੇ ਹਾਂ ਕਿ ਸਾਡਾ ਇਕੋ ਸਹਾਰਾ ਵਾਹਿਗੁਰੂ ਹੈ।

ਸੁੱਖ ਦੀ ਵਾਪਸੀ ਇਹ ਫ਼ੈਸਲੇ ਤੋੜ ਦਿੰਦੀ ਹੈ। ਸਗੋਂ ਨਾਲ ਦੇ ਲੋਕੀਂ ਕਹਿੰਦੇ ਹਨ, ਉਹ ਇਹ ਤੇਰਾ ਵਹਿਮ ਸੀ, ਉਤਾਰ ਚੜ੍ਹਾਅ ਹੁੰਦੇ ਰਹਿੰਦੇ ਹਨ, ਰੱਬ ਦਾ ਕੀ ਮਤਲਬ। ਸੁੱਖ ਦੀ ਘਿਰ ਤੇ Reality (ਅਸਲੀਅਤ) ਨਾਲ ਦੁਨੀਆਂ ਨਾਲੋਂ ਵੱਖ ਹੋਣ ਦਾ ਡਰ ਸਾਹਿਬ ਨਾਲੋਂ ਤੋੜ ਦਿੰਦਾ ਹੈ।

ਹੋਇਆ ਨਾ ਫਿਰ ਦੁੱਖ ਹੀ ਚੰਗਾ, ਜਿਹੜਾ ਨਾਲ ਮੇਲ ਰੱਖੇ ? ਦੁਨੀਆਂ ਵਾਲੇ ਦੁੱਖ ਵੇਲੇ ਸਾਡਾ ਸਾਥ ਨਹੀਂ ਦਿੰਦੇ ਅਤੇ ਇਹ Reality (ਅਸਲੀਅਤ) ਸਾਨੂੰ ਕੇਵਲ ਦੁੱਖ ਵਿੱਚ ਹੀ ਪਤਾ ਲੱਗਦੀ ਹੈ।

ਪਰ ਆਖ਼ਿਰੀ ਗੱਲ ਸਮਰੱਥ ਨੂੰ ਪਛਾਣੀਏ। ਬਹੁਤੇ 'ਦੁਕਾਨਦਾਰ' ਗੁਰੂ ਸਾਡਾ ਦੁੱਖ ਕੱਟਣ ਨੂੰ ਫਿਰਦੇ ਹਨ, ਪੈਸੇ ਲੈ ਕੇ, ਚੇਲੇ ਬਣਾ ਕੇ, ਵਾਹ ਵਾਹ ਕਰਾ ਕੇ; ਪਰ ਅਸਾਂ ਦੁੱਖ ਨਹੀਂ ਕਟਾਣੇ, ਅਸਾਂ ਤਾਂ ਦੁੱਖ ਪੈਦਾ ਕਰਨ ਵਾਲੀ 'ਸਾਕਤੀ' ਕਟਵਾਣੀ ਹੈ, ਉਹ ਕੇਵਲ ਉਹ ਕੱਟ ਸਕਦਾ ਹੈ ਜਿਹੜਾ **ਕੇਵਲ ਨਾਮ ਦਾ ਬਿਉਪਾਰ ਕਰੇ**, ਉਹ ਸਾਧੂ, ਸੰਤ, ਗੁਰੂ, ਗੁਰਮੁਖ, ਗੁਰੂ ਗ੍ਰੰਥ ਸਾਹਿਬ ਹੈ ਤੇ ਸਾਡੀ ਅਰਦਾਸ ਹੋਣੀ ਚਾਹੀਦੀ ਹੈ, ਸਾਹਿਬ ਤੂੰ ਸਾਨੂੰ ਆਪਣੇ ਚਰਨਾਂ ਨਾਲ ਰੱਖੀ ਰੱਖ—ਤੇ ਜੇ ਇਸ ਲਈ ਜ਼ਰੂਰੀ ਹੈ ਕਿ ਦੁਨੀਆਂ ਦੇ ਦੁੱਖ ਚਮੁੱਟੇ ਰਹਿਣ ਤਾਂ ਸਦਕੇ ਉਨ੍ਹਾਂ ਦੁੱਖਾਂ ਤੋਂ ਜਿਹੜੇ ਤੇਰੇ ਨਾਲ ਜੋੜਨ। ਨਾਲੇ ਜੇ ਤੂੰ ਮੇਰੇ ਨਾਲ ਹੈਂ ਤਾਂ ਮੈਨੂੰ ਦੁੱਖ ਕਾਹਦਾ ?

ਪਰ ਸਾਹਿਬਾ ਇਮਤਿਹਾਨਾਂ ਜੋਗਾ ਮੈਂ ਨਹੀਓਂ । ਮੈਂ ਵਿਚਾਰਾ ਕੀ ਕਰ ਸਕਦਾ ਹਾਂ, ਜੋ ਅਖਵਾਂਦਾ ਹੈਂ ਆਖ ਦਿੰਦਾ ਹਾਂ। ਲਾਜ ਰੱਖੀਂ, ਕਦੇ ਨਾ ਵਿਛੜਾਂ ਤੇਰੀ ਰਹਿਮਤ ਤੋਂ, ਲੇਖਿਆਂ ਨਾਲ ਤਾਂ ਮੈਂ ਯਕੀਨਨ ਨਰਕਾਂ ਦਾ ਭਾਗੀ ਵੀ ਨਹੀਂ, ਪਰ ਤੇਰੀ ਰਹਿਮਤ ਦਾ ਵਾਸਤਾ ਪਾਂਦਾ ਹਾਂ ।



## ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ॥

(ਅੰਗ ੪੬੦)

### QUIT NOTICE TO PAIN

ਕਿਤਨੇ ਖ਼ੁਸ਼ਕਿਸਮਤ ਹਾਂ, ਅਸੀਂ ਗੁਰੂ ਨਾਨਕ ਦੇ ਨਾਮ ਲੇਵਾ। ਸਾਡੇ ਗੁਰੂ ਨੇ ਸਾਨੂੰ ਜੋ ਮੱਤ ਦਿੱਤੀ ਉਸ ਦਾ ਅੰਤ ਪਾਣਾ ਉਤਨਾ ਹੀ ਮੁਸ਼ਕਲ ਹੈ ਜਿਤਨਾ ਵਾਹਿਗੁਰੂ ਦੀਆਂ ਰਹਿਮਤਾਂ ਦਾ, ਉਹਦੇ ਖਿਲਾਰੇ ਦਾ ਤੇ ਉਹਦੀ ਵਡਿਆਈ ਦਾ। ਗੁਰੂ ਤੇਗ਼ ਬਹਾਦਰ ਸਾਹਿਬ ਤਾਂ ਇੱਥੋਂ ਤਕ ਕਹਿੰਦੇ ਹਨ ਕਿ ਵਾਹਿਗੁਰੂ ਦਾ ਜਸ ਗਾਣ ਵਾਲੇ ਹਰਿਜਨ ਤੇ ਹਰੀ ਵਿੱਚ ਕੋਈ ਫ਼ਰਕ ਨਹੀਂ ਹੁੰਦਾ, ਤਾਂ ਗੁਰੂ ਨਾਨਕ (ਜਾਂ ਉਨ੍ਹਾਂ ਦੀ ਲੜੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਤਕ) ਤੇ ਵਾਹਿਗੁਰੂ ਵਿੱਚ ਕੀ ਫ਼ਰਕ ਹੋ ਸਕਦਾ ਹੈ? ਕੇਵਲ ਇਤਨਾ ਕਿ ਸਾਡੇ ਸਾਰੇ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ **'ਪਰਮ ਪੁਰਖ ਕੋ ਦਾਸਾ'** ਕਹਿਕੇ ਸਾਰੀ ਵਡਿਆਈ ਮਾਲਕ ਨੂੰ ਦਿੱਤੀ ਹੈ, ਆਪ ਨਾ ਲਈ ਹੈ ਨਾ (Claim) ਕਲੇਮ ਕੀਤੀ ਹੈ; ਸਗੋਂ ਆਪਣੇ ਆਪ ਨੂੰ ਇਤਨਾ ਨੀਵਾਂ ਦੱਸਿਆ ਹੈ ਕਿ ਨਿਮਰਤਾ ਸਿਖਾਣ ਲਈ ਜੋ ਕਿਹਾ ਉਸ ਤੋਂ ਵੱਧ ਕਰ ਕੇ ਦੱਸਿਆ ।

ਕਿਤਨਾ ਮੂਰਖ ਹਾਂ ਮੈਂ? ਕਹਿੰਦੇ ਨੇ ਆਪਣੇ ਤੋਂ ਵੱਡਿਆਂ ਦੀਆਂ ਗੱਲਾਂ ਨਹੀਂ ਕਰੀਦੀਆਂ। ਆਪਣੀ ਔਕਾਤ ਪਛਾਣਨੀ ਚਾਹੀਦੀ ਹੈ। ਮੈਂ ਤਾਂ ਬਿਲਕੁੱਲ ਹੀ ਨੀਚ ਹਾਂ। ਖ਼ਾਸ ਤੌਰ 'ਤੇ ਜਿਉਂ-ਜਿਉਂ 'ਰਤਨ' (ਗੁਰ ਕਾ ਸ਼ਬਦ ਰਤਨ ਹੈ) ਨੂੰ ਦੇਖਦਾ ਤੇ ਮਹਿਸੂਸ ਕਰਦਾ ਹਾਂ ਮੈਨੂੰ ਸ਼ਰਮ ਆਉਂਦੀ ਹੈ । ਐਡੇ ਵੱਡੇ ਖ਼ਜ਼ਾਨੇ ਦੇ ਮਾਲਕਾਂ ਦੇ ਵਿਰਸੇ ਦਾ ਮੈਂ ਹਿੱਸੇਦਾਰ ਹੋਵਾਂ ਤੇ ਕਮੀਨਿਆਂ ਵਾਂਗੂੰ ਭੁੱਖਾ ਮਰਦਾ ਰਹਵਾਂ, ਤਾਂ ਜ਼ਰੂਰ ਮੇਰੀ ਮੱਤ ਮਾਰੀ ਹੋਈ ਹੈ । ਅਕ੍ਰਿਤਘਣ ਹਾਂ, ਗੁਨਾਹਗਾਰ ਹਾਂ, ਨੀਚ ਹਾਂ; ਪਰ ਪਤਾ ਹੈ ਕਿਉਂ ਉਹਦਾ ਨਾਂ ਲੈਂਦਾ ਹਾਂ ? ਕਿਉਂਕਿ ਜੇ ਉਹ ਨਾਮਦੇਵ ਲਈ ਦੇਹੁਰੇ ਮੋੜ ਦਿੰਦਾ ਹੈ, ਰਵਿਦਾਸ ਦੀ ਸ਼ਰਨ ਵੱਡੇ-ਵੱਡੇ ਬ੍ਰਾਹਮਣਾਂ ਦੀਆਂ ਥਾਲੀਆਂ ਵਿੱਚ ਪੈਦਾ ਕਰ ਸਕਦਾ ਹੈ ਅਤੇ ਗੰਗਾ ਵਿੱਚੋਂ ਹੱਥ ਕੱਢ ਕੇ ਰਵਿਦਾਸ ਦੀ ਕੌਡੀ (Receive) ਪ੍ਰਵਾਨ ਕਰ ਸਕਦਾ ਹੈ ਤਾਂ ਕੀ ਉਹ ਮੇਰੀ ਤੀਬਰਤਾ ਵੇਖ ਕੇ **"ਪਤਿਤ ਪਾਵਨ"** ਹੋਣ ਦਾ ਸਬੂਤ ਨਹੀਂ ਦੇਵੇਗਾ ?

ਅਸੀਂ ਸਾਰੇ ਦੁੱਖੀ ਹਾਂ । ਪਰ ਨਾ ਤਾਂ ਦੁੱਖ ਦੀ ਸਾਰ ਜਾਣਦੇ ਹਾਂ ਤੇ ਨਾ ਇਲਾਜ। ਅਫ਼ਸੋਸ ਹੈ ਕਿ ਜੇ ਮੇਰੇ ਵਰਗੇ ਮੂਰਖ ਨੂੰ ਕੁਝ ਨਾ ਸਮਝ ਆਵੇ ਤਾਂ ਕਿਸੇ ਸਿਆਣੇ ਕੋਲੋਂ ਪੁੱਛ ਵੀ ਨਹੀਂ ਸਕਦੇ, ਕਿਉਂਕਿ ਗੁਰੂ ਸਾਹਿਬ ਦਾ ਹੁਕਮ **'ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥'**

ਪੂਰਾ ਉਤਰਦਾ ਹੈ । ਜਿਹੜੇ ਲੋਕ ਸਾਨੂੰ ਰਾਹ ਪਾ ਸਕਦੇ ਹਨ, ਉਹ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਮੱਥਾ ਟੇਕ ਕੇ ਵੀ ਗੁਰੂ ਦੀ ਪੂਰਣਤਾ, ਕਾਮਲਤਾ ਤੇ ਹਜ਼ੂਰੀ ਨੂੰ ਪੂਰੀ ਤਰ੍ਹਾਂ ਨਹੀਂ ਮੰਨਦੇ। ਅਸੀਂ ਤਾਂ 'ਲੇਖੇ ਵਰਤੇ' ਵਿੱਚ ਪੈ ਕੇ ਗੁਰੂ ਸਾਹਿਬ ਕੋਲੋਂ ਕੇਵਲ ਆਪਣੇ ਮੁੰਡੇ ਕੁੜੀਆਂ ਦੇ ਵਿਆਹਵਾਂ, ਦੁਨਿਆਵੀ ਲੋੜਾਂ ਤੇ ਲੋਕ-ਪਚਾਰੇ ਦੀਆਂ ਭਾਵਨਾਵਾਂ ਦੀ ਪੂਰਨਤਾ ਦੀ ਮੰਗ ਕਰਦੇ ਹਾਂ। ਨਤੀਜੇ ਵਜੋਂ 'ਦੁੱਖਾਂ ਦਾ ਬਿਉਪਾਰ' ਆਰੰਭ ਲੈਂਦੇ ਹਾਂ।

ਜਨਮਾਂ-ਜਨਮਾਂ ਦੀ ਮੈਲ ਵਿੱਚ ਰੁਲਦਾ ਹੋਇਆ ਹੋਣ ਕਰਕੇ ਮੈਂ ਆਪ ਤਾਂ ਬਹੁਤ ਕਮਜ਼ੋਰ ਹਾਂ; ਪਰ ਗੁਰੂ ਕਹਿੰਦਾ ਹੈ ਕਿ ਸਾਡਾ '**ਬਾਬੁਲ ਵਡ ਸਮਰਥਾ**' ਹੈ। ਇਹ ਸੁਣਦੇ ਹਾਂ, ਪੜ੍ਹਦੇ ਹਾਂ ਪਰ ਮੰਨਦੇ ਨਹੀਂ; ਜੇ ਮੰਨ ਲਈਏ ਤਾਂ ਕੋਈ ਤਕਲੀਫ਼ ਨੇੜੇ ਨਹੀਂ ਆ ਸਕਦੀ। ਇਹ ਮੇਰਾ ਆਪਣਾ ਖ਼ਿਆਲ ਨਹੀਂ, ਇਹ ਸਾਡੇ ਗੁਰੂ ਦਾ ਪਵਿੱਤਰ ਫ਼ਰਮਾਨ ਹੈ, ਇਕ ਗਰੰਟੀ ਹੈ। ਅਸੀਂ ਇਤਨੇ ਅਕਿਰਤਘਣ ਹਾਂ ਕਿ ਰੇਡੀਓ ਦੇ ਨਾਲ ਦੀ ਗਰੰਟੀ 'ਤੇ ਤਾਂ ਵਿਸ਼ਵਾਸ ਰੱਖਦੇ ਹਾਂ ਪਰ '**ਸਰਬ ਕਲਾ ਭਰਪੂਰ**' '**ਸਰਬ ਕਲਾ ਸਮਰਥ**' ਗੁਰੂ ਦੀ ਗਰੰਟੀ ਨੂੰ ਆਪਣੀਆਂ ਚਤੁਰਾਈਆਂ, ਸਿਆਣਪਾਂ ਤੇ ਵਡਿਆਈਆਂ ਦੀ ਕਸਵੱਟੀ 'ਤੇ ਪਰਖ ਕੇ ਇਹ ਕਹਿ ਛੱਡਦੇ ਹਾਂ ਕਿ 'ਦੁਨੀਆਂ ਵਿੱਚ ਰਹਿ ਕੇ' ਗੁਰੂ ਦਾ ਹੁਕਮ ਮੰਨਣਾ ਮੁਸ਼ਕਲ ਹੈ। ਮੈਂ ਉਹਨਾਂ ਦਾ ਵੀ ਨੌਕਰ ਹਾਂ, ਕਿਉਂਕਿ ਮੇਰਾ ਮਾਲਕ 'ਸਗਲ ਕੀ ਰੇਣ' ਦਾ ਹੁਕਮ ਦਿੰਦਾ ਹੈ; ਪਰ ਜਿਹੜੇ 'Quit Notice' (ਛੱਡ ਜਾਣ ਦਾ ਨੋਟਿਸ) ਦੀ ਮੈਂ ਉੱਤੇ ਗੱਲ ਕੀਤੀ ਹੈ, ਉਹ ਦੇਣ ਦੇ ਕਾਬਲ ਹੋਣ ਲਈ ਤੇ ਆਪਣੇ ਘਰ ਵਿੱਚ ਰੱਖਣ ਲਈ ਇਕ ਚੰਗਾ ਕਿਰਾਏਦਾਰ ਲੱਭਣਾ ਪਵੇਗਾ।

ਸਾਡੇ ਮਾਲਕਾਂ ਨੇ ਕਈ ਵਾਰ ਸਪੱਸ਼ਟ ਕਰ ਕੇ ਦੱਸਿਆ ਹੈ ਕਿ 'ਪੰਜ ਚੋਰ' ਹਰ ਵੇਲੇ ਸਾਡੇ ਮਗਰ ਪਏ ਰਹਿੰਦੇ ਹਨ । ਉਨ੍ਹਾਂ ਤੋਂ ਜਾਨ ਛੁਡਾਣ ਲਈ ਅਸੀਂ ਨੱਸ ਕੇ ਆਪਣੇ ਵਾਹਿਗੁਰੂ ਦੀ ਸ਼ਰਨ ਲੈ ਕੇ ਆਪਣਾ ਡਰ ਮੁਕਾ ਸਕਦੇ ਹਾਂ। ਪਰ, ਅਸੀਂ ਐਸਾ ਕਰਨ ਦਾ ਯਤਨ ਕਿਉਂ ਨਹੀਂ ਕਰਦੇ?

ਸਾਡੇ ਦੁਨਿਆਵੀ ਘਰਾਂ ਦੇ ਕਿਰਾਏਦਾਰਾਂ ਆਦਿਕ ਲੋਕਾਂ ਦੀ ਕਾਫ਼ੀ ਚਰਚਾ ਹੁੰਦੀ ਹੈ। ਜੇ ਕਦੇ ਪਤਾ ਲੱਗ ਜਾਏ ਕਿ ਸਾਡਾ ਕਿਰਾਏਦਾਰ ਸ਼ਰੀਫ਼ ਨਹੀਂ ਜਾਂ ਕਿਰਾਇਆ ਦੇਣ ਦੇ ਕਾਬਲ ਨਹੀਂ ਜਾਂ ਝਗੜਾਲੂ ਹੈ ਤਾਂ ਕਈ ਬਹਾਨੇ ਲਾ ਕੇ ਉਸ ਨੂੰ ਕੱਢਣ ਦੀ ਕੋਸ਼ਿਸ਼ ਕਰਦੇ ਹਾਂ। ਕੋਰਟ ਨੋਟਿਸ ਦੇਣ ਦਾ ਸੋਚਦੇ ਹਾਂ, ਪਰ ਦੇਂਦੇ ਇਸ ਲਈ ਨਹੀਂ ਕਿ ਕਿਰਾਇਆ ਮਾਰਿਆ ਜਾਏਗਾ। ਹੋਰ ਕੋਈ Sound party (ਚੰਗੀ ਪਾਰਟੀ) ਲੱਭਣ ਵਿੱਚ ਜੁੱਟ ਜਾਂਦੇ ਹਾਂ। ਕਿਤਨੇ ਚਤੁਰ ਹਾਂ ਅਸੀਂ ਇਨ੍ਹਾਂ ਕੰਮਾਂ ਵਿੱਚ (ਜੋ ਛੱਡਣਾ ਸੋ ਅਸਥਿਰ ਕਰ ਮਾਨੇ)



ਪਰ ਸਾਡੇ ਆਪਣੇ ਮਨ ਦੇ ਘਰ ਵਿੱਚ ਭੈੜੇ ਕਿਰਾਏਦਾਰਾਂ ਨੇ ਡੇਰਾ ਲਾਇਆ ਹੋਇਆ ਹੈ। ਨਾ ਉਹ ਨਿਕਲਦੇ ਹਨ ਨਾ ਕਿਰਾਇਆ ਦਿੰਦੇ ਹਨ; ਸਗੋਂ ਖ਼ੂਨ ਚੂਸੀ ਜਾਂਦੇ ਹਨ। ਸਗੋਂ ਆਪਣੀਆਂ (Large families) (ਵੱਡੇ ਵੱਡੇ ਪ੍ਰੀਵਾਰ) ਲਿਆ ਕੇ ਸਾਡੇ ਘਰ ਦੇ ਫ਼ਰਸ਼ ਤੇ ਕੰਧਾਂ ਨੂੰ ਐਸੇ ਗੰਦਾ ਕਰ ਰਹੇ ਹਨ ਕਿ ਜਿਤਨੀ ਰਗੜਾਈ ਕਰਾਵਾਂਗੇ, ਉਹ ਸਾਫ਼ ਨਹੀਂ ਹੋਣੇ। ਆਉ ਇਹਨਾਂ ਕਿਰਾਏਦਾਰਾਂ ਦੇ ਵੱਡੇ ਟੱਬਰਾਂ ਤੇ ਉਨ੍ਹਾਂ ਦੀਆਂ ਕਰਤੂਤਾਂ 'ਤੇ ਨਜ਼ਰ ਮਾਰੀਏ ।

੧. **ਕਾਮ**:- ਇਹ ਆਪਣੀ ਪਤਨੀ 'ਚਲਾਕੀ' ਤੇ ਬੱਚਿਆਂ 'ਧੋਖਾ', 'ਫ਼ਰੇਬ', 'ਗੁਨਾਹ' ਨਾਲ ਇਵੇਂ ਡਟਿਆ ਹੋਇਆ ਹੈ ਕਿ ਇਸ ਨੂੰ ਇੱਥੋਂ ਕੋਈ ਨਹੀਂ ਕੱਢ ਸਕਦਾ । '**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ**' ਦੀ ਉਲੰਘਣਾ ਹੀ ਨਹੀਂ ਕਰਦਾ ਸਗੋਂ ਇਹ ਸਾਡੀ ਰੁਚੀ 'ਤੇ ਐਸਾ ਪਰਦਾ ਪਾ ਦਿੰਦਾ ਹੈ ਕਿ ਲੜਾਈਆਂ ਝਗੜੇ ਕਰਾ ਜੇਲਖ਼ਾਨੇ ਵੀ ਪਹੁੰਚਾ ਦਿੰਦਾ ਹੈ। ਪਰ ਅਸੀਂ ਇਤਨੇ ਲਾਪਰਵਾਹ ਹਾਂ ਕਿ ਇਸ ਨੂੰ ਮਕਾਨ ਖ਼ਾਲੀ ਕਰਨ ਲਈ ਨਹੀਂ ਕਹਿੰਦੇ, ਸਗੋਂ ਇਹ ਦੇਖ ਕੇ ਤਸੱਲੀ ਕਰ ਲੈਂਦੇ ਹਾਂ ਕਿ ਅੱਜਕੱਲ੍ਹ ਦੇ ਜ਼ਮਾਨੇ ਵਿੱਚ ਸਾਰੇ ਮਕਾਨਾਂ ਵਿੱਚ ਇਹੋ ਜਿਹੇ ਹੀ ਕਿਰਾਏਦਾਰ ਰਹਿੰਦੇ ਹਨ।

੨. **ਕਰੋਧ**:- ਕਰੋਧ ਦਾ ਪ੍ਰੀਵਾਰ ਹੈ 'ਤਿਉੜੀਆਂ' 'ਗਾਲ੍ਹਾਂ, ਤੇ 'ਫਿੱਕੀ ਬੋਲੀ'। ਆਪਣੇ ਠਾਠ ਨਾਲ ਰਹਿੰਦਾ ਹੈ ਤੇ ਅੱਤ ਚੁੱਕੀ ਰੱਖਦਾ ਹੈ। ਹਰ ਪਲ ਅਸ਼ਾਂਤੀ ਪੈਦਾ ਕਰਦਾ ਹੈ। ਇਤਨਾ ਦੁੱਖ ਪੈਦਾ ਕਰਦਾ ਹੈ ਕਿ ਸਾਨੂੰ ਪਾਗਲ ਕਰ ਦਿੰਦਾ ਹੈ; ਪਰ ਅਸੀਂ ਇਸ ਨੂੰ ਇਤਨਾ ਵਡਿਆਉਂਦੇ ਹਾਂ ਕਿ ਇਹ ਹੋਰ ਸਿਰੇ ਚੜ੍ਹਦਾ ਹੈ।

੩. **ਲੋਭ**:- ਲੋਭ ਦੀ ਪਤਨੀ ਹੈ 'ਜੀਭ ਸਵਾਦ' ਤੇ ਬੱਚੇ ਹਨ 'ਪਰਾਏ ਧਨ 'ਤੇ ਨਜ਼ਰ', 'ਪਰਾਏ ਹੱਕ ਦੀ ਮਾਰ' । ਇਹ ਇਤਨਾ ਜ਼ੋਰ ਨਹੀਂ ਕਰਦਾ ਪਰ ਅੰਦਰੋਂ ਹੀ ਸਾਡੀ ਸ਼ੋਹਰਤ ਇਤਨੀ ਖ਼ਰਾਬ ਕਰ ਦਿੰਦਾ ਹੈ ਕਿ ਚੰਗਾ ਕਿਰਾਏਦਾਰ ਸਾਡੇ ਮਕਾਨ ਦੇ ਨੇੜੇ ਨਹੀਂ ਆਉਂਦਾ ।

੪. **ਮੋਹ**:- ਮੋਹ ਦੀ ਅੱਗ ਬੜੇ ਮਿੱਠੇ ਕਿਰਾਏਦਾਰ ਵਾਂਗ ਹੈ। ਇਹ ਕਦੇ ਵੀ ਸਾਨੂੰ ਔਖਾ ਨਹੀਂ ਬੋਲਦਾ, ਕਿਰਾਇਆ ਵੀ ਵੇਲੇ ਸਿਰ ਦੇ ਦਿੰਦਾ ਹੈ; ਪਰ ਆਪਣੀ ਮਿਠਾਸ ਨਾਲ ਇਸ ਤਰ੍ਹਾਂ ਕਾਬੂ ਕਰ ਲੈਂਦਾ ਹੈ ਕਿ ਸਾਡੀ ਸਮਝ ਨੂੰ ਉਥੱਲ-ਪੁਥੱਲ ਕਰ ਦਿੰਦਾ ਹੈ। 'ਲੋਕ-ਪਚਾਰਾ', 'ਬੰਧਨ' ਤੇ 'ਲੋਕ ਲਜਿਆ' ਇਸ ਦੇ ਰਿਸ਼ਤੇਦਾਰ ਹਨ। ਸਾਡੀਆਂ ਅੱਖਾਂ ਵਿੱਚ ਇਸ ਤਰ੍ਹਾਂ ਧੂੜ ਪਾਂਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਉਹ ਲੋਕ ਇਸ ਤਰ੍ਹਾਂ ਅੱਖੋਂ ਓਹਲੇ ਕਰ ਦਿੰਦੇ ਹਨ ਜਿਵੇਂ ਕਿ ਉਹ ਸਿੱਖਿਆ ਸਾਰੀ 'ਲੋਕ-ਪਚਾਰੇ' ਦੇ ਮਾਤ-ਹਿਤ ਹੈ। ਅਸੀਂ ਭੁੱਲ ਜਾਂਦੇ ਹਾਂ ਕਿ—

**'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥'** ਨਿੰਦਾ ਇਸ ਦੀ ਇਸਤਰੀ ਤੇ ਚੁਗ਼ਲੀ, ਝੂਠ, ਵਿਕਾਰ ਇਸ ਦੇ ਪੁੱਤਰ ਧੀਆਂ ਹਨ।

੫. **ਹੰਕਾਰ**:- ਹੰਕਾਰ ਆਕੜ, ਰੋਹਬ ਤੇ ਵਡਿਆਈ ਇਸ ਦੇ ਦੂਜੇ ਨਾਂ ਹਨ। ਸੂਖਮ ਤਰੀਕੇ ਨਾਲ ਵੀ ਅਸੀਂ ਆਪਣੇ ਮਕਾਨ ਵਿੱਚ ਇਸ ਨੂੰ ਸਭ ਤੋਂ ਸੋਹਣੀ ਜਗ੍ਹਾ ਲੈਣ ਦੇਂਦੇ ਹਾਂ। ਜੋੜੇ ਝਾੜੀਏ ਤਾਂ ਵੀ ਇਸ ਦੀ ਮਿਹਰਬਾਨੀ ਨਾਲ ਇਹ ਸਮਝ ਲੈਂਦੇ ਹਾਂ ਕਿ ਅਸੀਂ ਕਿਤਨੇ 'ਮਹਾਂਪੁਰਸ਼' ਹਾਂ, ਕਿਤਨੀ ਨਿਮਰਤਾ ਹੈ ਸਾਡੇ ਵਿੱਚ। ਜਦੋਂ ਇਸ ਅੱਗ ਵਿੱਚ ਸੜਦੇ ਹਾਂ ਹੋਰ ਦੁਖੀ ਹੁੰਦੇ ਹਾਂ, ਕਿਉਂਕਿ ਹੁਕਮ ਨਹੀਂ ਮੰਨਦੇ—

੧. **ਭਾਉ ਭਗਤਿ ਕਰਿ ਨੀਚੁ ਸਦਾਏ ॥** (ਅੰਗ ੪੭੦)

੨. **ਹਉਮੈ ਨਾਵੈ ਨਾਲਿ ਵਿਰੋਧੁ ਹੈ**
**ਦੁਇ ਨ ਵਸਹਿ ਇਕ ਠਾਇ ॥** (ਅੰਗ ੫੬੦)

ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਨਾਮ ਵਰਗੇ ਹੀਰੇ ਨੂੰ ਆਪਣੇ ਮਕਾਨ ਵਿੱਚ ਲਿਆ ਕੇ ਰੱਖਣ ਦੇ ਯਤਨਾਂ ਵਿੱਚ ਹੋਈਏ, ਪਰ ਪੱਕੀ ਦੋਸਤੀ ਸਾਡੀ ਨਾਮ ਦੇ ਸਭ ਤੋਂ ਵੱਡੇ ਦੁਸ਼ਮਣ ਨਾਲ ਹੋਵੇ।

ਇਹਨਾਂ ਸਾਰਿਆਂ ਕਿਰਾਏਦਾਰਾਂ ਨੂੰ ਅਸਾਂ ਨੋਟਿਸ ਦੇਣਾ ਹੈ। ਕਿਸ ਲਈ ? ਕਿਉਂਕਿ ਸਾਨੂੰ ਸਾਡੇ ਗੁਰੂ ਨੇ ਬਹੁਤ ਸੁਚੱਜੇ ਢੰਗ ਨਾਲ ਸਮਝਾਇਆ ਹੈ ਕਿ ਜਦ ਤਕ ਭਾਂਡਾ ਸੁੱਚਾ ਤੇ ਸਾਫ਼ ਨਾ ਹੋਵੇ, ਇਸ ਵਿੱਚ ਗੁਰਮਤਿ ਨਹੀਂ ਜਾ ਸਕਦੀ। ਨਾਲੇ ਜਿਹੜੇ ਕਿਰਾਏਦਾਰਾਂ ਨੇ ਸਾਡੇ ਮਕਾਨ 'ਤੇ ਕਬਜ਼ਾ ਕੀਤਾ ਹੋਇਆ ਹੈ, ਉਹ ਦੁਖੀ ਕਰ ਰਹੇ ਹਨ। ਜਦੋਂ ਸਾਡਾ ਗੁਰੂ ਇਹ ਕਹਿੰਦਾ ਹੈ ਕਿ ਕਾਮ, ਕਰੋਧ, ਲੋਭ, ਮੋਹ, ਅਹੰਕਾਰ, ਦੁਖਦਾਈ ਹਨ ਤਾਂ ਇਹ ਸੁਭਾਵਿਕ ਹੈ ਕਿ ਅਸੀਂ ਇਹਨਾਂ ਕੋਲੋਂ ਜਾਨ ਛੁਡਾਈਏ—ਜਿੱਥੋਂ ਤੀਕ ਸੰਭਵ ਨਹੀਂ, ਜਿਸ ਤਰ੍ਹਾਂ ਕਿ ਆਪਣੀ ਆਤਮਾ ਨੂੰ ਮੂਰਖਤਾ ਵਿੱਚੋਂ ਨਾ ਨਿਕਲ ਸਕਣ ਦੀ ਤਾਕਤ ਦਾ 'ਗ੍ਰਿਹਸਤ ਦੀ ਗੱਡੀ ਚਲਾਣਾ' ਰੱਖ ਕੇ ਮਨਾ ਲੈਂਦੇ ਹਾਂ।

ਹੁਣ ਇਨ੍ਹਾਂ ਨੂੰ ਕਿਵੇਂ ਕੱਢੀਏ। ਮਾਲਕ ਤਾਂ ਕਹਿੰਦਾ ਹੈ ਇਹ ਡਰ ਪਾ ਦਿਓ ਕਿ 'ਕਰਤਾ ਘਰ ਆ ਗਿਆ ਤੁਸੀਂ ਨੱਸ ਜਾਓ'। ਪਰ ਜਦੋਂ ਗੁਰੂ ਇਹ ਕਹਿੰਦਾ ਹੈ ਤਾਂ ਆਪਣੀ ਮਿਹਨਤ, ਕਮਾਈ ਦੇ ਸਦਕੇ ਕਹਿੰਦਾ ਹੈ, ਸਾਡੇ ਲਈ ਪੂਰਨੇ ਪਾਂਦਾ ਹੈ ਤਾਂ ਉਮੀਦ ਰੱਖਦਾ ਹੈ ਕਿ ਉਸ ਦੇ ਅੰਮ੍ਰਿਤਧਾਰੀ ਸਿੱਖ ਉਸ ਦੇ ਦੱਸੇ ਹੋਏ ਰਸਤੇ 'ਤੇ ਚੱਲ ਕੇ ਮਨਮਤਿ ਨੂੰ ਹਮੇਸ਼ਾਂ ਲਈ ਕਾਬੂ ਕਰਕੇ ਕਮਾਈ ਕਰਨਗੇ। ਗੁਰੂ ਲਈ ਨਹੀਂ, ਵਾਹਿਗੁਰੂ ਲਈ ਨਹੀਂ, ਸਗੋਂ ਆਪਣੇ ਸੁੱਖ ਲਈ। ਗੁਰੂ, ਵਾਹਿਗੁਰੂ ਨੂੰ ਕੀ ਫ਼ਰਕ ਪੈਂਦਾ ਹੈ ਜੇ ਗੁਰਸਿੱਖ ਪ੍ਰੇਮ ਕਰਕੇ ਗੁਰੂ ਦੇ ਚਰਨ ਪਕੜੇ ਤਾਂ ਉਹ ਸਿੱਖ ਨੂੰ ਪਿਆਰ ਕਰਨ ਲਈ ਆਪ ਅੱਗੇ ਆਉਂਦਾ ਹੈ।

ਦੁਨੀਆਂ ਵਿੱਚ ਜਦੋਂ ਕਿਰਾਏਦਾਰ ਮਕਾਨ ਨਾ ਛੱਡਣ ਤਾਂ ਅਸੀਂ



ਅਦਾਲਤ ਵਿੱਚ ਅਰਜ਼ੀ ਪਾ ਦਿੰਦੇ ਹਾਂ। ਆਉ, ਅਸੀਂ ਆਪਣੀ ਅਦਾਲਤ ਵਿੱਚ ਅਰਜ਼ੀ ਦੇਈਏ। ਕਿਵੇਂ ਲਿਲ੍ਹਕਾਂ ਲੈਂਦੇ ਹਾਂ ਦੁਨੀਆਂ ਦੀਆਂ ਕਚਹਿਰੀਆਂ ਵਿੱਚ। ਆਓ, ਸੱਚੀ ਕਚਹਿਰੀ ਵਿੱਚ ਅਰਜ਼ੀ ਪਾਈਏ।

ਸੱਚੇ ਪਾਤਿਸ਼ਾਹ ਇਹ ਚੋਰ ਮਕਾਨ ਖ਼ਾਲੀ ਨਹੀਂ ਕਰਦੇ, ਮੇਰਾ ਸਭ ਕੁਝ ਲੁੱਟ ਰਹੇ ਹਨ, ਮਕਾਨ ਗੰਦਾ ਕਰ ਦਿੱਤਾ ਹੈ, ਹੁਣ ਤੇਰੇ ਕੋਲ ਢਹਿ ਪਿਆ ਹਾਂ ਕਿਉਂਕਿ ਕੇਵਲ ਤੂੰ ਇੱਥੇ ਆ ਕੇ ਰਹਵੇਂ।

ਅਦਾਲਤ ਸਾਡੇ ਮੁਕੱਦਮੇ ਦੀ ਜਾਂਚ ਪੜਤਾਲ ਕਰਦੀ ਹੈ ਕਿ ਸੱਚਮੁੱਚ ਮਕਾਨ ਸਾਡੇ ਆਪਣੇ ਵਾਸਤੇ ਹੀ ਚਾਹੀਦਾ ਹੈ ਜਾਂ ਇਕ ਚੋਰ ਨੂੰ ਕੱਢ ਕੇ ਦੂਜੇ ਚੋਰ ਨੂੰ ਦੇ ਦੇਣਾ ਹੈ। ਸਾਡੀ ਤੀਬਰਤਾ, ਸਾਡੀ ਈਮਾਨਦਾਰੀ, ਸਾਡੀ ਨਿਮ-ਰਤਾ, ਸਾਡਾ ਪਿਆਰ ਜਾਂਚੇ ਜਾਂਦੇ ਹਨ ਤੇ ਜੇ ਅਦਾਲਤ ਫ਼ੈਸਲਾ ਕਰ ਲਵੇ ਕਿ ਅਸੀਂ ਸੱਚੇ ਹਾਂ, ਢੀਠ ਹਾਂ **ਪਾਵਉ ਦਾਨੁ ਢੀਠੁ ਹੋਇ ਮਾਗਓ** ਨਾਲੇ ਸਾਡੇ ਨਾਲ, ਧੱਕਾ ਜ਼ੋਰੀ ਹੋ ਰਹੀ ਹੈ ਤਾਂ ਪੁਲੀਸ ਦੀ ਮਦਦ ਨਾਲ ਸਾਡਾ ਮਕਾਨ ਖ਼ਾਲੀ ਕਰਾਇਆ ਜਾ ਸਕਦਾ ਹੈ।

ਗੁਰੂ ਦਾ ਸ਼ਬਦ ਪੁਲੀਸ ਦਾ ਕੰਮ ਕਰਦਾ ਹੈ। ਅਰਜ਼ੀ ਪਾਣ ਦਾ ਢੰਗ ਵੀ ਸਾਨੂੰ ਸਾਡੇ ਮਾਲਕ ਦੱਸ ਗਏ ਹਨ।

੧. **ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥**
**ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥**
(ਅੰਗ ੧੪੨੮)

੨. **ਕਹੁ ਨਾਨਕ ਹਮ ਨੀਚ ਕਰੰਮਾ ॥**
**ਸਰਣਿ ਪਰੇ ਕੀ ਰਾਖਹੁ ਸਰਮਾ ॥** (ਅੰਗ ੧੨)

੩. **ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥**
**ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥**
(ਅੰਗ ੨੦੫)

ਅਦਾਲਤ ਨੇ ਅਰਜ਼ ਸੁਣ ਲਈ, ਢੱਠੇ ਹੋਏ ਨੂੰ ਚੁੱਕ ਲਿਆ ਤੇ ਨਾਲ ਪੁਲੀਸ ਭੇਜ ਦਿੱਤੀ ਮਕਾਨ 'ਚੋਂ ਭੈੜੇ ਕਿਰਾਏਦਾਰ ਕੱਢਣ ਲਈ ।

ਆਉ ਪੁਲੀਸ ਉੱਤੇ ਇਕ ਨਜ਼ਰ ਮਾਰੀਏ ।

੧. **ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥**
**ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥** (ਅੰਗ ੧੯੬)

੨. **ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥** (ਅੰਗ ੭੪੯)

੩. **ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥**
**ਨਾਮੁ ਸੁਣਤ ਜਮੁ ਦੂਰਹੁ ਭਾਗੈ ॥** (ਅੰਗ ੧੧੫੦)

੪. **ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**

**ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥**
(ਅੰਗ ੯੧੭)

੫. **ਦੁਖ ਨਾਠੇ ਸੁਖ ਆਇ ਸਮਾਵੇ ॥**
**ਢੀਲ ਨ ਪਰੀ ਜਾ ਗੁਰਿ ਫੁਰਮਾਏ ॥** (ਅੰਗ ੧੯੧)

੬. **ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧਸੰਗਤਿ ਮੋਹਿ ਪਾਈ ॥** (ਅੰਗ ੧੨੯੯)

੭. **ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥** (ਅੰ:੭੨੨)

੮. **ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ॥** (ਅੰ:੭੫੦)

੯. **ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥**
(ਅੰਗ ੬੦੪)

੧੦. **ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥** (ਅੰਗ ੭੯੨)

ਜਦੋਂ ਕਮਜ਼ੋਰ ਤੋਂ ਕਮਜ਼ੋਰ ਆਦਮੀ ਦੇ ਨਾਲ ਪੁਲੀਸ ਆਣ ਖਲੋਵੇ ਤਾਂ ਦੂਜਿਆਂ ਦਾ ਸਾਹ ਸੁੱਕਣ ਲੱਗਦਾ ਹੈ, ਜੇ ਸਾਡੀ ਪੁਲੀਸ ਨਿਰੰਕਾਰ ਦੇ ਰੂਪ ਆਪ ਨਾਰਾਇਣ ਕਲਾਧਾਰ ਗੁਰੂ ਨਾਨਕ ਸੱਚੇ ਪਾਤਿਸ਼ਾਹ ਦਾ ਪਵਿੱਤਰ ਸ਼ਬਦ ਹੋਵੇ ਤਾਂ ਕੋਈ ਕਾਰਨ ਹੀ ਨਹੀਂ ਕਿ ਇਹ ਚੋਰ ਮਕਾਨ 'ਚੋਂ ਇਕ ਦਮ ਨੱਸਣ ਦੀਆਂ ਤਿਆਰੀਆਂ ਨਾ ਕਰ ਲੈਣ। ਨਾਲ ਹੀ ਆਪਣੇ ਵੱਡੇ ਸਾਥੀ ਦੁਖ, ਭਰਮ, ਤਕਲੀਫ਼ਾਂ ਨੂੰ ਨਾਲ ਨਾ ਲੈ ਜਾਣ । ਪੁਲੀਸ ਦੀ ਮਾਰ ਤੋਂ ਕੌਣ ਨਹੀਂ ਡਰਦਾ?

ਅਸੀਂ ਲਾਚਾਰ ਹਾਂ, ਬੇਸਹਾਰਾ ਹਾਂ, ਨਿਮਾਣੇ ਹਾਂ; ਪਰ ਜੇ ਪੁਲੀਸ ਦੀ ਸ਼ਹਿ ਪੱਕੇ ਤੌਰ 'ਤੇ ਸਾਨੂੰ ਪ੍ਰਾਪਤ ਹੋ ਜਾਏ, ਸਾਡੇ ਮਨ ਵਿੱਚ ਆਪਣੀ ਅਦਾਲਤ ਦਾ ਭਰੋਸਾ ਬਹਿ ਜਾਏ, ਅਦਾਲਤ ਨੂੰ ਸਾਡੇ ਚੰਗੇ ਵਰਤਾਉ ਦਾ ਨਿਸ਼ਚਾ ਹੋ ਜਾਏ, ਤਾਂ ਸਾਡੇ ਮਕਾਨ ਵਿੱਚ ਕਦੀ ਵੀ ਕਿਰਾਏਦਾਰ ਫਿਰ ਨਹੀਂ ਆਏਗਾ ।

ਆਉ ਫੇਰ Quit Notice (ਛੱਡ ਜਾਣ ਦਾ ਨੋਟਿਸ) ਦੁੱਖ ਨੂੰ ਹੁਣੇ ਹੀ ਦੇ ਦੇਈਏ ਤੇ ਸੁੱਖ ਨੂੰ Invitation (ਬੁਲਾਵਾ) ਦੇ ਦੇਈਏ, ਕਿਉਂਕਿ—

**ਦੁੱਖ ਹੈ— "ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥"**
(ਅੰਗ ੬੬੧)

**ਸੁੱਖ ਹੈ— "ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥"**
(ਅੰਗ ੩੩੬)

ਮੇਰੇ ਮਾਲਕ, ਮੇਰੇ ਸਿਰ 'ਤੇ ਹੱਥ ਰੱਖ, ਤਾਂ ਜੋ ਦੁੱਖਾਂ ਨੂੰ ਨੋਟਿਸ ਦੇ ਸਕਾਂ ਤੇ ਤੈਨੂੰ Invite (ਆਉਣ ਦਾ ਸੱਦਾ) ਕਰ ਸਕਾਂ ।



# ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ

ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ—ਭਾਵੇਂ ਸਾਰੀ ਦੁਨੀਆਂ ਮੈਨੂੰ ਜੁੱਤੀਆਂ ਮਾਰੇ, ਮੇਰਾ ਮਨ ਇਹ ਕਹਿਣੋਂ ਨਹੀਂ ਰੁੱਕਦਾ ਕਿ ਜਦੋਂ ਮੈਂ ਵਾਹਿਗੁਰੂ ਕਹਿੰਦਾ ਹਾਂ ਤਾਂ ਨਾ ਵ. ਹ. ਗ. ਤੇ ਨਾ ਰ. ਦਾ ਧਿਆਨ ਕਰਦਾ ਹਾਂ, ਮੈਂ ਤਾਂ ਸਰਬ ਸ਼ਕਤੀਮਾਨ ਪ੍ਰਮੇਸ਼ਰ, ਖੁਦਾ, ਅਲਾਹ, ਰਾਮ, ਰਹੀਮ, ਕਰੀਮ ਦੀ ਯਾਦ ਵਿੱਚ ਆਪਣੀ ਹਸਤੀ ਨੇਸਤੋਨਾਬੂਦ ਹੋਈ ਹੋਈ ਦੇਖਣੀ ਚਾਹੁੰਦਾ ਹਾਂ। ਇਸ ਲਈ ਨਹੀਂ ਕਿ ਭਗਤ ਅਖਵਾਵਾਂ ਜਾਂ ਮਹਾਂਪੁਰਸ਼ ਕਹਾਵਾਂ, ਸਗੋਂ ਇਸ ਲਈ ਕਿ ਨਾ "ਮੈਂ" ਰਹਵਾਂ ਨਾ "ਮੇਰਾ" ਰਹਵੇ । ਇਕੋ ਵਾਹਿਗੁਰੂ ਦੀ ਹੋਂਦ । ਜਦੋਂ ਕਈ ਵਾਰ ਸਤਿਸੰਗਤ ਵਿੱਚ ਜੁੜ ਕੇ ਬੜੀ ਸ਼ਰਧਾ ਤੇ ਪਿਆਰ ਨਾਲ ਲੋਕੀਂ ਕਹਿੰਦੇ ਨੇ 'ਵਾਹਿਗੁਰੂ' 'ਵਾਹਿਗੁਰੂ' ਮੇਰਾ ਮਨ ਨਾਲ ਕਹਿਣਾ ਚਾਹੁੰਦਾ ਹੈ—ਵਾਹਿਗੁਰੂ, ਵਾਹਿਗੁਰੂ, ਤੂੰ ਹੀ, ਵਾਹਿਗੁਰੂ, ਵਾਹਿਗੁਰੂ ਹਾਜ਼ਰਾ-ਹਜ਼ੂਰ ਤੇ ਇਸੇ ਤਰ੍ਹਾਂ ਇਸੇ ਭਾਵ ਨਾਲ ਸੋਚਣ ਦੀ ਕੋਸ਼ਿਸ਼ ਕਰਦਾ ਹਾਂ—

-ਵਾਹਿਗੁਰੂ, ਕੇਵਲ ਤੂੰ, ਤੂੰ ਹੈਂ (ਮੈਂ ਹੈ ਹੀ ਨਹੀਂ)

-ਵਾਹਿਗੁਰੂ, ਤੂੰ ਹਾਜ਼ਰਾ ਹਜ਼ੂਰ ਹੈ, ਜ਼ਾਹਰਾ ਜ਼ਹੂਰ ਹੈਂ—

ਗੁਰੂ ਨਾਨਕ ਦੀ ਸਿੱਖਿਆ ਦਾ ਆਧਾਰ ਗਾਂਧੀ ਜੀ ਵੀ ਪ੍ਰਗਟਾਂਦੇ ਹਨ । (ਗਾਂਧੀ ਜੀ ਆਖਦੇ ਸਨ ਕਿ ਮੇਰਾ ਨੱਕ ਵੱਢਿਆ ਜਾਏ ਤਾਂ ਭਾਵੇਂ ਮੈਨੂੰ ਕੁਝ ਨਾ ਹੋਵੇ ਪਰ ਜੇ ਵਾਹਿਗੁਰੂ ਵਿੱਚੋਂ ਮੇਰਾ ਸਿਦਕ ਉਡਾ ਦਿੱਤਾ ਜਾਏ ਤਾਂ ਮੈਂ ਇਕ ਦਮ ਮਰ ਗਿਆ ਜਾਣੋ)—

ਕਿਉਂਕਿ ਮੈਨੂੰ ਹਰ ਵੇਲੇ ਵਾਹਿਗੁਰੂ ਸਾਰੀ ਸ੍ਰਿਸ਼ਟੀ ਦਾ ਪਿਤਾ ਲੱਗਦਾ ਹੈ, ਮੈਂ ਕਦੇ ਵੀ ਉਸ ਨੂੰ ਕੇਵਲ ੧੦੦ ਲੱਖ ਸਿੱਖਾਂ ਦਾ ਨਹੀਂ ਸਮਝਦਾ । ਕਿਉਂਕਿ ਬੜੀ ਦੁਨੀਆਂ ਕੁਝ ਹੋਰ ਕਹਿੰਦੀ ਹੈ, ਮੈਂ ਉਨ੍ਹਾਂ ਦੇ ਚਰਨਾਂ ਦਾ ਧਿਆਨ ਕਰਦਾ ਹੋਇਆ ਦੇਖਣ ਦੀ ਕੋਸ਼ਿਸ਼ ਕਰਦਾ ਹਾਂ ਕਿ ਰਾਮ ਜਾਂ ਅਲਾਹ ਜਾਂ God ਦਾ ਖੁਦਾ ਕਹਿਣ ਨਾਲ ਕੋਈ ਫ਼ਰਕ ਪੈਂਦਾ ਹੈ ਤੇ ਮੈਂ ਵਾਹਿਗੁਰੂ, ਵਾਹਿਗੁਰੂ ਦੀ ਧੁਨ ਦੇ ਵਿੱਚ ਹੀ ਆਪਣੇ ਅੰਦਰੋਂ ਉਪਜੇ ਗੁਰੂ ਗ੍ਰੰਥ ਸਾਹਿਬ ਦੀਆਂ ਮਿਹਰਾਂ ਦੇ ਚਾਨਣ ਨਾਲ ਕਹਿੰਦਾ ਹਾਂ—

ਮੇਰੇ ਰਾਮ, ਮੇਰੇ ਰਾਮ, ਮੇਰੇ ਅਲਾਹ ਈਸ਼ਵਰ

ਮੇਰੇ ਪਿਆਰੇ ਖੁਦਾ, My dear God

ਬਲਕਿ ਕਦੇ-ਕਦੇ ਕਈ ਵਿਦੇਸ਼ੀ ਬੋਲੀਆਂ ਵਿੱਚ ਝੋਲੀਆਂ ਅੱਡ ਕੇ ਮਨ ਵਿੱਚ ਹੀ ਸਾਹਿਬਾਂ ਦੇ ਚਰਨ ਪਕੜ ਕੇ ਰਾਮ ਦੀ ਹੋਂਦ ਦਾ ਰੌਸ਼ਨ ਮੁਨਾਰਾ ਆਵਾਜ਼ ਵਿੱਚ ਪ੍ਰਗਟ ਕਰਕੇ ਆਪਣੇ ਆਪ ਕੋਲੋਂ ਪੁੱਛਦਾ ਹਾਂ—ਕੀ ਰਸ ਦਾ ਫ਼ਰਕ ਹੈ ? ਮੇਰੇ ਵੀਰੋ, ਮੇਰੀਓ ਭੈਣੋ, ਮੇਰੇ ਬਜ਼ੁਰਗੋ, ਮੇਰੇ ਬੱਚਿਓ, ਮੇਰੇ ਵਾਹਿਗੁਰੂ ਦੇ ਜਾਏ ਸਤਿ-ਸੰਗੀਆ ਆਪਣੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਚਰਨਾਂ ਦੀ ਖਾਕ ਮੱਥੇ ਉੱਤੇ ਲਾ ਕੇ ਕਹਿੰਦਾ ਹਾਂ ਕਿ ਮਨ ਕਹਿੰਦਾ ਹੈ ਰਸ ਬਿਲਕੁੱਲ ਇਕੋ ਜਿਹਾ। ਜਿਸ ਘੜੀ ਸਾਹਿਬਾਂ ਨੇ ਤ੍ਰੁਠ ਕੇ ਮੇਰੇ ਮੂੰਹ ਵਿੱਚ ਅੰਮ੍ਰਿਤ ਦੀ ਬੂੰਦ ਪਾਈ ਸੀ ਉਸ ਘੜੀ ’ਤੇ ਉਸ ਅੰਮ੍ਰਿਤ ਤੋਂ ਆਪਣਾ ਆਪ ਕੁਰਬਾਨ ਕਰਕੇ ਤੇ ਸਿਰ ਵੇਚ ਕੇ ਜੋ ਦਾਤਾਂ ਪਾਈਆਂ ਸਨ, ਉਨ੍ਹਾਂ ਦੀ ਕਸਮ ਖਾ ਕੇ ਕਹਿੰਦਾ ਹੈ ਰਸ ਬਹੁਤ ਜ਼ਿਆਦਾ ਆਉਂਦਾ ਹੈ, ਘਟਦਾ ਬਿਲਕੁੱਲ ਨਹੀਂ। ਕਿਉਂ ?

ਕਿਉਂਕਿ ਗਾਂਧੀ ਜੀ ਵਾਂਗ ਜਦੋਂ ਮੈਂ ਕਹਿੰਦਾ ਹਾਂ ਈਸ਼ਵਰ ਅਲਾਹ ਤੇਰੇ ਨਾਮ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਲਿਸ਼ਕਦੇ ਸੰਤ ਕਬੀਰ, ਰਵਿਦਾਸ, ਨਾਮਦੇਵ ਤੇ ਫਰੀਦ, ਗੁਰੂ ਨਾਨਕ ਦੀ ਫੁੱਲਵਾੜੀ ਵਿੱਚ ਗ਼ੁਲਾਬ ਦੇ ਫੁੱਲ ਵਾਂਗ ਆਪਣੇ ਪੂਰਨ ਜੋਬਨ ਤੇ ਖ਼ੁਸਬੂ ਲੈ ਕੇ ਪਰਤੱਖ ਮੇਰੇ ਸਾਹਮਣੇ ਆਣ ਖਲੋਂਦੇ ਹਨ। ਉਸੇ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਦਾ ਸਦਕਾ ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਈਸਾ, ਰਾਮ ਜੀ, ਕ੍ਰਿਸ਼ਨ ਮਹਾਰਾਜ ਤੇ ਸਾਰੀ ਸ੍ਰਿਸ਼ਟੀ ਦੇ ਸੰਤ ਮਹਾਤਮਾ ਮੈਨੂੰ ਅਸੀਸਾਂ ਦੇਣ ਲਈ ਆਣ ਜਮ੍ਹਾਂ ਹੁੰਦੇ ਹਨ। ਦੱਸੋ ਮੈਂ ਗੁਰੂ ਗ੍ਰੰਥ ਸਾਹਿਬ ਦੇ ਆਖੇ ਲੱਗਾਂ ਜਾਂ ਆਕੜ ਵਿੱਚ ਰੋਹਬ ਦੱਸਣ ਵਾਲੇ, ਦੁਨਿਆਵੀ ਲੋਕ ਲਾਜ ਵਿੱਚ ਰੁਲ ਰਹੇ, ਬਹਿਸਾਂ ਵਿੱਚ ਤੁਕਾਂ ਦੇ ਮਹਿਨਿਆਂ ਨਾਲ ਆਪਣੀ ਵਡਿਆਈ ਵਿੱਚ ਲੀਨ ਜਾਂ ਕਲੇਸ਼ਾਂ ਦੁੱਖਾਂ ਵਿੱਚ ਬੱਧੇ ਲੋਕ ਗੁਰੂ ਕੋਲੋਂ ਭਾੜੇ ਦੇ ਪੰਡਤਾਂ ਬ੍ਰਾਹਮਣਾਂ ਵਾਲੀ ਡਿਊਟੀ ਕਰਾਣ ਵਾਲੇ ਝੂਠੇ ਬਿਓ-ਹਾਰੀਆਂ ’ਤੇ ਬਿਉਪਾਰੀਆਂ ਦੇ ਆਖੇ ਲੱਗ ਕੇ ਆਪਣੇ ਆਪ ਨੂੰ ਤੇ ਆਪਣੇ ਗੁਰੂ ਨੂੰ ਤੁਅੱਸਬ ਤੇ ਤੰਗ-ਦਿਲੀ ਦੀ ਕੈਦ ਵਿੱਚ ਡੱਕ ਲਵਾਂ ।

ਇਕ ਸਿੱਖ ਬਹੁਤ ਦੇਰ ਤੋਂ ਵਿਦੇਸ਼ ਰਹਿ ਕੇ ਜਦੋਂ ਭਾਰਤ ਆਏ ਤਾਂ ਮੈਂ ਉਨ੍ਹਾਂ ਨੂੰ ਮਿਲਣ ਗਿਆ, ਕਿਉਂਕਿ ਮੇਰੇ ਮਨ ਦੀ ਆਕੜ ਵਿੱਚ ਜ਼ਰਾ ਫ਼ਰਕ ਨਹੀਂ ਪਿਆ, ਮੈਂ ਯੂਰਪ ਦੇ ਝੂਠੇ ਲੋਕਾਂ ਦਾ ਧਾਰਮਿਕ ਹਾਲ ਪੁੱਛਿਆ । ਉਹ ਕਹਿਣ ਲੱਗੇ, ਝੂਠੇ ਤਾਂ ਅਸੀਂ ਹਾਂ, ਯੂਰਪ ਵਾਲੇ ਕਈ ਵਾਰ ਸਾਡੇ ਕੋਲੋਂ ਬਹੁਤ ਅੱਛੇ ਹਨ ਕਿਉਂਕਿ ਉਹ ਅੰਦਰੋਂ ਬਾਹਰੋਂ ਇਕ ਹਨ, ਭਾਵੇਂ ਧਰਮ ਤੋਂ ਦੂਰ ਹੋਣ ਕਰਕੇ ਦੁੱਖੀ ਹਨ। ਪਰ ਅਸੀਂ ਬਾਹਰੋਂ ਧਰਮੀ ਹਾਂ ਅੰਦਰੋਂ



ਚੋਰ ਹਾਂ। ਡਾਢੇ ਦੁੱਖ ਨਾਲ ਉਨ੍ਹਾਂ ਕਿਹਾ ਕਿ ਕਿਤਨੇ ਬੰਦੇ ਮੈਨੂੰ ਮਿਲੇ ਹਨ, ਇੱਥੇ ਅੰਮ੍ਰਿਤ ਵੇਲੇ ਸਾਹਿਬਾਂ ਦੇ ਗੁਣ ਤਾਂ ਗਾਂਦੇ ਹਨ ਪਰ ਸਾਰਾ ਦਿਨ ਝੂਠ, ਚੁਗ਼ਲੀ ਨਿੰਦਾ ਗ਼ਲਤ ਕੰਮਾਂ ਵੱਲ ਪ੍ਰੇਰਦੇ ਹਨ। ਕੁਝ ਖਿੱਝ ਵਿੱਚ ਆ ਕੇ ਕਹਿਣ ਲੱਗੇ ਕਿ ਅਜੇ ਮੈਨੂੰ ਕੁਝ ਦਿਨ ਹੀ ਹੋਏ ਹਨ ਆਇਆਂ ਤਾਂ ਕਈ ਵਾਹਿਗੁਰੂ ਦੇ ਗੁਣ ਗਾਣ ਵਾਲੇ ਬੰਦੇ ਕੇਵਲ ਦੁਨਿਆਵੀ ਚਿੰਤਾਵਾਂ, ਡਰਾਵੇ, ਮੁਸੀਬਤਾਂ, ਕਲੇਸ਼ਾਂ ਦਾ ਹਾਰ ਹੀ ਮੇਰੇ ਗਲੇ ਵਿੱਚ ਪਾਂਦੇ ਰਹੇ ਹਨ। ਜਦੋਂ ਇਨ੍ਹਾਂ ਤੋਂ ਨਿਕਲਣ ਲਈ ਹੱਥ ਜੋੜ ਕੇ ਅਰਜ਼ ਕਰਦਾ ਹਾਂ ਗੱਲਾਂ ਨਾਲ ਬਹੁਤ ਵੱਡੀਆਂ ਤੁਕਾਂ ਸੁਣਾ ਕੇ ਠੀਕ ਆਖਦੇ ਹਨ, ਪਰ ਉਸੇ ਸਾਹ ਵਿੱਚ ਗੁਰੂ ਤੋਂ ਬੇਮੁੱਖ ਹੋ ਕੇ, ਸੱਚ ਨੂੰ ਛੱਡ ਕੇ ਝੂਠ ਦੀ ਗ਼ੁਲਾਮੀ ਕਰਨ ਲਈ ਪ੍ਰੇਰਦੇ ਹਨ। ਇਹ ਗੁਰਮੁੱਖ ਸੱਜਣ ਪ੍ਰੇਰਦੇ ਹਨ ਕਿਸੇ ਮੌਤ ’ਤੇ ਝੂਠੇ ਰਿਵਾਜਨ ਅਫ਼ਸੋਸ ਕਰਨ ਜਾਵਾਂ, ਸਕੇ ਵੀਰਾਂ ਭੈਣਾਂ ਨੂੰ ਲੋਕ-ਲਾਜ ਤੋਂ ਡਰਦਾ ਨਾ ਮਿਲਾਂ, ਆਪਣਾ ਆਪ ਮਾਇਆ ਤੇ ਝੂਠੇ ਲਾਲਚ ਵਿੱਚ ਫਸਾਈ ਰੱਖਾਂ। ਸਾਹਿਬ ਤਾਂ ਕਹਿੰਦੇ ਹਨ ਕਿ ਇਹੋ ਜਿਹੇ ਲੋਕ ਜਿਹੜੇ ਸੱਚ ਨਾਲੋਂ ਵਿਛੋੜਦੇ ਹਨ, ਦੁਸ਼ਮਣ ਹਨ ਤੇ ਇਹ ਉਹ ਜਾਣਦੇ ਵੀ ਹਨ—ਪਰ ਕੋਈ ਆਪਣੀ ਖ਼ੁਸ਼ੀ ਲਈ, ਕੋਈ ਲੋਕ ਲਾਜ ਲਈ, ਕੋਈ ਦੁਨਿਆਵੀ ਸਿਆਣਪਾਂ, ਪੜ੍ਹਾਈਆਂ ਵਿੱਚ ਤੇ ਕੋਈ ਕੇਵਲ ਆਪਣੀ Superior (ਵੱਡੀ) ਅਕਲ ਦੇ ਭੁਲੇਖੇ ਵਿੱਚ ਉਨ੍ਹਾਂ ਬੰਧਨਾਂ ਵਿੱਚ ਮੁੜ ਧਕੇਲਦੇ ਹਨ ਜਿਸ ਵਿੱਚੋਂ ਸਾਹਿਬ ਗੁਰੂ ਗ੍ਰੰਥ ਸਾਹਿਬ ਮਹਾਰਾਜ ਮੱਥੇ ’ਤੇ ਹੱਥ ਧਰ ਕੇ ਬੁਰਿਆਈਆਂ ਵਿੱਚੋਂ ਕੱਢਦੇ ਹਨ। ਜਦੋਂ ਮੈਂ ਮੁੜ ਸਾਹਿਬਾਂ ਦੇ ਹੁਕਮ ਯਾਦ ਕਰਾਂਦਾ ਹਾਂ ਤਾਂ ਮੰਨ ਜਾਂਦੇ ਹਨ ਕਿ ਹੈ ਤਾਂ ਠੀਕ ਪਰ ਦੁਨੀਆਂ ਦੀ ਪਰਵਾਹ ਵੀ ਕਰਨੀ ਚਾਹੀਦੀ ਹੈ।

ਜੇ ਮੈਂ ਉਨ੍ਹਾਂ ਗੁਰਮੁਖਾਂ ਨੂੰ ਆਪ ਦੁੱਖ-ਰਹਿਤ ਜਾਂ ਸੁਖੀ ਦੇਖਾਂ ਤਾਂ ਮੰਨ ਜਾਵਾਂ ਪਰ ਉਹ ਆਪ ਕੁੜ੍ਹਦੇ ਹਨ, ਕਲੇਸ਼ਾਂ ਤੇ ਸਾੜਿਆਂ ਵਿੱਚ ਰਿੱਝਦੇ ਹਨ ਤੇ ਦੂਜਿਆਂ ਨੂੰ ਮੱਤਾਂ ਦਿੰਦੇ ਹਨ। ਉਨ੍ਹਾਂ ਵਿਚਾਰਿਆਂ ਦਾ ਕਸੂਰ ਨਹੀਂ ਕਿਉਂਕਿ ਕਿਰਤ ਹੀ ਇਹੋ ਜਿਹੀ ਬਣ ਗਈ ਹੈ।

ਪਰਮੇਸ਼ਰ ਦੇ ਭੁੱਲਣ ਨਾਲ ਸਭ ਰੋਗ ਲੱਗਦੇ ਹਨ ਅਤੇ ਉਨ੍ਹਾਂ ਨੂੰ ਸਭ ਰੋਗ ਚਮੁੱਟੇ ਹੋਏ ਹਨ। “ਰਾਮ ਰਾਮ” ਜਾਂ ਵਾਹਿਗੁਰੂ ਵਾਹਿਗੁਰੂ ਕਰਨਾ ਪਰਮੇਸ਼ਰ ਦੀ ਯਾਦ ਨਹੀਂ। ਪਰਮੇਸ਼ਰ ਦੀ ਯਾਦ ਹੈ—

-ਸਵਾਸ ਸਵਾਸ ਰਾਮ ਰਾਮ

-ਸਵਾਸ ਸਵਾਸ ਗੁਰੂ ਦੇ ਹੁਕਮਾਂ ’ਤੇ ਮਿਟ ਜਾਵਾਂ

-ਸਵਾਸ ਸਵਾਸ ਗੁਰੂ ਦੇ ਚਰਨਾਂ ਦਾ ਧਿਆਨ

-ਸਵਾਸ ਸਵਾਸ ਸਰਬੱਤ ਦੇ ਭਲੇ ਦੀ ਸੋਚ

-ਸਵਾਸ ਸਵਾਸ ਪਰਉਪਕਾਰ ਦਾ ਚਾਅ

-ਸਵਾਸ ਸਵਾਸ ਸੱਚ ਦੀ ਕਮਾਈ

-ਸਵਾਸ ਸਵਾਸ ਗੁਰੂ ਦਾ ਭਉ ਤੇ ਭਾਓ

-ਸਵਾਸ ਸਵਾਸ "ਲੋਕ ਲਾਜ" ਦੇ ਗੁਰੂ ਦੇ ਹੁਕਮਾਂ ਤੋਂ ਕੁਰਬਾਨ ਹੋਣਾ

-ਸਵਾਸ ਸਵਾਸ ਸਭ ਨਾਲ ਇਕੋ ਜਿਹਾ ਪਿਆਰ

-ਸਵਾਸ ਸਵਾਸ ਨਿਰਵੈਰ ਜੀਵਨ

-ਸਵਾਸ ਸਵਾਸ ਦਯਾ, ਪ੍ਰੇਮ ਤੇ ਖਿਮਾ 'ਤੇ ਅਮਲ

-ਸਵਾਸ ਸਵਾਸ ਨਿਮਰਤਾ, ਨਿਰਮਾਣਤਾ ਤੇ ਸਭ ਦੀ ਚਰਨਧੂੜ ਬਣਨਾ ।

ਇਹ ਸਭ ਕੁਝ ਹੋਣ ਦੇ ਬਾਅਦ ਨਿਰਮਾਣਤਾ, ਨਿਆਣਤਾ ਤੇ ਨਿਸ਼ਕਾਮ ਸੇਵਾ ਦੀ ਧੁਨ ਪਰ ਯੂਰਪ ਤੋਂ ਆ ਕੇ ਦੇਖਦਾ ਹਾਂ ਕਿ "ਧਰਮੀ" ਲੋਕ ਇਹ ਕਦੇ ਨਹੀਂ ਕਹਿੰਦੇ ਕਿ ਇਹ ਗੱਲ

-ਗੁਰੂ ਦੇ ਹੁਕਮ ਵਿਰੁੱਧ ਹੈ

-ਗੁਰੂ ਦੀ ਮਤਿ ਇਹ ਨਹੀਂ ਸਿਖਾਂਦੀ

-ਗੁਰੂ ਦੇ ਪ੍ਰੇਮ ਵਿੱਚ ਇਹ ਨਹੀਂ ਕਰਨਾ ਚਾਹੀਦਾ

-ਗੁਰੂ ਦੀ ਆਗਿਆ ਵਿੱਚ ਇਹ ਨਹੀਂ ਆਉਂਦਾ ।

-ਗੁਰਮਤਿ ਨਾਲ ਇਹ ਗੱਲ ਨਹੀਂ ਮਿਲਦੀ ਸਗੋਂ ਉਹ ਵੀ ਹਮੇਸ਼ਾਂ ਇਹੋ ਆਖਦੇ ਹਨ:

੧. ਧੋਖਾ ਕਰ ਲਓ, ਸਭ ਕਰਦੇ ਹਨ ।

੨. ਲੋਕ ਲਾਜ ਜ਼ਰੂਰੀ ਹੈ, ਲੋਕੀਂ ਕੀ ਕਹਿਣਗੇ ?

੩. ਮਾਂ ਪਿਓ ਨੂੰ ਖੁਸ਼ ਕਰ ਲਓ ਭਾਵੇਂ ਗੁਰਮਤਿ ਦੇ ਉਲਟ ਹੈ ।

੪. ਬੇਈਮਾਨੀ, ਚੁਗ਼ਲੀ ਨਿੰਦਾ ਤਾਂ ਹੁੰਦੀ ਹੀ ਹੈ, ਆਪ ਵੀ ਕਰੋ ।

੫. ਆਪ ਦੁਨੀਆਂ ਤੋਂ ਡਰਿਆ ਕਰੋ ।

ਜਦੋਂ ਉਹ ਸਿੱਖ ਇਹ ਸਭ ਕੁਝ ਸੁਣਾ ਚੁੱਕਾ ਤਾਂ ਮੇਰਾ ਮਨ ਕੰਬ ਉੱਠਿਆ। ਅਸਲ ਵਿੱਚ ਮੈਂ ਹੀ ਉਸ ਨੂੰ ਪੁੱਠੇ ਰਾਹ ਪਾ ਰਿਹਾ ਸਾਂ। ਪਰ ਉਸ



ਦੇ ਖਰੇ-ਖਰੇ ਬੋਲ ਮੇਰੇ ਅੰਦਰ ਧੱਸ ਗਏ। ਸਭ ਤੋਂ ਵੱਧ ਉਨ੍ਹਾਂ ਦੀ ਇਹ ਗੱਲ ਚੰਗੀ ਲੱਗੀ ਕਿ ਇਹ ਸਭ ਲੋਕ ਆਪ ਦੁਖੀ ਹਨ, ਮੈਨੂੰ ਦੁੱਖ ਵਿੱਚ ਧਕੇਲਦੇ ਹਨ। ਮੈਂ ਆਪਣੇ ਮਨ ਕੋਲੋਂ ਪੁੱਛਿਆ ਕਿ ਜਦ ਮੈਂ ਇਹ ਸਭ ਕੁਝ ਠੀਕ ਮੰਨਦਾ ਵੀ ਹਾਂ ਤਾਂ ਕਿਉਂ ਗੁਰਮਤਿ ਦੇ ਉਲਟ ਗੱਲਾਂ ਕਰਦਾ ਹਾਂ? ਜਵਾਬ ਮਿਲਿਆ:

੧. ਚਾਹੁੰਦਾ ਹਾਂ ਕਿ "ਧਰਮੀ" ਦਾ ਠੱਪਾ ਲੱਗਾ ਰਹੇ ਪਰ ਦੁਨੀਆਂ ਦੇ ਰਿਵਾਜੀ ਕੰਮਾਂ ਵਿੱਚ ਵੀ ਉੱਘਾ ਅਖਵਾਵਾਂ।

੨. ਧੋਖੇ ਨਾਲ "ਸੱਚਾ ਤੇ ਸੁੱਚਾ" ਵਿਖਾਵਾ ਕਰਾਂ ਪਰ ਅੰਦਰੋਂ ਲੋਭ, ਅਹੰਕਾਰ ਤੇ ਨਿੰਦਿਆ ਵਿੱਚ ਰੁਲਦਾ ਰਹਾਂ ।

੩. ਕੁਟ ਕੁਟ ਕੇ ਮਾਇਆ ਦਾ ਸ਼ਿਕਾਰ ਹੋਵਾਂ ਪਰ ਲੋਕਾਂ ਨੂੰ ਵਾਹਿਗੁਰੂ ਨਾਲ ਜੁੜਨ ਦੀਆਂ ਮੱਤਾਂ ਦੇਵਾਂ।

ਪਰ ਮੇਰਾ ਕਸੂਰ ਨਹੀਂ, ਮੈਂ ਧਰਮ ਨੂੰ ਸਮਝ ਹੀ ਇਕ ਖੇਡ ਬੈਠਾ ਹਾਂ, ਭਗਤ ਪੂਰਨ ਸਿੰਘ ਜੀ ਦੇ ਜੀਵਨ ਲਹਿਰ ਵਿੱਚ ਸਿਰਲੇਖ ਵਾਲੀ ਤੁਕ ਦੀ ਵਿਆਖਿਆ ਡਾਢੀ ਚੰਗੀ ਲੱਗੀ। ਪਰਮੇਸ਼ਰ ਦੇ ਭੁੱਲਣ ਨਾਲ ਦੁੱਖ ਤੇ ਰੋਗ ਕਿਵੇਂ ਚਮੁੱਟਦੇ ਹਨ? ਪਰਮੇਸ਼ਰ ਦੇ Attributes (ਲੱਛਣ) ਹਨ-

ਚੰਗਿਆਈ, ਭਲਾਈ, ਨਿਮਰਤਾ, ਦਾਨ, ਖਿਮਾ, ਸਤਿ, ਪ੍ਰੇਮ, ਨਿਮਾਣਤਾ, ਉਪਕਾਰ ਆਦਿ। ਜਦੋਂ ਮੈਂ ਪਰਮੇਸ਼ਰ ਤੋਂ ਭੁੱਲਿਆ ਤਾਂ ਇਨ੍ਹਾਂ ਗੱਲਾਂ ਤੋਂ ਵੀ ਵਾਂਝਿਆ ਗਿਆ ।

-ਚੰਗਿਆਈ ਗਈ ਤੇ ਬੁਰਿਆਈਆਂ ਨੇ ਸਾੜਾ ਪੈਦਾ ਕੀਤਾ ।

-ਨਿਮਰਤਾ ਗਈ ਤਾਂ ਆਕੜ ਨੇ ਸਾੜਿਆ

-ਸਤਿ, ਪ੍ਰੇਮ ਗਿਆ ਤਾਂ ਕਲੇਸ਼ਾਂ ਦਾ ਡੇਰਾ ਲੱਗਾ

-ਉਪਕਾਰ ਤੇ ਖਿਮਾਂ ਗਈ ਤੇ ਕਾਂ ਵਾਂਗ ਚੀਕਾਂ ਮਾਰਨ ਜੋਗਾ ਰਹਿ ਗਿਆ ।

ਦੋਸ਼ ਕਿਸੇ ਹੋਰ ਦਾ ਨਹੀਂ ਦੋਸ਼ ਮੇਰਾ ਹੈ; ਪਰ ਸਾਹਿਬਾਂ ਦੇ ਚਰਨ ਪਕੜ ਲਵਾਂ ਤਾਂ ਅੱਜ ਹੀ ਛੁੱਟ ਸਕਦਾ ਹਾਂ।

# ਅਰਦਾਸ ਕੇਵਲ ਨਾਮ ਲਈ ਕਰੀਏ—ਕਿਉਂ ?

ਕਈ ਵਾਰ ਸਾਨੂੰ ਐਸੇ ਸਵਾਲ ਹੱਲ ਕਰਨ ਲਈ ਉਲਝਣਾਂ ਪੈਂਦੀਆਂ ਹਨ ਕਿ ਅਸੀਂ ਚਕਰਾ ਹੀ ਜਾਂਦੇ ਹਾਂ ਤੇ ਹੱਲ ਵੀ ਕੁਝ ਨਹੀਂ ਕਰ ਪਾਂਦੇ। ਲੱਗਦਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਹੁਮੁੱਲੀ ਸਿੱਖਿਆ ਨੂੰ ਨਾ ਸਮਝ ਪਾਏ ਹਾਂ, ਨਾ ਕੋਸ਼ਿਸ਼ ਕਰਦੇ ਹਾਂ ਸਮਝਣ ਦੀ; ਕਿਉਂਕਿ ਸਾਡਾ ਮਨ ਬੱਧਾ ਹੋਇਆ ਹੈ ਮਾਇਆ ਦੇ ਧੰਦਿਆਂ ਵਿੱਚ ਤੇ ਅਸੀਂ ਪ੍ਰੇਮ, ਸੱਚ ਤੇ ਭਰੋਸੇ ਦਾ ਸੰਦੇਸ਼ ਆਪਣੀਆਂ ਅਣਗਹਿਲੀਆਂ ਕਰ ਕੇ ਆਪਣੇ ਅੰਦਰ ਨਹੀਂ ਵਾੜ ਸਕੇ। ਆਉ ਵੀਚਾਰੀਏ ਵਾਹਿਗੁਰੂ ਦਾ ਸਰੂਪ ਜੋ ਗੁਰੂ ਗ੍ਰੰਥ ਸਾਹਿਬ ਪ੍ਰਗਟ ਕਰਦੇ ਹਨ।

੧. ਵਾਹਿਗੁਰੂ ਅੰਤਰਜਾਮੀ ਹੈ।
੨. ਵਾਹਿਗੁਰੂ ਪ੍ਰੇਮ ਕਰਦਾ ਹੈ ਸਭ ਨੂੰ, ਤੇ ਸਭ ਥਾਂ ਹੈ, ਤੇ ਸਭ ਅੰਦਰ ਵੱਸਦਾ ਹੈ।
੩. ਅਸੀਂ ਉਸ ਦੇ ਬੱਚੇ ਹਾਂ, ਉਹ ਸਾਡੇ ਮਾਤਾ-ਪਿਤਾ, ਪਤੀ ਤੇ ਮਾਲਕ ਵਾਂਗ ਹਰ ਵਕਤ ਸਾਡਾ ਧਿਆਨ ਰੱਖਦਾ ਹੈ।
੪. ਸਾਡੀਆਂ ਲੋੜਾਂ ਦਾ ਉਸ ਨੂੰ ਪਤਾ ਹੈ ਤੇ ਆਪਣੇ ਬੱਚਿਆਂ ਨੂੰ ਉਹ ਕਦੇ ਵੀ ਨਾਖੁਸ਼ ਨਹੀਂ ਦੇਖਣਾ ਚਾਹੁੰਦਾ ।
੫. ਉਹ ਸਾਡੇ ਅਉਗਣ ਨਹੀਂ ਚਿਤਾਰਦਾ ਤੇ ਸਾਨੂੰ ਗਲ ਨਾਲ ਲਾ ਕੇ ਰੱਖਦਾ ਹੈ।
੬. ਉਹ ਮਿੱਠ-ਬੋਲੜਾ ਹੈ ਤੇ ਸਾਡਾ ਸੱਜਣ-ਮਿੱਤ੍ਰ ਹੈ।
੭. ਦੁੱਖ ਦੇਣਾ ਉਹਦਾ ਸੁਭਾਅ ਹੀ ਨਹੀਂ, ਉਹ ਤਾਂ ਹਰ ਵੇਲੇ ਸਾਡਾ ਭਲਾ ਸੋਚਦਾ ਹੈ।
੮. ਉਹ ਕੇਵਲ ਪਿਆਰ ਦਾ ਭੁੱਖਾ ਹੈ ਤੇ ਸਾਡੇ ਬਾਹਰਲੇ ਕਰਮਕਾਂਡੀ ਭਗਤੀ ਦੀਆਂ ਰੀਤਾਂ ਨਾਲ ਨਹੀਂ ਰੀਝਦਾ ।
੯. ਉਹ ਸੌਦੇਬਾਜ਼ ਨਹੀਂ ਤੇ ਸਾਡੇ ਸ਼ਕਤੀ ਚਲੀਹੇ, ਜਾਂ ਸੁੱਖਣਾ, ਜਾਂ ਮਤਲਬੀ ਅਰਦਾਸਾਂ ਨਾਲ ਸਾਡੇ ’ਤੇ ਖ਼ੁਸ਼ ਨਹੀਂ ਹੁੰਦਾ ।
੧੦. ਫੇਰ, ਉਹ ਸਹਿਜੇ ਹੀ ਸਾਡੀ ਪ੍ਰਤਿਪਾਲਣਾ ਕਰਦਾ ਹੈ ਤੇ ਸਾਡੇ ਨਾਲੋਂ ਕਦੇ ਵਿਛੜਦਾ ਨਹੀਂ ।

ਇਹ ਸਾਰੀਆਂ ਗੱਲਾਂ ਮੈਂ ਗੁਰੂ ਅਰਜਨ ਦੇਵ ਜੀ ਦੇ ਇਕੋ ਸ਼ਬਦ ਵਿੱਚੋਂ, ਜਿਹੜਾ ਪੂਰਾ ਥੱਲੇ ਦੇ ਰਿਹਾ ਹਾਂ, ਚੁਣੀਆਂ ਹਨ—



**ਪਉੜੀ ਮਾਰੂ ਡਖਣੇ ਮ: ੫ ॥**

**"ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥**
**ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥**
**ਸਹਜੇ ਸਹਿਜ ਖਿਲਾਇਦਾ ਨਹੀ ਕਰਦਾ ਆਲਕ॥**
**ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥**
**ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ॥**
**ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ॥**
**ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥**
**ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥"**

(ਅੰਗ ੧੧੦੧-੧੧੦੨)

ਹੈ ਕੋਈ ਕਸਰ ਇਹ ਗੱਲ ਸਮਝਣ ਵਿੱਚ ਕਿ ਸਾਡਾ ਵਾਹਿਗੁਰੂ, ਸਾਡੇ ਮਾਤਾ ਪਿਤਾ ਵਾਂਗ ਪੂਰੀ ਤਰ੍ਹਾਂ ਸਾਡੀ ਸਾਰ ਲੈਂਦਾ ਹੈ, ਸਾਨੂੰ ਕੁਝ ਵੀ ਮੰਗਣ ਦੀ ਲੋੜ ਨਹੀਂ ਪੈਂਦੀ ।

ਅਸੀਂ ਮਾਇਆ ਤੇ ਮੋਹ ਵਿੱਚ ਫਸੇ ਹੋਏ ਲੋਕ ਸੁਖਮਨੀ ਸਾਹਿਬ ਦੀ ਅਸਲੀ ਸਿੱਖਿਆ ਛੱਡ ਕੇ, ਘੋਟਾ ਲਾ ਕੇ ਆਪਣੀ ਮਾਇਆਧਾਰੀ ਜ਼ਿੰਦਗੀ ਨੂੰ ਹੀ ਅਸਲੀਅਤ ਸਮਝ ਲੈਂਦੇ ਹਾਂ ਤੇ ਉਮੀਦ ਕਰਦੇ ਹਾਂ ਕਿ ਸਾਡੀਆਂ ਮੰਗਾਂ ਪੂਰੀਆਂ ਹੋਣ। ਭੁੱਲ ਜਾਂਦੇ ਹਾਂ ਉੱਕਾ ਹੀ ਕਿ:

੧. ਜੋ ਛੱਡ ਜਾਣਾ ਹੈ ਉਸ ਨੂੰ ਸਦਾ ਰਹਿਣ ਵਾਲਾ ਸਮਝ ਕੇ ਉਸੇ ਨਾਲ ਚਮੁਟਦੇ ਹਾਂ ਤੇ ਉਹੀ ਕੁਝ ਮੰਗਦੇ ਹਾਂ ਜੋ ਰਹਿਣਾ ਨਹੀਂ।
੨. ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਸਮਝ ਲੈਂਦੇ ਹਾਂ। ਹੀਰੇ-ਜਵਾਹਰਾਤ ਛੱਡ ਕੇ ਕੌਡੀਆਂ ਨੂੰ ਵੱਧ ਮਹੱਤਵਪੂਰਨ ਸਮਝਦੇ ਹਾਂ।
੩. ਜਿਸ ਨੇ ਹਮੇਸ਼ਾਂ ਸਾਡਾ ਸਾਥ ਦੇਣਾ ਹੈ ਉਹ ਚੇਤੇ ਨਹੀਂ ਆਉਂਦਾ ਤੇ ਅਸੀਂ ਉਨ੍ਹਾਂ ਚੀਜ਼ਾਂ, ਉਨ੍ਹਾਂ ਰਿਸ਼ਤੇਦਾਰਾਂ ਜਾਂ ਉਨ੍ਹਾਂ ਹਾਲਾਤਾਂ ਨਾਲ ਪ੍ਰੀਤ ਪਾਈ ਰੱਖਦੇ ਹਾਂ ਜਿਨ੍ਹਾਂ ਨਹੀਂ ਰਹਿਣਾ ।
੪. ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਣ ਕਰਕੇ ਤੇ ਦੁਨੀਆਂ ਵਿੱਚ ਆਪਣੀ ਹੇਰਾਫੇਰੀ ਕਾਮਯਾਬ ਹੋਣ ਕਰਕੇ ਸਮਝਦੇ ਹਾਂ ਕਿ ਪ੍ਰਭੂ ਕੋਲ ਵੀ ਇਸ ਤਰ੍ਹਾਂ ਦਾ ਵਤੀਰਾ ਚੱਲ ਜਾਏਗਾ, ਸੁੱਚੀ ਤੇ ਸੱਚੀ ਪ੍ਰੀਤ ਤੋਂ ਵਾਂਝੇ ਰਹਿ ਜਾਂਦੇ ਹਾਂ।
੫. ਸਾਨੂੰ ਸਮਝਾ ਦਿੱਤਾ ਗਿਆ ਹੈ ਕਿ ਅਸੀਂ ਜਿਹੜੇ ਆਪਣੇ ਪਰਿਵਾਰ

ਦੇ ਲੋਕ ਆਸ-ਪਾਸ ਵੇਖਦੇ ਹਾਂ ਉਨ੍ਹਾਂ ਰਹਿਣਾ ਨਹੀਂ—ਤੇ ਇਹ ਵੀ ਦੱਸਿਆ ਗਿਆ ਹੈ ਕਿ ਅਸੀਂ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿ ਕੇ, ਉਹਦੀ ਅਮਾਨਤ ਵਿੱਚੋਂ ਕੁਝ ਵਾਪਸ ਲੈਣ ’ਤੇ ਰੋਸ ਨਹੀਂ ਕਰਾਂਗੇ ਤੇ ਅਗਿਆਨਤਾ ’ਚੋਂ ਨਿਕਲ ਕੇ ਚਉਗਣਾ ਉਹਦੀਆਂ ਮਿਹਰਾਂ ਦੇ ਪਾਤਰ ਬਣਾਂਗੇ । ਇਹ ਵੀ ਕਿਹਾ ਗਿਆ ਹੈ ਕਿ ਜੇ ਇਉਂ ਨਹੀਂ ਕਰਾਂਗੇ ਤਾਂ ਪ੍ਰਭੂ ਦਾ ਵਿਸ਼ਵਾਸ ਖੋਹ ਬੈਠਾਂਗੇ ।

ਇਕ ਹੋਰ Standard formula ਹੈ ਜਿਸ ਨੇ ਸਾਡੀ ਜ਼ਿੰਦਗੀ ਗੁਰਮਤਿ ਰਾਹੀਂ ਸੌਖੀ ਕਰਨੀ ਹੈ; ਉਹ ਹੈ ਵਾਹਿਗੁਰੂ ’ਤੇ ਭਰੋਸਾ ਤੇ ਉਹਦੀਆਂ ਮਿਹਰਾਂ ਉੱਤੇ ਇਤਬਾਰ । ਮਿਸਾਲ ਦੇ ਤੌਰ ’ਤੇ ਵੇਖੀਏ, ਕੀ ਅਸੀਂ “ਸਿੱਖ” ਅਖਵਾਏ ਜਾਣ ਦੇ ਕਾਬਲ ਹਾਂ, ਜੇ ਗੁਰੂ ਹੁਕਮਾਂ ਦੀ ਉਲੰਘਣਾ ਕਰਕੇ ਆਪ ਦੁੱਖੀ ਵੀ ਹੁੰਦੇ ਹਾਂ, ਉਦਾਸ ਵੀ ਤੇ ਫਿਰ ਉਲ੍ਹਾਮੇ ਵੀ ਦੇਂਦੇ ਹਾਂ। ਸਾਡੇ ਲਈ ਸਾਫ਼ ਹੁਕਮ ਹੈ ਕਿ ਜੇ ਅਸੀਂ ਨਾਮ ਦੇ ਬਿਨਾਂ ਕੁਝ ਵੀ ਮੰਗਦੇ ਹਾਂ ਤਾਂ ਉਹ ਦੁੱਖਾਂ ਦਾ ਵੱਡਾ ਦੁੱਖ ਸਾਬਤ ਹੋ ਸਕਦਾ ਹੈ। ਫਿਰ ਦੁੱਖ ਕਿਉਂ ਮੰਗੀਏ ਤੇ ਪ੍ਰੇਸ਼ਾਨ ਕਿਉਂ ਹੋਈਏ?

**ਵੇਖ ਗੁਰੂ ਦੇ ਹੁਕਮ-**

(ੳ) **ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥**
(ਅੰਗ ੯੫੮)

(ਅ) **ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥**
(ਅੰਗ ੧੦੧੮)

(ੲ) **ਕਿਆ ਮਾਗਉ ਕਿਛੁ ਥਿਰੁ ਨ ਰਹਾਈ।** (ਅੰਗ ੪੮੧)

(ਸ) **ਨਾਨਕ ਕੀ ਅਰਦਾਸਿ ਸੁਣੀਜੈ॥**
**ਕੇਵਲ ਨਾਮੁ ਰਿਦੇ ਮਹਿ ਦੀਜੈ॥** (ਅੰਗ ੩੮੯)

ਕੁਝ ਗੱਲਾਂ ਸਪੱਸ਼ਟ ਹੋ ਜਾਂਦੀਆਂ ਹਨ। ਮੰਗਣ ਵਾਲੀ ਚੀਜ਼ ਇਕੋ ਹੀ ਹੈ ਤੇ ਉਸ ਦੀ ਮਨਜ਼ੂਰੀ ਗੁਰੂ ਨੇ ਆਪ ਦਿੱਤੀ ਹੈ। ਇਸ ਲਈ ਅਰਦਾਸ ਇਕੋ ਨਾਮ ਲਈ ਕਰਣੀ ਬਣਦੀ ਹੈ, ਹੋਰ ਕਿਸੇ ਚੀਜ਼ ਲਈ ਨਹੀਂ । ਹੋਰ ਵੇਖੀਏ—ਕਿਉਂ?

੧. ਇਕ ਤਾਂ ਅਸੀਂ ਆਪਣੇ ਪਿਤਾ ਪਤੀ ਪ੍ਰਭੂ ਦੀ ਤਾਕਤ ’ਤੇ ਭਰੋਸਾ ਨਾ ਕਰਦਿਆਂ ਉਸ ਨੂੰ ਦੱਸਦੇ ਹਾਂ ਕਿ ਇਹ ਕੰਮ ਸਾਡਾ ਉਸ ਆਪ



ਕਰਨਾ ਹੈ। ਸਾਨੂੰ ਕੀ ਪਤਾ ਜਿਸ ਕੰਮ ਲਈ ਅਰਦਾਸ ਕਰਦੇ ਹਾਂ ਉਹ ਸਾਨੂੰ ਦੁੱਖ ਦੇਵੇਗਾ ਜਾਂ ਸੁੱਖ । ਫਿਰ ਇਹ ਕੀ ਪਤਾ ਕਿ ਵਾਹਿਗੁਰੂ ਆਪ ਸਾਡੀ, ਆਪ ਆਪਣੀ ਸਾਰ ਵਾਲੀ ਬਿਰਤੀ ਨਾਲ ਸਾਡੀ ਹਰ ਜ਼ਰੂਰਤ ਨੂੰ ਪੂਰਾ ਕਰਨ ਵਿੱਚ ਲੱਗਾ ਹੋਵੇ ਤਾਂ ਅਸੀਂ ਮੰਗ ਕੇ ਆਪਣਾ ਮੂੰਹ ਕਾਲਾ ਕਿਉਂ ਕਰਵਾਈਏ? ਜਿਵੇਂ ਕੋਈ ਕਵਾਰੀ ਵਿਆਹੁਣ ਜੋਗ ਬੱਚੀ ਆਪ ਮੂੰਹੋਂ ਕਹਿ ਦੇਵੇ, ਪਿਤਾ ਜੀ ਮੈਂ ਵੱਡੀ ਹੋ ਗਈ ਹਾਂ ਮੇਰਾ ਵਿਆਹ ਕਰੋ । ਭਾਵੇਂ ਪਿਤਾ ਆਪ ਇਸ ਕੰਮ ਲਈ ਸਭ ਕੁਝ ਯਤਨ ਕਰ ਰਹਿਆ ਹੈ, ਪਰ ਉਸ ਬੱਚੀ ਦੇ ਕਹਿਣ ਨਾਲ ਤਾਂ ਉਸ ਨੂੰ ਬੇਸ਼ਰਮ ਅਕਲਹੀਣ ਹੀ ਕਹੇਗਾ । ਕੀ ਅਸੀਂ ਚਾਹੁੰਦੇ ਹਾਂ ਕਿ ਅਸੀਂ ਸਰਬ-ਸ਼ਕਤੀਮਾਨ ਪ੍ਰਭੂ ਪਿਤਾ ਦੀਆਂ ਨਜ਼ਰਾਂ ਵਿੱਚ ਨਾਲਾਇਕ ਲੱਗੀਏ?

੨. ਅਸੀਂ ਨਿੱਕੇ ਅਣਜਾਣ ਬੱਚਿਆਂ ਵਾਂਗ ਕੁਝ ਨਹੀਂ ਜਾਣਦੇ; ਪਰ ਸਾਡਾ ਪਿਤਾ ਸਮਰਥ ਹੈ ਤੇ ਸਭ ਕੁਝ ਭੂਤ ਭਵਿੱਖ ਜਾਣਦਾ ਹੈ। ਜੇ ਉਸ ਨੂੰ ਪਤਾ ਹੈ ਕਿ ਕੋਈ ਚੀਜ਼ ਸਾਡੇ ਲਈ ਫ਼ਾਇਦੇਮੰਦ ਨਹੀਂ ਤੇ ਉਹ ਨਹੀਂ ਦੇਣਾ ਚਾਹੁੰਦਾ, ਅਸੀਂ ਕਿਉਂ ਮੰਗ ਕੇ ਆਪਣੀ ਕਦਰ ਘਟਾਈਏ। ਨਿੱਕਾ ਬੱਚਾ ਨਹੀਂ ਜਾਣਦਾ ਕਿ ਮਾਚਸ ਦੀ ਤੀਲੀ ਨਾਲ ਖੇਡਣ ਨਾਲ ਅੱਗ ਲੱਗ ਸਕਦੀ ਹੈ ਤੇ ਮਾਂ ਇਸ ਦੀ ਇਜਾਜ਼ਤ ਉਸ ਨੂੰ ਨਹੀਂ ਦੇਂਦੀ, ਉਸ ਦੇ ਹੱਥੋਂ ਖੋਹ ਲੈਂਦੀ ਹੈ। ਇਸੇ ਤਰ੍ਹਾਂ ਸਾਡਾ ਮਾਤਾ-ਪਿਤਾ ਸਾਨੂੰ ਉਹ ਚੀਜ਼ ਨਹੀਂ ਦੇਂਦਾ ਜਿਸ ਨਾਲ ਦੁੱਖੀ ਹੋਵਾਂਗੇ ।

੩. ਇਕ ਮਿਸਾਲ ਲਈਏ। ਫ਼ਰਜ਼ ਕਰੋ ਮੰਗ-ਮੰਗ ਕੇ ਕਾਰ ਲੈ ਲਈ ਤੇ ਵਾਹਿਗੁਰੂ ਦੇ ਨਾਮ ਵਿੱਚ ਧਿਆਨ ਨਾ ਦੇਂਦਿਆਂ ਆਪਣੀ ਮਨਮਤਿ ਵਿੱਚ ਐਸ਼ ਦਾ ਧਿਆਨ ਰੱਖਿਆ। ਕੀ ਪਤਾ ਇਸ ਕਾਰ ਦੇ ਹਾਦਸੇ ਵਿੱਚ ਸਾਰਾ ਟੱਬਰ ਮਰ ਜਾਏਗਾ ਜਾਂ ਮੰਗ ਮੰਗ ਕੇ ਬਚਾਅ ਲਿਆ, ਤੇ ਜੇ ਕਿਤੇ ਅਪੰਗ ਜਾਂ ਨੇਤ੍ਰਹੀਣ ਨਿਕਲ ਆਇਆ ਤਾਂ ਅਸੀਂ ਦੁੱਖੀ ਹੋਵਾਂਗੇ। ਕਿਉਂ ਨਾ ਪ੍ਰਭੂ ਦੀ ਰਜ਼ਾ ਵਿੱਚ ਰਹਿ ਕੇ ਅਸੀਂ ਕੇਵਲ ਨਾਮ ਮੰਗੀਏ ਜਿਸ ਬਾਰੇ ਗੁਰੂ ਕਹਿੰਦਾ ਹੈ:-

(ੳ) **ਸਭਿ ਵਡਿਆਈਆ ਹਰਿ ਨਾਮ**
**ਵਿਚਿ ਹਰਿ ਗੁਰਮਖਿ ਧਿਆਈਐ॥** (ਅੰਗ ੮੫੦)

(ਅ) **ਸਰਬ ਸੂਖ ਹਰਿ ਨਾਮਿ ਵਡਾਈ ॥**
**ਗੁਰ ਪ੍ਰਸਾਦਿ ਨਾਨਕ ਗਤਿ ਪਾਈ॥** (ਅੰਗ ੭੨੦)

(ੲ) **ਪਾਰਜਾਤੁ ਇਹੁ ਹਰਿ ਕੋ ਨਾਮ ॥**
**ਕਾਮਧੇਨ ਹਰਿ ਹਰਿ ਗੁਣ ਗਾਮ ॥** (ਅੰਗ ੨੬੫)

(ਸ) **ਗੁਰ ਕੇ ਚਰਣ ਊਪਰਿ ਮੇਰੇ ਮਾਥੇ॥**
**ਤਾ ਤੇ ਦੁਖ ਮੇਰੇ ਸਗਲੇ ਲਾਥੇ॥** (ਅੰਗ ੧੮੭)

(ਹ) **ਅਪੁਨੇ ਜਨ ਕਾ ਪਰਦਾ ਢਾਕੈ ॥**

**ਅਪਨੇ ਸੇਵਕ ਕੀ ਸਰਪਰ ਰਾਖੈ ॥** (ਅੰਗ ੨੯੫)

ਹੁਣ ਇਹ ਵਿਚਾਰ ਕਰਨ ਦੀ ਲੋੜ ਹੈ ਕਿ ਜੇ ਅਸੀਂ ਆਪਣੇ ਪ੍ਰਭੂ ਨੂੰ ਪ੍ਰੇਮ ਭਗਤੀ ਨਾਲ ਰਿਝਾ ਲੈਂਦੇ ਹਾਂ ਤਾਂ ਸਾਫ਼ ਜ਼ਾਹਿਰ ਹੈ ਕਿ ਗੁਰੂ ਨੇ ਨਾ ਕੇਵਲ ਆਪਣਾ ਬਣਾ ਲੈਣਾ ਹੈ, ਸਗੋਂ ਸਭ ਕੁਝ ਸਾਨੂੰ ਆਪਣੇ ਆਪ ਦੇਣਾ ਹੈ। ਅਸੀਂ ਆਪਣੀਆਂ ਦੁਨਿਆਵੀ ਮੰਗਾਂ ਜਿਨ੍ਹਾਂ ਬਾਰੇ ਦੁੱਖੀ ਹੋਣ ਦੀ ਸੰਭਾਵਨਾ ਹੈ ਕਿਉਂ ਆਪਣੇ ਲਈ ਦੁੱਖ ਲੋੜਦੇ ਹਾਂ ਤੇ ਆਪਣੇ ਪਿਤਾ ਵਿੱਚ ਅਵਿਸ਼ਵਾਸ ਦੀ ਭਾਵਨਾ ਲਿਆਉਂਦੇ ਹਾਂ । ਕਿਵੇਂ ?

੧. ਕੀ ਸਾਨੂੰ ਇਤਬਾਰ ਨਹੀਂ ਕਿ ਬਾਣੀ ਪੂਰੀ ਤਰ੍ਹਾਂ ਸੱਚੀ ਹੈ ਤੇ ਜੋ ਕੁਝ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੈ ਪੱਥਰ 'ਤੇ ਲਕੀਰ ਹੈ ?

੨. ਕੀ ਸਾਨੂੰ ਯਕੀਨ ਨਹੀਂ ਕਿ ਸਾਡਾ ਵਾਹਿਗੁਰੂ ਅੰਤਰਜਾਮੀ ਹੈ ਤੇ ਸਾਡੇ ਦਿਲ ਦੀ ਹਰ ਗੱਲ ਜਾਣਦਾ ਹੈ ?

੩. ਕੀ ਅਸੀਂ ਨਹੀਂ ਮੰਨਦੇ ਕਿ ਪਿਤਾ ਸਭਨਾਂ ਗੱਲਾਂ ਸਮਰਥ ਹੈ ਤੇ ਸਾਨੂੰ ਕਿਸੇ ਤਰ੍ਹਾਂ ਵੀ ਪ੍ਰੇਸ਼ਾਨ ਨਹੀਂ ਹੋਣ ਦੇਵੇਗਾ। ਹਰ ਹਾਲਤ ਵਿੱਚ ਇਹ ਨਹੀਂ ਹੋ ਸਕਦਾ ਕਿ ਉਹ ਇੰਤਜ਼ਾਰ ਕਰੇ ਕਿ ਅਸੀਂ ਮੰਗੀਏ ਤਾਂ ਦੇਵੇ ।

ਗੁਰੂ ਅਰਜਨ ਦੇਵ ਜੀ ਕਿਵੇਂ ਯਕੀਨ ਦਿਵਾਂਦੇ ਹਨ।

**ਪਉੜੀ (ਮਾਰੂ ਡਖਣੇ ਵਾਰ ਮਹਲਾ ੫)**

**"ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥**
**ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥**
**ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥**
**ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥**
**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥**
**ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥**
**ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ॥"**

(ਅੰਗ ੧੦੯੬)

ਆਉ ਥੋੜ੍ਹੀ ਡੂੰਘੀ ਵੀਚਾਰ ਕਰੀਏ। ਜੇ ਅਸੀਂ ਗੁਰੂ ਦੇ ਸਿੱਖ ਬਣਨ ਨੂੰ ਤਿਆਰ ਹਾਂ ਤੇ ਗੁਰੂ ਅੱਗੇ ਪੂਰੀ ਤਰ੍ਹਾਂ ਢਹਿ ਕੇ ਉਹਦੀ ਗ਼ੁਲਾਮੀ ਕਰਨਾ ਲੋਚਦੇ ਹਾਂ ਤਾਂ ਸਾਡੀ ਕੋਈ ਮੰਗ ਰਹਿ ਹੀ ਨਹੀਂ



ਜਾਂਦੀ, ਪਰ ਕਮਾਲ ਇਹ ਹੈ ਕਿ ਕੋਈ ਸਾਰੀ ਦੁਨੀਆਂ ਦੀ ਸਲਤਨਤ ਸਾਡੇ ਹਵਾਲੇ ਕਰਕੇ ਸਾਨੂੰ ਪੂਰੀ ਤਰ੍ਹਾਂ ਆਜ਼ਾਦ ਕਰ ਦਿੰਦਾ ਹੈ। ਫਿਰ ਕੀ ਇਹ ਸਾਡਾ ਝੱਲ ਨਹੀਂ ਕਿ ਕਰੋੜਾਂ ਦਾ ਮਾਲ ਮਿਲਦਾ ਛੱਡ ਕੇ ਅਸੀਂ ਕੌਡੀਆਂ ਪਿੱਛੇ ਦੌੜਦੇ ਹਾਂ ਤੇ ਉਹੋ ਕੁਝ ਮੰਗਦੇ ਹਾਂ ਜਿਸ ਨੇ ਨਾ ਰਹਿਣਾ ਹੈ ਨਾ ਸੁਖ ਦੇਣਾ ਹੈ। ਸਾਡੇ 'ਤੇ ਇਹ ਗੱਲਾਂ ਪੂਰੀ ਤਰ੍ਹਾਂ ਢੁਕਦੀਆਂ ਹਨ :

—ਗੁਰੂ ਨੇ ਨਾਮ ਦਾ ਅਮੋਲਕ ਰਤਨ ਸਾਡੀ ਤਲੀ 'ਤੇ ਧਰ ਦਿੱਤਾ ਪਰ

**'ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ॥'**

(ਅੰਗ ੮੯੦)

ਗੁਰੂ ਅਰਜਨ ਦੇਵ ਜੀ ਦੇ ਸ਼ਬਦ ਦੀ ਵਿਚਾਰ ਦੱਸਦੀ ਹੈ ਕਿ:

—ਜਦ ਵਾਹਿਗੁਰੂ ਸਾਡੇ ਵੱਲ ਹੋ ਜਾਏ ਤਾਂ ਸਾਨੂੰ ਕਿਸੇ ਗੱਲ ਦਾ ਘਾਟਾ ਨਹੀਂ ਹੋਵੇਗਾ (ਮੰਗਣ ਦੀ ਜਾਚ ਸਿੱਖੀਏ, ਕੇਵਲ ਨਾਮ ਮੰਗਣ ਦੀ, ਤਾਂ ਜੋ ਅਸੀਂ ਮਾਇਆ ਦੇ ਜ਼ਹਿਰ ਤੋਂ ਵੀ ਬਚ ਜਾਈਏ, ਮੋਹ ਜਾਲ 'ਚੋਂ ਵੀ ਨਿਕਲ ਜਾਈਏ ਤੇ ਸਾਰੀ ਦੁਨੀਆਂ ਦੇ ਰਾਜੇ ਵੀ ਬਣ ਜਾਈਏ)।

—ਸਤਿਗੁਰੂ ਆਪਣੇ ਆਪ ਹੀ ਸਾਨੂੰ ਸਭ ਕੁਝ ਸਉਪਦੇ ਹਨ ਜੇ ਅਸੀਂ ਗ਼ੁਲਾਮੀ ਕਰੀਏ, ਮਤਲਬ ਕਿ ਪੂਰੀ ਤਰ੍ਹਾਂ ਗੁਰੂ ਦੇ ਆਖੇ ਲੱਗੀਏ (ਕੀ ਇਹ ਚੰਗਾ ਨਹੀਂ ਕਿ ਨਾਲੇ ਸਿੱਖੀ ਕਮਾਈਏ, ਨਾਲੇ ਸਾਹਿਬਾਂ ਦੀ ਹਰ ਚੀਜ਼ ਦੇ ਭਾਈਵਾਲ ਬਣੀਏ ਬਜਾਏ ਇਸ ਦੇ ਮਾਇਆ ਮਮਤਾ ਵਿੱਚ ਦੁੱਖ ਮੰਗਦੇ ਰਹੀਏ)।

—ਪੈਸੇ ਦੀ ਕਦੇ ਘਾਟ ਨਹੀਂ ਹੋਵੇਗੀ। ਖਾਵਾਂਗੇ, ਖ਼ਰਚਾਂਗੇ, ਅਨੰਦ ਮਾਣਾਂਗੇ, ਫਿਰ ਵੀ ਬਚ ਜਾਏਗਾ (ਕੀ ਫਿਰ ਕਉਡੀ ਕਉਡੀ ਮੰਗਣੀ ਠੀਕ ਹੈ?)।

—ਸਾਰੀ ਦੁਨੀਆਂ ਸਾਡੀ ਸੇਵਾ ਕਰੇਗੀ ਜੇ ਨਾਮ ਵਿੱਚ ਲੀਨ ਰਹਵਾਂਗੇ (ਮੰਗਤੇ ਫਿਰ ਕਿਉਂ ਬਣੀਏ) ।

—ਸਾਡੇ ਵੈਰੀ ਵੀ ਮਿਤ੍ਰ ਬਣ ਜਾਣਗੇ, ਸਾਡਾ ਭੈੜਾ ਕੋਈ ਮੰਗੇਗਾ ਹੀ ਨਹੀਂ।

—ਜਦੋਂ ਹਰੀ ਨੇ ਸਾਡੀ ਬਾਂਹ ਫੜ ਲਈ ਤਾਂ ਲੇਖਾ ਵੀ ਕੋਈ ਨਹੀਂ ਮੰਗੇਗਾ।

—ਗੁਰੂ-ਵਾਹਿਗੁਰੂ ਨਾਲ ਰਹਿ ਕੇ ਹਮੇਸ਼ਾਂ ਅਨੰਦ ਵਿੱਚ ਸੁਖੀ ਰਹਵਾਂਗੇ।

—ਸਾਰੇ ਕੰਮ ਆਪਣੇ ਆਪ ਸਵਰ ਜਾਣਗੇ, ਜਦ ਪ੍ਰਭੂ ਨੂੰ ਚੰਗੇ ਲੱਗਾਂਗੇ।

ਇਨ੍ਹਾਂ ਬਰਕਤਾਂ ਤੋਂ ਇਲਾਵਾ ਹੋਰ ਸਾਨੂੰ ਚਾਹੀਦਾ ਹੀ ਕੀ ਹੈ ? ਮੰਗ ਕੇ ਆਪਣੀ ਬੇਅਕਲੀ, ਬੇਇਤਬਾਰੀ ਤੇ ਅਕਿਰਤਘਣਤਾ ਦੱਸਦੇ ਹਾਂ । ਕਿਉਂ ਨਾ ਹਰ ਵੇਲੇ ਸਾਹਿਬਾਂ ਦਾ ਪਿਆਰ, ਨਾਮ ਦਾ ਰੰਗ, ਪ੍ਰੇਮ ਦਾ ਹੜ੍ਹ ਤੇ ਭਗਤੀ ਦਾ ਚਾਅ, ਦਿਨ ਰਾਤ ਹਰਿ ਗੁਣ ਗਾਣ ਲਈ ਤਰਲੇ ਲਈਏ। ਇਕ ਤਾਂ ਇਹ ਸਭ ਪ੍ਰਭੂ ਨੂੰ ਚੰਗਾ ਲੱਗਦਾ ਹੈ, ਦੂਜਾ ਅਸੀਂ ਪੂਰੀ ਤਰ੍ਹਾਂ ਅਨੰਦ ਵਿੱਚ ਰਹਿੰਦੇ ਹਾਂ।

ਹੋਰ ਸੁਣੋ ਜੇ ਪੈਸਾ ਮੰਗਦੇ ਹਾਂ ਤਾਂ ਗੁਰੂ ਕਹਿੰਦਾ ਹੈ :

**"ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ॥**
**ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ॥**
**ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥**
**ਜਿਨ੍ਹ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥**

(ਅੰਗ ੧੨੮੭)

(ਮਤਲਬ, ਜੇ ਨਾਮਧਨ ਮਿਲ ਗਿਆ ਤਾਂ ਲਾਜ ਵੀ ਰਹੇਗੀ, ਧਰਮ ਵੀ ਰਹੇਗਾ। ਦੁਨੀਆਂ ਦਾ ਧਨ ਨਾ ਮੰਗੀਏ ਕਿਉਂਕਿ ਇਹ ਮਿੱਤਰ ਨਹੀਂ, ਸਿਰ ਵਿੱਚ ਚੋਟਾਂ ਪਵਾਂਦਾ ਹੈ। ਜਿਨ੍ਹਾਂ ਕੋਲ ਦੁਨਿਆਵੀ ਧਨ ਹੈ ਉਹ ਤਾਂ ਕੰਗਾਲ ਮੰਗਤੇ ਹਨ, ਪਰ ਜਿਨ੍ਹਾਂ ਕੋਲ ਪ੍ਰਭੂ ਹੈ ਉਹ ਗੁਣਾਂ ਦੇ ਖ਼ਜ਼ਾਨੇ ਹਨ)।

ਕੀ ਫਿਰ ਦੁਨਿਆਵੀ ਧਨ ਮੰਗ ਕੇ ਕੰਗਾਲ ਮੰਗਤੇ ਬਣਨਾ ਚਾਹੁੰਦੇ ਹਾਂ ਜਦ ਸਾਹਿਬ ਸਾਨੂੰ ਰਾਜਾ ਬਣਾਂਦੇ ਹਨ ?

ਹੁਣ ਵੀਚਾਰ ਕਰੀਏ ਕਿ ਜਦ ਇਤਨੀ ਸਪੱਸ਼ਟ ਸਿੱਖਿਆ ਹੈ ਨਾਮ ਬਿਨਾਂ ਕੁਝ ਨਾ ਮੰਗਣ ਦੀ ਤੇ ਨਾਮ ਬਿਨਾਂ ਸਭ ਕੁਝ ਦੁੱਖ ਮੰਗਣਾ ਹੈ, ਅਸੀਂ ਫਸ ਕਿਵੇਂ ਗਏ? ਲੱਗਦਾ ਹੈ:

੧. ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ ਵੀਚਾਰਿਆ ਨਹੀਂ, ਬੁੱਤ ਵਾਂਗ ਪੂਜਦੇ ਗਏ, ਰੁਮਾਲੇ ਚੜ੍ਹਾਂਦੇ ਰਹੇ ਤੇ ਸਿੱਖਿਆ ਵੱਲ ਧਿਆਨ ਹੀ ਨਹੀਂ ਦਿੱਤਾ।

੨. ਭਾਈਆਂ, ਰਾਗੀਆਂ, ਕਥਾਕਾਰਾਂ ਨੇ ਜੇ ਕੁਝ ਸਮਝਿਆ ਤਾਂ ਵੀ ਮਾਇਆ ਦੇ ਗੱਫ਼ਿਆਂ ਵਿੱਚ ਫਸੇ ਹੋਣ ਕਰਕੇ ਸਾਨੂੰ ਵੀ ਦੁਨਿਆਵੀ ਜ਼ਹਿਰੀਲੀ ਮਾਇਆ ਦੇ ਘੇਰੇ ਵਿੱਚ ਹੀ ਰੱਖਿਆ।

੩. ਅਮੀਰ ਸਰਦਾਰਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕੀਤਾ ਤਾਂ ਵੀ ਘਰੋਂ ਸ਼ਰਾਬ ਨਾ ਨਿਕਲੀ ਤੇ ਭਾਈ ਨੌਕਰ ਰੱਖ ਕੇ ਪ੍ਰਕਾਸ਼/ਸੁਖ ਆਸਨ ਕਰਾਂਦੇ ਰਹੇ, ਪਤਾ ਹੀ ਨਾ ਲੱਗਾ ਕਿ ਗੁਰੂ ਕਹਿੰਦਾ ਕੀ ਹੈ।

੪. ਮਾਇਆ ਵਿੱਚ ਖੱਚਤ ਹੋ ਗਏ ਪਰ ਬਾਹਰਲੀ ਧਾਰਮਿਕਤਾ



ਕਾਇਮ ਰੱਖਣ ਲਈ ਕਰਮਕਾਂਡ ਵਿੱਚ ਫਸ ਕੇ ਦੁਨਿਆਵੀ ਮੰਗਾਂ ਹੀ ਮੰਗਦੇ ਰਹੇ—ਆਤਮਿਕ ਸੁੱਖ ਤੇ ਆਤਮਿਕ ਬਲ ਜਿਹੜਾ ਪ੍ਰੇਮ ਨਾਲ ਮਿਲਦਾ ਸੀ, ਉਹਦਾ ਧਿਆਨ ਹੀ ਨਾ ਰਹਿਆ ।

੫. ਕਥਾਕਾਰਾਂ ਨੂੰ ਇਹ ਚੰਗਾ ਲੱਗਾ ਕਿ ਨਾਲੇ ਉਹ ਪੈਸੇ ਕਮਾਂਦੇ ਰਹੇ, ਨਾਲੇ ਲੋਕਾਂ ਨੂੰ ਇਹ ਯਕੀਨ ਦਿਵਾਂਦੇ ਰਹੇ ਕਿ ਅਰਦਾਸਾਂ ਕਰਕੇ ਮੰਗਦੇ ਰਹੀਏ ਤੇ ਮਾਇਆ ਵਿੱਚ ਫਸੇ ਰਹੀਏ। ਕਹਿਣ ਲੱਗੇ—ਹੋਰ ਕਿਸ ਤੋਂ ਮੰਗਣਾ ਹੈ। ਕਬੀਰ ਜੀ, ਧੰਨਾ ਜੀ ਨੇ ਮੰਗਿਆ, ਭੁੱਲ ਗਏ ਸਾਰੇ ਕਿ ਪਹਿਲਾਂ ਕਬੀਰ, ਧੰਨਾ ਬਣਨਾ ਹੈ ਤਾਂ ਜੋ ਸਾਡੀ ਯਾਰੀ ਪੈ ਜਾਏ ਪ੍ਰਭੂ ਨਾਲ।

ਇਕ ਹੋਰ ਗੱਲ-ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਇਕ ਬੜਾ ਹੀ ਕਮਾਲ ਦਾ ਸਲੋਕ ਹੈ:-

**"ਅਤਿ ਸੁੰਦਰ ਕੁਲੀਨ ਚਤੁਰ ਮੁਖ ਙਿਆਨੀ ਧਨਵੰਤ ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥"**

(ਅੰਗ ੨੫੩)

ਕਮਾਲ ਇਹ ਹੈ ਕਿ ਦੁਨੀਆਂ ਦੀਆਂ ਸਭ ਮਾਇਆ ਮੋਹ ਵਿੱਚ ਫਸੀਆਂ ਮੰਗਾਂ ਦਾ ਜ਼ਿਕਰ ਆਉਂਦਾ ਹੈ, ਪਰ ਫ਼ੈਸਲਾ ਬੜਾ ਹੀ ਸਪੱਸ਼ਟ ਹੈ। ਮਤਲਬ ਭਾਵੇਂ ਕੋਈ ਬਹੁਤ ਹੀ ਸੁੰਦਰ ਹੋਵੇ, ਭਾਵੇਂ ਕੋਈ ਵੱਡੀ ਕੁਲ 'ਚੋਂ ਹੋਵੇ, ਭਾਵੇਂ ਕੋਈ ਬੜਾ ਹੀ ਚਲਾਕ ਤੇ ਸਿਆਣਾ ਹੋਵੇ, ਗਿਆਨੀ ਜਾਂ ਵੱਡਾ ਧਨਾਢ ਹੋਵੇ, ਇਨ੍ਹਾਂ ਸਭ ਮਾਇਆਵਾਦੀ ਬਰਕਤਾਂ ਦੇ ਹੁੰਦਿਆਂ ਵੀ ਉਹ ਬੰਦਾ ਲਾਸ਼ ਦੇ ਬਰਾਬਰ ਹੈ ਜੇ ਉਸ ਵਿੱਚ ਪ੍ਰਭੂ ਦਾ ਪਿਆਰ ਨਹੀਂ ।

ਕੀ ਇਹ ਸਾਫ਼ ਨਹੀਂ ਕਿ ਸਭ ਤੋਂ ਵੱਡੀ ਮੰਗ, ਸੁਖਦਾਈ ਮੰਗ, ਪ੍ਰੇਮ ਤੇ ਅਨੰਦ ਵਾਲੀ ਮੰਗ, ਚੈਨ ਤੇ ਧਰਮ ਦੀ ਜ਼ਿੰਦਗੀ ਲਈ ਨਾਮ ਤੇ ਕੇਵਲ ਨਾਮ ਹੀ ਸਾਡਾ ਆਧਾਰ ਹੈ। ਨਾਮ ਤੋਂ ਬਿਨਾਂ ਕਿਸੇ ਚੀਜ਼ ਲਈ ਅਰਦਾਸ ਕਰਨਾ ਨਾ ਕੇਵਲ ਦੁੱਖ ਮੰਗਣਾ ਹੈ ਬਲਕਿ ਸਿੱਖੀ ਦੇ ਅਸੂਲਾਂ ਨਾਲ ਮਜ਼ਾਕ ਹੈ। ਪੂਰੀ ਤਰ੍ਹਾਂ ਸਮਝਣ ਦੀ ਗੱਲ ਇਹ ਹੈ ਕਿ ਸਾਡਾ ਗੁਰੂ ਤਾਂ ਇਹ ਕਹਿੰਦਾ ਹੈ ਕਿ ਨਾਮ ਤੋਂ ਬਗੈਰ ਕੁਝ ਮੰਗਣਾ ਦੁੱਖਾਂ ਦੇ ਵੱਡੇ ਦੁੱਖ ਮੰਗਣਾ ਹੈ। ਜਦ ਤਕ ਅਸੀਂ ਨਾਮ ਤੇ ਮਨ ਨਹੀਂ ਜੋੜਦੇ, ਮਾਇਆ ਵਿੱਚ ਫਸ ਕੇ ਹੋਰ ਹੋਰ ਕਰਮਕਾਂਡੀ ਬਣ ਜਾਵਾਂਗੇ ਤੇ ਭੁੱਲ ਜਾਵਾਂਗੇ ਕਿ ਪ੍ਰਭੂ ਦਾ ਪਿਆਰ ਹੀ ਸਾਡਾ ਆਧਾਰ ਹੈ, ਨਾ ਕਿ ਦੁਨੀਆਂ ਦੀਆਂ ਚੀਜ਼ਾਂ, ਸਾਕ-ਸੈਨ ਜਾਂ ਵਡਿਆਈਆਂ ।

# ਨਾਮ ਦੀ ਰੋਸ਼ਨੀ ਮੇਰੀ ਨੇਤ੍ਰਹੀਨ ਮਦਰਾਸੀ ਬੇਟੀ ਨੂੰ ਰਾਹ ਵਿਖਾਂਦੀ ਹੈ

(ਮੂਲ ਅੰਗਰੇਜ਼ੀ ਲੇਖ ਦਾ ਪੰਜਾਬੀ ਰੂਪਾਂਤਰ)

ਆਪ ਦੀਆਂ ਤੇ ਮੇਰੀਆਂ ਦੋ-ਦੋ ਅੱਖਾਂ ਹਨ, ਪਰ ਉਸ ਦੀਆਂ ਕਈ ਅੱਖਾਂ ਹਨ। ਅਸੀਂ ਤੁਸੀਂ ਉਹ ਵੇਖਦੇ ਹਾਂ ਜੋ ਬਾਹਰਲੇ ਨੇਤ੍ਰਾਂ ਨਾਲ ਵੇਖਿਆ ਜਾ ਸਕਦਾ ਹੈ, ਪਰ ਉਸ ਕੋਲ ਤਾਂ ਅੰਦਰੂਨੀ ਰੋਸ਼ਨੀ ਹੈ। ਇਸ ਤੋਂ ਵੀ ਵੱਧ, ਉਹ ***ਸਾਡੇ ਨਾਲੋਂ ਵੱਧ ਸੰਤੋਖੀ, ਵੱਧ ਖ਼ੁਸ਼-ਮਿਜ਼ਾਜ ਤੇ ਸਮਾਜ ਲਈ ਜ਼ਿਆਦਾ ਉਪਯੋਗੀ ਹੈ ! ਇਸੇ ਲਈ ਮੈਂ ਕਹਿੰਦਾ ਹਾਂ ਕਿ ਨਾਮ ਦੀ ਰੌਸ਼ਨੀ ਉਸ ਨੂੰ ਰਾਹ ਵਿਖਾਂਦੀ ਹੈ ।***

੪੬ ਵਰ੍ਹਿਆਂ ਦੀ ਸੀ ਰਾਜਲਕਸ਼ਮੀ, ਪੂਰੀ ਤਰ੍ਹਾਂ blind ਹੈ। ਤਾਮਿਲਨਾਡੂ ਦੀ ਜੰਮ-ਪਲ, ਦਿੱਲੀ ਭਾਰਤ ਸਰਕਾਰ ਦੇ ਇਕ ਮੰਤ੍ਰਾਲਯ 'ਚ ਕੰਮ ਕਰਦੀ, ਉਹ ਨੇਤ੍ਰਹੀਨ ਮਦਰਾਸੀ ਹੈ ਤੇ ਮੈਂ ਇਕ ਸਿੱਖ; ਪਰ ੧੯੭੬ ਤੋਂ ਉਹ ਮੇਰੀ ਗੁਣਵੰਤੀ ਬੇਟੀ ਹੈ। ਜਦੋਂ ਮੈਂ ਪੈਰਿਸ ਤੋਂ ਵਾਪਸ ਪਰਤਿਆ ਤੇ ਅਸਾਂ ਇਹ ਫ਼ੈਸਲਾ ਕੀਤਾ ਕਿ ਉਹ ਸਾਡੇ ਘਰ ਰਿਹਾ ਕਰੇਗੀ।

ਮੇਰਾ ਉਸ ਨਾਲ ਇਕ ਸਤਿਸੰਗੀ ਦਾ ਰਿਸ਼ਤਾ ਹੈ, ਪਰ ਇਹ ਰਿਸ਼ਤਾ ਉਸ ਅੰਦਰ ਇਤਨੀ ਗਹਿਰਾਈ ਨਾਲ ਉਤਰ ਗਿਆ ਹੈ ਕਿ Chennai ਰਹਿਣ ਵਾਲੀ ਉਸ ਦੀ ਮਾਂ ਵੀ-ਜੋ ਕੇਵਲ ਤਾਮਿਲ ਜਾਣਨ ਕਾਰਣ ਮੇਰੇ ਨਾਲ ਰਾਜਲਕਸ਼ਮੀ ਰਾਹੀਂ ਗੱਲਬਾਤ ਕਰਦੀ ਹੈ-ਅਸ਼ਰੂਪੂਰਿਤ ਨੇਤ੍ਰਾਂ ਨਾਲ ਇਸ ਗੱਲ ਦਾ ਧੰਨਵਾਦ ਕਰਦੀ ਹੈ ਕਿ ਉਸ ਦੀ ਬੇਟੀ ਨੂੰ ਪ੍ਰਭੂ ਦੇ ਨਾਮ ਦਾ ਪਿਤਾ ਮਿਲ ਗਿਆ ਹੈ। ਮਾਂ ਕਹਿੰਦੀ ਹੈ ਹੁਣ ਮੈਨੂੰ ਕੋਈ ਚਿੰਤਾ ਨਹੀਂ, ਉਸ ਦੇ ਪਿਤਾ ਵੀ ਖ਼ੁਸ਼ ਹਨ ਤੇ ਭੈਣ-ਭਰਾ ਵੀ।

ਰਾਜਲਕਸ਼ਮੀ ਹਰ ਵੇਲੇ ਸਤਿਸੰਗੀਆਂ ਨਾਲ ਘਿਰੀ ਰਹਿੰਦੀ ਹੈ ਜੋ ਉਸ ਨੂੰ ਆਪਣੀ ਭੈਣ ਮੰਨਦੇ ਹਨ ਤੇ ਉਸ ਦੀ ਸੇਵਾ-ਬਾਹਰਲੀਆਂ ਅੱਖਾਂ ਦੇ ਕੰਮ ਕਰਕੇ ਮਾਣ ਮਹਿਸੂਸ ਕਰਦੇ ਹਨ। ਕੀ ਆਪ ਜਾਣਦੇ ਹੋ ਹੁਣ ਉਹ ਕਿੱਥੇ ਰਹਿੰਦੀ ਹੈ? ਦਿੱਲੀ, ਇਕ ਸਿੱਖਾਂ ਦੇ ਘਰ ਆਪਣੀ ਇਕ ਸਤਿਸੰਗੀ ਭੈਣ ਤੇ ਆਫਿਸ ਦੀ ਸਾਥਣ ਨਾਲ। ਜਦੋਂ ੧੯੭੯ ਵਿੱਚ ਮੈਂ ਨੌਕਰੀ ਛੱਡ ਕੇ ਦਿੱਲੀ ਤੋਂ ਤਪੋਵਨ, ਅਮਰਾਵਤੀ ਆ ਗਿਆ ਤਾਂ ਉਸ ਨੂੰ ਉਹ ਸਤਿਸੰਗੀ ਸਿੱਖ ਭੈਣ—ਜੋ ਪਿਛਲੇ ੨੯ ਸਾਲਾਂ ਤੋਂ ਮੇਰੀ ਵੀ ਸਤਿਸੰਗੀ ਹੈ—ਆਪਣੇ ਘਰ ਲੈ ਗਈ ਤੇ ਉਹ ਇਕੋ ਪਰਿਵਾਰ ਦੇ ਮੈਂਬਰਾਂ ਵਾਂਗ ਰਹਿ ਰਹੀਆਂ ਹਨ। ਸਤਿਸੰਗੀ ਭੈਣ ਦੇ ਪਤੀ (ਜਿਨ੍ਹਾਂ ਦੀ ਹੁਣ death ਹੋ ਚੁੱਕੀ ਹੈ) ਤੇ ਬੱਚਿਆਂ (ਦੋ ਬੇਟੇ ਜਿਨ੍ਹਾਂ ਦੀ ਹੁਣ ਸ਼ਾਦੀ ਹੋ ਚੁੱਕੀ ਹੈ ਤੇ ਉਹ ਹੁਣ ਅਲੱਗ ਰਹਿੰਦੇ



ਹਨ) ਲਈ ਉਹ ਪਰਿਵਾਰ ਦੇ ਮੈਂਬਰ ਨਾਲੋਂ ਵੀ ਵੱਧ ਸਹਾਈ ਹੋ ਕੇ ਰਹੀ ਹੈ। ਮੈਂ ਤੇ ਮੇਰੀ ਪਤਨੀ ਨੇ ਤਿੰਨ ਸਾਲ ਰਾਜਲਕਸ਼ਮੀ ਨਾਲ ਰਹਿਣ ਦਾ ਆਨੰਦ ਮਾਣਿਆ।

ਮੈਟ੍ਰਿਕ ਪਾਸ ਕਰਨ ਤੀਕਰ ਰਾਜਲਕਸ਼ਮੀ ਨੂੰ ਕੁਝ-ਕੁਝ ਦਿੱਸਦਾ ਸੀ, ਇਹ ਪੜ੍ਹਾਈ ਉਸ ਦੇ ਬੜੇ ਕੰਮ ਆਈ ਹੈ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਿੱਚ। ਪ੍ਰਭੂ ਦੀ ਖੇਡ ਅਜੀਬ ਹੈ, ਉਸ ਦੇ ਦੋ ਭਰਾਵਾਂ ਦੀਆਂ ਅੱਖਾਂ ਬਿਲਕੁੱਲ ਠੀਕ ਹਨ ਤੇ ਉਹ Chennai ਵਿਖੇ ਚੰਗੀ ਤਰ੍ਹਾਂ Settled ਹਨ। ਉਸ ਦਾ ਸਭ ਤੋਂ ਵੱਡਾ ਭਰਾ (ਜੋ ਉਸ ਵਾਂਗ ਨੇਤ੍ਰਹੀਨ ਹੈ), ਬੰਬਈ ਇਕੱਲਾ ਕਾਫ਼ੀ ਚਿਰ ਕੰਮ ਕਰਦਾ ਰਿਹਾ। ਉਸ ਦੀ ਨੇਤ੍ਰਹੀਨ ਭੈਣ ਬਾਕੀ ਦੇ ਪਰਿਵਾਰ ਨਾਲ Chennai ਵਿਖੇ ਰਹਿੰਦੀ ਹੈ।

ਸਾਡੇ ਨਾਲ ਰਹਿੰਦਿਆਂ ਤਿੰਨ ਸਾਲਾਂ ਵਿੱਚ ਇਕ ਵਾਰ ਵੀ ਅਸਾਂ ਉਸ ਕੋਲੋਂ ਅੱਖਾਂ ਨਾ ਹੋਣ ਬਾਰੇ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਸੁਣੀ। ਹਾਂ, ਸਾਡੇ ਪੁੱਛਣ 'ਤੇ ਉਸ ਦੱਸਿਆ ਕਿ double defect ਹੋਣ ਕਰਕੇ ਉਸ ਦੀਆਂ ਅੱਖਾਂ 'ਚ cornea grafting ਵੀ ਨਹੀਂ ਹੋ ਸਕਦੀ, ਐਸਾ ਡਾਕਟਰਾਂ ਦਾ ਕਹਿਣਾ ਹੈ। ਪਰ ਉਹ ***ਅੱਖਾਂ ਬਾਰੇ ਪੁਛਗਿੱਛ ਪਸੰਦ ਹੀ ਨਹੀਂ ਕਰਦੀ, "ਮੈਂ ਪੂਰੀ ਤਰ੍ਹਾਂ ਖ਼ੁਸ਼ ਹਾਂ, ਪ੍ਰਭੂ ਨੇ ਮੈਨੂੰ ਸਭ ਕੁਝ ਦਿੱਤਾ ਹੈ, ਮੇਰੇ ਅੰਦਰ ਆਪਣੀ ਹਜ਼ੂਰੀ ਬਖਸ਼ੀ ਹੈ ਤੇ ਮੈਨੂੰ ਸਤਿਸੰਗੀ ਭੈਣਾਂ ਭਰਾ ਦਿੱਤੇ ਹਨ ਜੋ ਮੇਰਾ ਪੂਰਾ ਖ਼ਿਆਲ ਰੱਖਦੇ ਹਨ। ਅੱਖਾਂ ਛੱਡ ਕੇ, ਆਉ ਪ੍ਰਭੂ ਕਿਰਪਾ ਦੀ ਗੱਲ ਕਰੀਏ"***, ਪੁੱਛਣ ਵਾਲੇ ਨੂੰ ਉਹ ਪਿਆਰ ਨਾਲ ਵਰਜਦੀ ਹੈ।

ਰਾਜਲਕਸ਼ਮੀ ਨੇ ਦੇਹਰਾਦੂਨ ਤੋਂ Braile ਦੀ ਪੜ੍ਹਾਈ ਤੇ ਰੋਜ਼ਗਾਰ ਦੀ ਹੋਰ training ਲਈ ਤੇ ਉਸ ਨੂੰ ਦਿੱਲੀ Central Government ਦੀ ਨੌਕਰੀ ਮਿਲ ਗਈ। ਉਹ Working Women's Hostel 'ਚ ਰਹਿਣ ਲੱਗ ਪਈ। ਪਹਿਲਾਂ ਉਹ Key punching ਦਾ ਕੰਮ ਕਰਦੀ ਸੀ ਤੇ ਫਿਰ typing ਦਾ । ਈਮਾਨਦਾਰ, ਖ਼ੁਸ਼ਮਿਜ਼ਾਜ ਤੇ ਮਦਦਗਾਰ ਹੋਣ ਕਰਕੇ ਸਾਰੇ ਉਸ ਨੂੰ ਪਿਆਰ ਕਰਦੇ ਨੇ, ਉਸ ਦੀ ਮਦਦ ਕਰਨ ਨੂੰ ਤਿਆਰ ਰਹਿੰਦੇ ਹਨ। ਮੇਰੀ ਸਤਿਸੰਗੀ ਭੈਣ—ਜਿਸ ਦੇ ਆਫ਼ਿਸ ਵਿੱਚ ਰਾਜਲਕਸ਼ਮੀ ਆਈ ਸੀ—ਨੂੰ ਇਕ ਬਾਕਮਾਲ ਸਾਥਣ ਮਿਲ ਗਈ ਤੇ ਉਸ ਨੇ ਆਪਣੀ ਚਿੱਠੀ ਵਿੱਚ ਮੈਨੂੰ ਪੈਰਿਸ ਸੂਚਿਤ ਕੀਤਾ ਸੀ ਰਾਜਲਕਸ਼ਮੀ ਬਾਰੇ।

2, October, 1976 ਨੂੰ ਉਹ ਪਹਿਲੀ ਵਾਰ, ਮੈਨੂੰ ਮਿਲੀ ਸੀ ਤੇ ਮੇਰੀ ਭੈਣ ਉਸ ਦੇ ਨਾਲ ਸੀ। "ਤੂੰ ਮੇਰੀ ਬੇਟੀ ਹੈਂ ਨਾ?" ਮੈਂ ਉਸ ਦਾ ਹੱਥ ਪਕੜ ਕੇ ਪੁੱਛਿਆ ਸੀ, ਬੱਸ ਉਸ ਦਿਨ ਤੋਂ ਪ੍ਰਭੂ ਨਾਂ ਦੇ ਪਿਆਰ ਦੀ ਇਕ ਸਾਂਝ ਬਣ ਗਈ ! ਉਹ ਗੁਰਬਾਣੀ ਸ਼ਬਦ ਤੇ ਭਜਨ ਪੜ੍ਹਦੀ ਹੈ,

ਜਦੋਂ ਦੀ ਉਹ ਸਾਡੇ ਕੋਲ ਰਹਿਣ ਆਈ, ੩.੩੦ ਵਜੇ ਉੱਠ ਕੇ ਇਸ਼ਨਾਨ ਵਗੈਰਾ ਕਰ ਕੇ ੪.੩੦ ਵਜੇ ਤੋਂ ਅੰਮ੍ਰਿਤ ਵੇਲਾ ਕਰਦੀ ਹੈ, ਘਰ ਯਾ ਗੁਰ-ਦੁਆਰੇ ਜਾ ਕੇ। ਉਸ ਨੂੰ ਨਾ ਕੇਵਲ ਸਾਰੇ ਧਰਮਾਂ ਦੀ ਸੋਝੀ ਹੈ ਵਰਨਾ ਉਸ ਨੇ ਆਪਣਾ ਜੀਵਨ ਧਰਮੀ ਬਣਾ ਲਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਾਰ ਸਮਝਦੀ ਹੈ ਤੇ ਇਤਨੀ ਸ਼ਰਧਾਵਾਨ ਹੈ ਕਿ ਪੂਰੀ ਈਮਾਨਦਾਰੀ ਨਾਲ ਦਸਵੰਧ ਕੱਢਣ ਤੋਂ ਇਲਾਵਾ ਉਹ ਕਈ ਸਾਲ ਆਪਣੀ ਅੱਧੀ ਤਨਖ਼ਾਹ ਗ਼ਰੀਬਾਂ ਦੁਖੀਆਂ ਦੀ ਮਦਦ ਵਿੱਚ ਲਾਉਂਦੀ ਰਹੀ ! ਦਿੱਲੀ ਦੇ Cheshire Home, ਕਈ ਕੁਸ਼ਟ ਆਸ਼ਰਮਾਂ ਤੇ ਨੇਤ੍ਰਹੀਨ ਸੰਸਥਾਵਾਂ ਵਿੱਚ ਉੱਥੇ ਰਹਿਣ ਵਾਲਿਆਂ ਨੂੰ ਮਿਲਣ ਜਾਂਦੀ ਹੈ, ਉਨ੍ਹਾਂ ਨਾਲ ਪ੍ਰਭੂ ਦਾ ਪਿਆਰ ਸਾਂਝਾ ਕਰਦੀ ਹੈ ਤੇ ਉਨ੍ਹਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੀ ਹੈ। ਇੱਥੇ ਤਪੋਵਨ ਉਹ ੫੦ ਵਾਰ ਤੋਂ ਵੀ ਵੱਧ ਆ ਚੁੱਕੀ ਹੈ, ਮੇਰੇ ੧੯੭੯ 'ਚ ਇੱਥੇ ਆਉਣ ਤੋਂ ਬਾਅਦ। ਸਤਿਸੰਗ ਵਿੱਚ ਮੇਰੇ ਨਾਲ ਕੀਰਤਨ ਕਰਦੀ ਹੈ, ਮੇਰੇ ਨਾਲੋਂ ਵੱਧ ਗੁਰਬਾਣੀ ਉਸ ਨੂੰ ਯਾਦ ਹੈ, ਰਸਮੀ ਕਰਮਕਾਂਡ ਛੱਡ ਕੇ ਉਹ ਅਸਲੀ ਧਾਰਮਿਕ ਜੀਵਨ ਜਿਊਂਦੀ ਹੈ। ਮਰਾਠੀ, ਸਿੰਧੀ, ਹਿੰਦੂ, ਸਿੱਖ ਸਾਡੇ ਕਈ ਸਤਿਸੰਗੀ ਹਨ, ਉਹ ਹੋਰਨਾਂ ਸਤਿਸੰਗੀਆਂ ਦੀ ਅਧਿਆਤਮਿਕ ਮਦਦ ਕਰਦੀ ਹੈ, ਨਾਮ ਦੀ ਪੜ੍ਹਾਈ ਸਿਖਾਂਦੀ ਹੈ।

ਸਤਿਸੰਗੀਆਂ, ਕੁਸ਼ਟ ਰੋਗੀਆਂ, Cheshire Home ਵਾਲਿਆਂ ਤੇ ਹੋਰ ਲੋਗਾਂ ਤੋਂ ਪਿਆਰ, ਪ੍ਰਸ਼ੰਸਾ, ਅਪਨਾਪਨ ਪਾ ਕੇ ਇਕ ਵਾਰ ਰਾਜਲਕਸ਼ਮੀ ਦੇ ਮਨ ਵਿੱਚ ਇਹ ਚਾਅ ਉੱਠਿਆ ਕਿ ਮੈਂ ਅੰਮ੍ਰਿਤ ਛਕ ਲਵਾਂ ਤੇ ਉਸ ਮੈਨੂੰ ਆਪਣੀ ਇੱਛਿਆ ਦੱਸੀ। ਮੈਂ ਉਸ ਨੂੰ ਐਸਾ ਨਾ ਕਰਨ ਦੀ ਸਲਾਹ ਦਿੱਤੀ ਤੇ ਕਿਹਾ, "ਮੇਰੀ ਜਾਚੇ ਅਧਿਆਤਮਿਕਤਾ ਸਾਰਿਆਂ ਦੀ ਸਾਂਝੀ ਹੈ ਤੇ ਸਾਰੇ ਧਰਮਾਂ 'ਚ ਇਕੋ ਹੈ। ਸਾਰੇ ਅਵਤਾਰੀ ਪੁਰਸ਼ ਤੇ ਸਾਰਾ ਸੱਚ, ਸਾਰੀ ਮਾਨਵਤਾ ਦੀ ਜਾਇਦਾਦ ਹੈ। ਸੋ, ਸ੍ਵੈ-ਇੱਛਾ ਨਾਲ ਵੀ ਧਰਮ ਪਰਿਵਰਤਨ ਦੀ ਗੱਲ ਕਰਨ ਦਾ ਮਤਲਬ ਹੋਇਆ ਕਿ ਸਿੱਖ ਗੁਰੂ, ਗ਼ੈਰ-ਸਿੱਖਾਂ ਨਾਲ ਘੱਟ ਪਿਆਰ ਕਰਦੇ ਹਨ।" ਹੋਰ, "ਗੁਰੂ ਗ੍ਰੰਥ ਸਾਹਿਬ ਤਾਂ ਸਾਰੇ ਧਰਮਾਂ ਦੀ ਸੱਚਾਈ ਦਾ ਪ੍ਰਤੀਕ ਹਨ ਕਿਉਂਕਿ ਬਾਬਾ ਫਰੀਦ, ਇਕ ਮੁਸਲਿਮ ਸੰਤ, ਰਵਿਦਾਸ, ਕਬੀਰ, ਨਾਮਦੇਵ ਤੇ ਹੋਰ ਹਿੰਦੂ ਸੰਤ, ਸਾਰੇ ਉਸੇ ਪਿਆਰ ਤੇ ਸੱਚ ਦੀ ਗੱਲ ਕਰਦੇ ਹਨ ਇਸ ਵਿੱਚੋਂ, ਜਿਸ ਨੂੰ ਅਸੀਂ ਆਪਣਾ ਸਦੀਵੀ ਗੁਰੂ ਮੰਨਦੇ ਹਾਂ। ਇਸ ਲਈ ਉਹ ਵੀ ਸਾਡੇ ਗੁਰੂ ਹਨ।"

"ਰਾਜਲਕਸ਼ਮੀ ਘਰ ਦੇ ਵੀ ਕੰਮ ਕਰਦੀ ਹੈ, ਦੂਜਿਆਂ 'ਤੇ ਭਾਰ ਨਹੀਂ ਬਣਦੀ; ਕੱਪੜੇ ਧੋਂਦੀ ਹੈ, ਖਾਣਾ ਵੀ ਬਣਾ ਸਕਦੀ ਹੈ, ਪਰ ਦੂਜੇ ਇਹ ਨਹੀਂ ਕਰਨ ਦੇਂਦੇ । ਸਭ ਨੂੰ ਭਰਪੂਰ ਪਿਆਰ ਦੇਣ ਤੇ ਸਭ ਤੋਂ ਪਿਅਰ ਲੈਣ



ਦੇ ਨਾਲ-ਨਾਲ ਉਹ ਬੜੀ ਮਦਦਗਾਰ ਤੇ ਸੂਝ ਦੇਣ ਵਾਲੀ ਸਤਿਸੰਗੀ ਹੈ।"

ਜਦੋਂ ਉਹ ਪਹਿਲੀ ਵਾਰ ਤਪੋਵਨ ਆਈ ਜਿੱਥੇ ਕਰੀਬ ੧੨੦੦ ਰੋਗੀ ਤੇ ਠੀਕ ਹੋ ਗਏ ਕੁਸ਼ਟ ਦੇ ਮਰੀਜ਼ ਰਹਿੰਦੇ ਹਨ, ਤਾਂ ਉਸ ਆਪਣੇ ਪਿਆਰ ਨਾਲ ਸਭ ਦਾ ਮਨ ਜਿੱਤ ਲਿਆ । ਉਨ੍ਹਾਂ ਨੂੰ ਭਜਨ ਸੁਣਾਏ, ਪਿਆਰ ਦਿੱਤਾ, ਉਨ੍ਹਾਂ ਦਾ ਦੁੱਖ-ਦਰਦ ਤੇ ਭਵਿੱਖ ਦੇ ਸੁਪਨੇ ਸੁਣੇ । ੧੫ ਦਿਨ ਉੱਥੇ ਰਹਿ ਕੇ, ਜਦੋਂ ਉਹ ਦਿੱਲੀ ਵਾਪਸ ਜਾਣ ਲੱਗੀ ਤਾਂ ਸਾਰੇ ਨਿਵਾਸੀ, ਖ਼ਾਸ ਕਰ ਹਾਈ ਸਕੂਲ ਦੀਆਂ ਕੁੜੀਆਂ ਬੜੇ ਦਰਦ ਨਾਲ ਪੁੱਛਣ ਲੱਗੀਆਂ, "ਦੀਦੀ, ਫਿਰ ਕਬ ਆਉਗੀ?" ਰਾਜਲਕਸ਼ਮੀ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਜਦੋਂ ਉਸ ਕਿਹਾ, "ਇਸ ਦਾ ਮਤਲਬ ਹੋਇਆ ਕਿ ਇਕ ਨੇਤ੍ਰਹੀਨ ਦੀ ਵੀ ਕਿਸੇ ਨੂੰ ਲੋੜ ਪੈ ਸਕਦੀ ਹੈ ।"

ਗ਼ਰੀਬਾਂ-ਦੁਖੀਆਂ ਦੀ ਮਦਦ ਤੋਂ ਇਲਾਵਾ, ਲੋੜ ਪੈਣ 'ਤੇ ਉਹ ਸਭ ਤੋਂ ਪਹਿਲਾਂ ਕਿਸੇ ਦੀ ਮਦਦ ਨੂੰ ਪਹੁੰਚਦੀ ਹੈ । ਜੇ ਕਿਸੇ ਨੂੰ ਸੰਗਤ ਦੀ ਲੋੜ ਹੈ, ਉਹ ਸਭ ਤੋਂ ਪਹਿਲਾਂ ਇਹ ਭਾਂਪ ਕੇ ਇਸ ਨੂੰ ਕਾਰਜ ਰੂਪ ਦੇਣ ਲਈ ਸਾਨੂੰ ਪ੍ਰੇਰਦੀ ਹੈ । ਤਪੋਵਨ ਵਾਸੀ ਮੇਰੇ ਨਾਲੋਂ ਵੱਧ ਉਸ ਨੂੰ ਨੇੜੇ ਜਾਣਦੇ ਹਨ ਭਾਵੇਂ ਮੈਂ ਇੱਥੇ **Permanently** ਰਹਿੰਦਾ ਹਾਂ ।

ਰਾਜਲਕਸ਼ਮੀ ਬੜੀ ਹਲੀਮੀ ਨਾਲ ਕਹਿੰਦੀ ਹੈ, "ਜੇ ਮੈਨੂੰ ਸਤਿਸੰਗ ਨਾ ਮਿਲਦਾ ਤਾਂ ਮੈਂ ਖਾ-ਪੀ-ਸੌਂ ਕੇ **Working Women's Hostel** ਵਿੱਚ ਅਜਾਈਂ ਜੀਵਨ ਗੁਆ ਲੈਣਾ ਸੀ; ਪਰ ਸਤਿਸੰਗ ਨੇ ਮੇਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ ਤੇ ਮੈਨੂੰ ਮੌਕਾ ਬਖ਼ਸ਼ਿਆ ਕਿ ਮੈਂ ਪ੍ਰਭੂ ਦੀ ਜੋਤ ਨਾ ਕੇਵਲ ਆਪਣੇ ਅੰਦਰ ਵੇਖ ਸਕਦੀ ਹਾਂ ਬਲਕਿ ਨਾਲ ਹੀ "ਲੋੜਵੰਦਾਂ" ਨਾਲ ਇਸ ਨੂੰ ਵੰਡ ਵੀ ਸਕਦੀ ਹਾਂ । ਪਾਪਾ ਕੀ ਇਹ ਪ੍ਰਭੂ ਦੀ ਅਪਾਰ ਕ੍ਰਿਪਾ ਨਹੀਂ ਕਿ ਇਹ ਅਪਾਹਿਜਾਂ ਨੂੰ ਇਸ ਯੋਗ ਬਣਾ ਦੇਂਦਾ ਹੈ ਕਿ ਉਹ ਦੂਜਿਆਂ ਦੀ ਕੁਝ ਮਦਦ ਕਰ ਸਕਣ ।"

ਸੱਚ, ਰਾਜਲਕਸ਼ਮੀ ਪ੍ਰਤੀਕ ਹੈ ਕਿ ਇਕ ਨੇਤ੍ਰਹੀਨ ਇਹ ਵਿਖਾ ਸਕਦਾ ਹੈ ਕਿ ਰਾਸ਼ਟਰੀ ਏਕਤਾ ਨਿਰੇ ਨਾਅਰਿਆਂ ਨਾਲ ਨਹੀਂ ਆ ਸਕਦੀ, ਇਸ ਨੂੰ ਤਾਂ ਪ੍ਰਭੂ ਦੇ ਨਿਸ਼ਕਾਮ ਪਿਆਰ ਜੋ ਉਸ ਨੇ ਆਪਣੇ ਸਿੱਖ ਪਾਪਾ ਨੂੰ ਵਿਖਾਇਆ ਹੈ-ਨਾਲ ਸਿੰਜਣਾ ਪੈਂਦਾ ਹੈ । ਮੈਨੂੰ ਆਪਣੀ ਨੇਤ੍ਰਹੀਣ ਬੇਟੀ 'ਤੇ ਬੜਾ ਮਾਣ ਹੈ, ਉਹ ਜਿੱਥੇ ਵੀ ਜਾਂਦੀ ਹੈ ਪ੍ਰਭੂ ਦੀ ਰੌਸ਼ਨੀ ਬਿਖੇਰਦੀ ਹੈ ।

(ਰੂਪਾਂਤਰ : ਰਮੇਸ਼ ਸਿੰਘ, ਜਮਸ਼ੇਦਪੁਰ)

# ਸੁਖਮਨੀ ਸਾਹਿਬ ਸਟੀਕ

(ਅਸਲ)

੧. ਨਿਰਧਨ ਕਉ ਧਨੁ ਤੇਰੋ ਨਾਉ ॥
੨. ਨਿਥਾਵੇ ਕਉ ਨਾਉ ਤੇਰਾ ਥਾਉ ॥
੩. ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥
੪. ਸਗਲ ਘਟਾ ਕਉ ਦੇਵਹੁ ਦਾਨੁ ॥
੫. ਕਰਨ ਕਰਾਵਨਹਾਰ ਸੁਆਮੀ ॥
੬. ਸਗਲ ਘਟਾ ਕੇ ਅੰਤਰਜਾਮੀ ॥
੭. ਅਪਨੀ ਗਤਿ ਮਿਤਿ ਜਾਨਹੁ ਆਪੇ ॥
੮. ਆਪਨ ਸੰਗਿ ਆਪਿ ਪ੍ਰਭ ਰਾਤੇ ॥
੯. ਤੁਮ੍ਰੀ ਉਸਤਤਿ ਤੁਮ ਤੇ ਹੋਇ ॥
੧੦. ਨਾਨਕ ਅਵਰੁ ਨ ਜਾਨਸਿ ਕੋਇ॥੭॥ (ਅੰਗ ੨੯੬)

(ਅਰਥ)

੧. ਗ਼ਰੀਬ ਲਈ ਤੇਰਾ ਨਾਮ ਧਨ ਹੈ।
੨. ਨਿਥਾਵੇਂ ਲਈ ਤੇਰਾ ਨਾਮ ਥਾਂ ਹੈ।
੩. ਹੇ ਪ੍ਰਭੂ! ਨਿਮਾਣੇ ਨੂੰ ਤੇਰਾ ਮਾਣ ਹੈ।
੪. ਸਭ ਸਰੀਰਾਂ ਨੂੰ ਦਾਨ ਦੇਵੋਂ।
੫. ਮਾਲਕ ਸਭ ਕੁਝ ਕਰਨਹਾਰ ਹੈ।
੬. ਸਭਨਾਂ ਸਰੀਰਾਂ ਦੇ ਅੰਦਰ ਦੀ ਜਾਣਦਾ ਹੈ।
੭. ਹੇ ਹਰੀ! ਆਪਣੀ ਹਾਲਤ ਨੂੰ ਆਪ ਹੀ ਜਾਣਦੇ ਹੋ।
੮. ਆਪਣੇ ਨਾਲ ਆਪ ਹੀ ਤੇ ਹੋਏ ਹੋ।
੯. ਤੁਹਾਡੀ ਉਪਮਾ ਤੁਸਾਂ ਤੋਂ ਹੀ ਹੋ ਸਕਦੀ ਹੈ।
੧੦. ਹੇ ਨਾਨਕ! ਹੋਰ ਕੋਈ ਨਹੀਂ ਜਾਣਦਾ ।੭।

(ਅਸਲ)

੧. ਸਰਬ ਧਰਮ ਮਹਿ ਸ੍ਰੇਸਟ ਧਰਮੁ ॥
੨. ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
੩. ਸਗਲ ਕ੍ਰਿਆ ਮਹਿ ਊਤਮ ਕਿਰਿਆ ॥
੪. ਸਾਧਸੰਗਿ ਦੁਰਮਤਿ ਮਲੁ ਹਿਰਿਆ ॥
੫. ਸਗਲ ਉਦਮ ਮਹਿ ਉਦਮੁ ਭਲਾ ॥



੬. ਹਰਿ ਕਾ ਨਾਮੁ ਜਪਹੁ ਜੀਅ ਸਦਾ ॥
੭. ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥
੮. ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥
੯. ਸਗਲ ਥਾਨ ਤੇ ਓਹੁ ਊਤਮ ਥਾਨੁ ॥
੧੦. ਨਾਨਕ ਜਿਹ ਘਟਿ ਵਸੈ ਹਰਿ ਨਾਮੁ॥੮॥੩॥ (ਅੰਗ ੨੯੬)

(ਅਰਥ)

੧. ਸਾਰਿਆਂ ਧਰਮਾਂ ਵਿੱਚੋਂ ਉੱਤਮ ਧਰਮ।
੨. ਹਰੀ ਦਾ ਨਾਮ ਜਪਣਾ ਪਵਿੱਤਰ ਕਰਮ ਹੈ।
੩. ਸਭ ਕਿਰਿਆ ਵਿੱਚੋਂ ਉੱਤਮ ਕਿਰਿਆ ਉਨ੍ਹਾਂ ਦੀ ਹੈ।
੪. ਜਿਨ੍ਹਾਂ ਸਤਿਸੰਗਤ 'ਚ ਖੋਟੀ ਮੱਤ ਦੀ ਮੈਲ ਦੂਰ ਕੀਤੀ।
੫. ਸਭ ਉੱਦਮਾਂ ਵਿੱਚੋਂ ਚੰਗਾ ਉੱਦਮ ਇਹ ਹੈ।
੬. ਹੇ ਮਨਾ! ਸਦਾ ਹਰੀ ਦਾ ਸਿਮਰਨ ਕਰੋ।
੭. ਸਾਰੀਆਂ ਬਾਣੀਆਂ ਵਿੱਚੋਂ ਅੰਮ੍ਰਿਤ ਬਾਣੀ ਹੈ।
੮. ਹਰੀ ਦਾ ਜੱਸ ਸੁਣ ਕੇ ਜੀਭ ਨਾਲ ਉਚਾਰਨਾ ਹੈ।
੯. ਸਭ ਥਾਵਾਂ ਤੋਂ ਉਹ ਚੰਗਾ ਥਾਂ ਹੈ।
੧੦. ਹੇ ਨਾਨਕ! ਜਿਸ ਸਰੀਰ 'ਚ ਹਰੀ ਨਾਮ ਵੱਸਦਾ ਹੈ।

(ਸਲੋਕੁ)

੧. ਨਿਰਗੁਨੀਆਰ ਇਆਨਿਆ
੨. ਸੋ ਪ੍ਰਭੁ ਸਦਾ ਸਮਾਲਿ ॥
੩. ਜਿਨਿ ਕੀਆ ਤਿਸੁ ਚੀਤਿ ਰਖੁ
੪. ਨਾਨਕ ਨਿਬਹੀ ਨਾਲਿ ॥੧॥ (ਅੰਗ ੨੯੬)

(ਅਰਥ)

੧. ਗੁਣਹੀਣ ਅਨਜਾਣ ਬੰਦੇ
੨. ਸਦਾ ਉਸ ਪ੍ਰਭੂ ਨੂੰ ਚੇਤੇ ਰੱਖ।
੩. ਜਿਸ ਰਚਿਆ ਹੈ, ਉਸ ਨੂੰ ਮਨ ਵਿੱਚ ਰੱਖ ।
੪. ਹੇ ਨਾਨਕ! ਉਹ ਨਾਲ ਨਿਭਦਾ ਹੈ ॥੧॥

ਸਾਰਿਆਂ ਬੱਚਿਆਂ ਲਈ ਆਪਣੀ ਪਤਨੀ ਲਈ, ਸਾਰੀ ਦੁਨੀਆਂ ਲਈ ਇਹ ਖ਼ੈਰ ਮੰਗਦਾ ਹਾਂ, ਆਪਣੇ ਚਰਨਾਂ ਵਿੱਚ ਜੋੜ ਲੈ । ਜਿਹੜਾ ਇਕ ਵਾਰ ਤੇਰੇ ਕੋਲ ਆਵੇ ਉਸ ਨੂੰ ਆਪਣੇ ਪਿਆਰ ਦਾ ਅੰਮ੍ਰਿਤ ਪਿਲਾ ਕੇ ਕਾਬੂ ਕਰਕੇ ਆਪਣੇ ਕੋਲ ਬਿਠਾ ਲੈ, ਮਾਇਆ ਦੇ ਝੌਲੇ ਉਹਨੂੰ ਕੁਝ ਨਾ ਕਹਿ ਸਕਣ ।

... ... ... ... ... ... ...

ਮੈਨੂੰ ਅਸਲੀ ਜੀਵਨ ਬਖ਼ਸ਼, ਮੈਂ ਕਹਿੰਦਾ ਹਾਂ ਤੇਰੇ ਚਰਨਾਂ ਦੇ ਭਰੋਸੇ ਵਿੱਚ, ਤੇਰੇ "ਨਿਮਾਣਿਆਂ ਦੇ ਮਾਣ" ਹੋਣ ਦੇ ਲਾਡ ਵਿੱਚ, ਤੇਰੇ ਪ੍ਰੇਮ ਤੇ ਸੱਚ ਦੇ ਗਾਹਕਾਂ ਦਾ ਸ਼ਾਹ ਹੋਣ ਦੇ ਯਕੀਨ ਵਿੱਚ ਤੇ ਤੇਰੋ ਗ਼ਰੀਬ ਨਿਵਾਜ ਹੋਣ ਦੀ ਦੁਹਾਈ ਵਿੱਚ ਕਹਿੰਦਾ ਹਾਂ ਤੂੰ ਅਨਹੋਣੀ ਗੱਲ ਕਰ ਦਿੱਤੀ ਹੈ, ਕੇਵਲ ਆਪੇ ਤਰਸ ਕਰਕੇ ਤੇ ਆਪਣਾ ਪਿਆਰ ਆਪੇ ਲਾ ਕੇ । ੧੦ ਅਕਤੂਬਰ ੧੯੭੦ ਦੀ ਰਾਤ ਨੂੰ ਪੂਰੇ ਯਾਰਾਂ ਸਾਲ ਹੋ ਜਾਣਗੇ ਜਦ ਤੂੰ ਆਪੇ—

੧. ਮੇਰੇ ਦੁੱਖਾਂ ਨੂੰ ਹਮੇਸ਼ਾਂ ਲਈ ਕੱਟਿਆ ਸੀ । ਉਨ੍ਹਾਂ ਬਦਲੇ ਸੁੱਖ ਦਾ ਬੂਟਾ ਲਾਇਆ ਸੀ ।
੨. ਮੇਰੀ ਬੇਚੈਨੀ ਨੂੰ ਚੈਨ ਦਾ ਦਾਰੂ ਪਿਲਾ ਕੇ ਹਮੇਸ਼ਾਂ ਲਈ ਸਥਿਰਤਾ ਬਖ਼ਸ਼ੀ ਸੀ ।
੩. ਮੇਰੀਆਂ ਚਿੰਤਾਵਾਂ ਦੀਆਂ ਰੱਸੀਆਂ ਕੱਟ ਕੇ ਆਸ਼ਾਵਾਂ ਦੀ ਗੋਦ ਵਿੱਚ ਬਿਠਾ ਦਿੱਤਾ ਸੀ ।
੪. ਇਕੋ ਦ੍ਰਿਸ਼ਟ ਨਾਲ ਹੀ ਮੇਰਾ ਪਿੱਛਲਾ ਜੀਵਨ ਸਾੜ ਕੇ ਸੁਆਹ ਕਰ ਦਿੱਤਾ ਸੀ ਤੇ ਅਗਲੇ ਜੀਵਨ ਵਿੱਚ ਆਪ ਬੈਠ ਗਇਆ ਸੀ ।
੫. ਬੁਲਾ ਕੇ ਸਮਝਾਇਆ ਸੀ ਕਿ ਮੇਰਾ ਤੇਰੇ ਬਗੈਰ ਕੋਈ ਵੀ ਨਹੀਂ ।

ਇਹਨਾਂ ਸਾਰੀਆਂ ਮਿਹਰਾਂ ਦੇ ਇਕੋ ਪੈਕੇਜ ਵਿੱਚ ਨਾਮ ਦੀ ਵਡਿਆਈ, ਗੁਰੂ ਚਰਨਾਂ ਦਾ ਪਿਆਰ, ਸਾਰੀ ਦੁਨੀਆਂ ਦਾ ਪਿਆਰ ਤੇ ਨਿਮਰਤਾ ਦਾ ਪਿਆਰ ਛੁਪਾ ਕੇ ਵੈਰ, ਨਿੰਦਿਆ, ਚੁਗ਼ਲੀ ਝੂਠ ਤੇ ਮਾਇਆ ਤੋਂ ਮੁਖ ਮੋੜ ਕੇ ਕਿਹਾ ਸੀ–

ਹੁਣ ਤੋਂ ਤੇਰਾ ਨਵਾਂ ਜਨਮ ਸ਼ੁਰੂ ਹੁੰਦਾ ਹੈ । ਮੈਂ ਤਾਂ ਧੰਨਵਾਦ ਕਰਨ ਜੋਗਾ ਵੀ ਨਹੀਂ ਸੀ, ਮਸਤੀ ਵਿੱਚ ਸ਼ੁਕਰ ਵਿੱਚ...ਹੈਰਾਨੀ ਵਿੱਚ...ਇਹੋ ਸੋਚਦਾ ਸਾਂ ਕੀ ਇਹ ਹੋ ਸਕਦਾ ਹੈ...ਜਾਂ ਮੈਂ ਸੁਪਨਾ ਵੇਖ ਰਿਹਾ ਹਾਂ?... ਮੇਰੀਆਂ ਅੱਖਾਂ ਵਿੱਚ ਉਸ ਵੇਲੇ ਦੇ ਸੀਨ ਨੂੰ ਯਾਦ ਕਰਕੇ ਅੱਥਰੂਆਂ ਦੀ ਝੜੀ ਚੱਲ ਪਈ ਹੈ ਇਹ ਲਿਖਦਿਆਂ, ਪਰ ਸਾਹਿਬਾ! ਜੋ ਤੂੰ ਮੇਰੇ ਨਾਲ ਇਹਨਾਂ ੧੧ ਸਾਲਾਂ ਵਿੱਚ ਕੀਤਾ ਹੈ ਉਹ ਹੋਰ ਵੀ ਕਮਾਲ ਹੈ । ੧੦ ਅਕਤੂਬਰ ਦੀ ਰਾਤ ਨੂੰ ਦੋ ਵਜੇ ਗੁਰੂ ਗ੍ਰੰਥ ਸਾਹਿਬ ਮਹਾਰਾਜ ! ਤੂੰ ਮੇਰੇ ਗ਼ਰੀਬ ਤੇ ਲਾਚਾਰ ਨੂੰ ਮਾਲਾ ਮਾਲ ਕੀਤਾ। ਭਾਈ ਸਾਹਿਬ ਮਹਿੰਦਰ ਸਿੰਘ ਜੀ ਤੋਂ ਸਿਫ਼ਤ ਸਲਾਹ ਸੁਣ ਕੇ ਤੇ ਆਪ ਪੈਰਿਸ (ਫਰਾਂਸ) ਵਿੱਚ, ਵੈਲੋਰ ਵਿੱਚ, ਲੀਓਨ (ਫਰਾਂਸ) ਵਿੱਚ, ਦਿੱਲੀ ਵਿੱਚ, ਤਪੋਵਨ ਵਿੱਚ—ਕੀ ਕੀ ਲਿਖਾਂ?....ਹਰ ਥਾਂ 'ਤੇ ਹਰ



ਹਾਲਤ ਵਿੱਚ, ਹਰ ਸਮੇਂ ਇਨ੍ਹਾਂ ਸਾਰੇ ਦੇ ਸਾਰੇ ੧੧ ਸਾਲਾਂ ਵਿੱਚ ਮੇਰੀ ਉਂਗਲ ਨਹੀਂ ਛੱਡੀ ।

ਮੇਰੀਆਂ ਦੋਵੇਂ ਅੱਖਾਂ ਰੋ ਰਹੀਆਂ ਹਨ, ਇਕ ਵਿੱਚ ਸ਼ੁਕਰ ਦੇ ਅੱਥਰੂ ਹਨ ਦੂਜੀ ਵਿੱਚ ਬੇਨਤੀ; ਇਕ ਵਿੱਚ ਪ੍ਰੇਮ ਹੈ ਤੇਰੇ ਚਰਨਾਂ ਦਾ ਦੂਜੇ ਵਿੱਚ ਭੈ ਹੈ ਤੇਰੇ ਹੁਕਮਾਂ ਦਾ; ਇਕ ਵਿੱਚ ਲਾਡ ਹੈ ਬੱਚੇ ਵਾਲਾ ਦੂਜੀ ਵਿੱਚ ਚਾਅ ਹੈ ਸ਼ਹੀਦੀ ਦਾ; ਇਕ ਵਿੱਚ ਮੇਰੇ ਸਾਰੇ ਦੇ ਸਾਰੇ ਬੱਚਿਆਂ ਲਈ "ਖਸਮਾਨਾ" ਕਰਨ ਦੀ ਜੋਦੜੀ ਹੈ ਦੂਜੀ ਵਿੱਚ ਉਨ੍ਹਾਂ ਲਈ ਤੇਰੇ ਪਿਆਰ ਦੀ ਭੁੱਖ ਹੈ—ਤੇ ਮੇਰਾ ਗਲਾ ਸਿਸਕੀਆਂ ਭਰ ਰਿਹਾ ਹੈ। ਇਕ ਹੋਰ ਕਿਰਪਾ ਵੱਲ ਮਨ ਵਹਿ ਤੁਰਿਆ ਹੈ। ਤੂੰ ਤਾਂ ਜਾਣੀ-ਜਾਣ ਹੈ। ਪਰ ਸਾਹਿਬਾ ਚਾਅ ਨਾਲ ਦੱਸਦਾ ਹਾਂ, ਮੇਰੇ ਬੱਚੇ-ਸਿੱਖ, ਹਿੰਦੂ, ਮੁੰਡੇ ਕੁੜੀਆਂ, ਮਦਰਾਸੀ, ਮਰਾਠੀ ਇਕੋ ਲੜੀ ਵਿੱਚ ਪਰੋਤੇ ਹਨ, ਗੁਰੂ ਚਰਨਾਂ ਦੇ ਸੂਤ ਵਿੱਚ—ਕੇਵਲ ਤੇਰੇ ਚਰਨਾਂ ਦੀ ਰਹਿਮਤ ਦੇ ਭੁੱਖੇ......ਆਪਾ ਵਾਰਨ ਲਈ ਤਿਆਰ......ਤੇਰੇ ਪਿਆਰ ਲਈ ਮਰ ਮਿਟਣ ਦੀ ਕੋਸ਼ਿਸ਼ ਵਿੱਚ ਹਨ। ਉਹੋ ਨਜ਼ਰ...ਉਹੀ ਕਿਰਪਾ......ਉਹੀ ਆਪ ਤਰਸ ਕਰਨ ਦੀ ਰਹਿਮਤ ਸਾਡੇ ਸਾਰਿਆਂ 'ਤੇ ਮੁੜ ਕਰ ਜਾਵੇਂ ਤਾਂ ਹੋਰ ਹੋਰ ਤੇਰੇ ਵਰਗੇ ਮਾਂ-ਪਿਓ ਦੀ ਛਾਂ ਦੇ ਨਿੱਘ ਹੇਠਾਂ ਬਾਕੀ ਦਾ ਜੀਵਨ ਨਾਮ ਵਿੱਚ......ਪ੍ਰੇਮ ਵਿੱਚ...ਨਿਰਵੈਰਤਾ ਵਿੱਚ...ਤੇ ਸਭ ਤੋਂ ਵੱਧ ਤੇਰੇ ਪਿਆਰ ਲਈ ਜੀਵੰਦਿਆਂ ਨਾਮ ਤੇ ਸੇਵਾ ਵਿੱਚ ਤੇ ਮਰਨ ਲਈ ਸ਼ਹੀਦੀ ਦੇ ਚਾਅ ਵਿੱਚ ਲੰਘ ਜਾਏ।

ਮੇਰਾ ਕੋਈ ਵੀ ਨਹੀਂ...ਕੋਈ ਵੀ ਨਹੀਂ ਸਭ ਡਿਠੇ ਠੋਕ ਵਜਾਇ। ਪਰ ਸਾਹਿਬਾ ! ਇਹ ਵੀ ਜਾਣਦਾ ਹਾਂ ਕਿ ਤੇਰੀ ਕਿਰਪਾ ਦੇ ਬਗੈਰ ਕੁਝ ਵੀ ਨਹੀਂ ਕਰ ਸਕਦਾ। ਜੋਦੜੀ, ਮਿੰਨਤ ਤੇ ਲਿਲ੍ਹਕਾਂ ਇਹ ਮੇਰੀ ਆਦਤ ਬਣ ਜਾਏ, ਐਸੀ ਕਿਰਪਾ ਕਰ । ਹਾਂ, ਸੱਚ...ਮੈਂ ਕਹਿ ਰਹਿਾ ਸਾਂ ਕਿ ੧੧ ਸਾਲਾਂ ਵਿੱਚ ਤੂੰ ਮੇਰੇ ਤੋਂ ਕਦੇ ਵੀ ਓਹਲੇ ਨਹੀਂ ਹੋਇਆ ਸਗੋਂ ਤੂੰ ਸਭ ਕੁਝ ਆਪੇ ਕੀਤਾ। ਕਿਵਾੜ੍ਹ ਖੋਲ੍ਹ ਕੇ ਆਪ ਬੁਲਾ ਕੇ ਮੈਨੂੰ ਉਹੋ ਜਿਹਾ ਹੀ ਦਿੱਸਿਆ ਜਿਹੋ ਜਿਹਾ ਤੂੰ ਹੈਂ...ਬੇਅੰਤ...ਕਿਰਪਾਲੂ ਦਇਆਲੂ ਸਭੇ ਕਾਜ ਸਵਾਰਨ ਵਾਲਾ, ਦੁਨਿਆਵੀ ਜ਼ਿੰਦਗੀ ਵਿੱਚ ਵੀ ਮੇਰੇ ਸਾਰੇ ਕੰਮ ਆਪ ਕਰਕੇ ਮੈਨੂੰ ਧੰਦਿਆਂ 'ਚੋਂ ਕੱਢ ਕੇ, ਮੈਨੂੰ ਚਿੰਤਾਵਾਂ ਤੋਂ ਛੁਡਾ ਕੇ, ਮੈਨੂੰ ਲੋਕਾਂ ਦੀ ਮੁਹਤਾਜੀ ਤੋਂ ਬਚਾ ਕੇ, ਮੇਰੇ ਕਹੇ ਬਗੈਰ ਇਕ ਇਕ ਖਿਨ ਤੂੰ ਮੇਰੇ ਨਾਲ ਨਿਭਾਇਆ...ਹਾਂ, ਜੀਅ ਕਰਦਾ ਹੈ ਲਿਖ ਦੇਵਾਂ—

੧. ਮੇਰੀਆਂ ਕੁੜੀਆਂ ਦੇ ਵਿਆਹ ਤੂੰ ਆਪ ਕਰਾਏ। ਮੈਨੂੰ ਪੂਰੀ ਤਰ੍ਹਾਂ ਚਿੰਤਾ ਰਹਿਤ ਰੱਖਿਆ ।

੨. ਮੇਰੇ ਬੱਚਿਆਂ ਦੀਆਂ ਨੌਕਰੀਆਂ ਤੂੰ ਆਪ ਲਵਾਈਆਂ। ਮੈਨੂੰ

ਕਦੇ ਕੁਝ ਮੰਗਣਾ ਨਾ ਪਿਆ।

੩. ਮੈਨੂੰ ਤੂੰ ਆਪ ਸਿਖਾਇਆ ਕਿ ਨਾਮ ਬਿਨਾਂ ਮੰਗਣਾ ਸਦਾ ਦੁੱਖ ਹੈ ਤੇ ਇਸ ਤੇ ਅਮਲ ਕਰਵਾ ਕੇ ਕੇਵਲ ਸੁੱਖ ਹੀ ਸੁੱਖ ਹਮੇਸ਼ਾਂ ਆਪ ਦਿੱਤਾ।

੪. ਮੇਰੀ ਤਰੱਕੀ ਰੁਕਵਾ ਕੇ ਮਾਇਆ ਦੀ ਲਿਸ਼ਕ ਤੋਂ, ਸੱਪਣੀ ਦੇ ਜ਼ਹਿਰ ਤੋਂ ਲਾਲਚ ਦੀ ਹੱਡੀ ਤੋਂ ਛੁਡਵਾ ਲਿਆ।

੫. ਤੂੰ ਆਪ ਮੈਨੂੰ ਨੌਕਰੀ ਛੁਡਵਾ ਕੇ ਲੈ ਆਇਆ ਆਪਣੇ ਚਰਨਾਂ ਵਿੱਚ, ਜਿਹੜੇ ਰਹਿੰਦੇ ਸਨ ਦੁਖੀਆਂ, ਗ਼ਰੀਬਾਂ, ਕੋਹੜਿਆਂ ਦੇ ਮਨਾਂ ਵਿੱਚ ਤੇ ਮੈਨੂੰ ਲੈ ਆਇਆ ਉਹਨਾਂ ਦੀ ਸੇਵਾ ਵਿੱਚ ।

ਕੀ ਕੀ ਲਿਖਾਂ ?......ਕੀ ਕੀ ਦੱਸਾਂ ?......ਜਿਵੇਂ ਬੋਲਾਂਦਾ ਹੈ, ਤਿਵੇਂ ਬੋਲਦਾ ਹਾਂ; ਜਿਵੇਂ ਲਿਖਾਂਦਾ ਹੈ ਤਿਵੇਂ ਲਿਖਦਾ ਹਾਂ; ਤੇਰੇ ਚਰਨਾਂ ਵਿੱਚ ਬਹਿ ਕੇ ਆਪਣੇ ਮੱਥੇ ਨੂੰ ਪੱਕੀ ਤਰ੍ਹਾਂ ਤੇਰੀ ਦਲ੍ਹੀਜ਼ 'ਤੇ ਚਮੋੜ ਕੇ ਰਹਿੰਦਾ ਹਾਂ—ਅੱਜ ਲਿਖ ਦੇ ਮੇਰੇ ਕਰਮਾਂ ਵਿੱਚ ਉਸੇ ਤਰ੍ਹਾਂ ਜਿਵੇਂ ਮਾਈ ਦੇ ਭਾਗਾਂ ਵਿੱਚ ਇੱਕ—ਜਿਹੜੇ ਘੋੜੇ ਦੀ ਲੱਤ ਨੇ ਹਿੱਲ ਕੇ ਬਣਾ ਦਿੱਤੇ ਸਨ ਸੱਤ ਪੁੱਤਰ, ਲਿਖਣ ਲਈ ਰਾਜ਼ੀ ਹੋ ਗਿਆ ਸੈਂ—

**੧. ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥**
**(ਅੰਗ ੧੦੦੦)**

**੨. ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੈ ਮਾਨਿਓ।**
**(ਅੰਗ ੧੦੦੦)**

**੩. ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥**
**(ਅੰਗ ੧੪੧੨)**

**੪. ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥**
**ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥ (ਅੰਗ ੪੮੬)**

ਬੱਸ ਇਕ ਮਨ ਇਕ ਚਿੱਤ ਨਾਮ, ਸੇਵਾ, ਸ਼ਹੀਦੀ ਬਖ਼ਸ਼ ਦੇ, ਮੇਰਾ ਜਨਮ ਦਿਨ ਵੀ ਮੇਰੀ Wedding anniversary ਵੀ, ਪਰ ਸਭ ਤੋਂ ਵੱਡੀ ਗੱਲ—

ਤੂ ਸਮਰਥ ਕੰਤ ਪਿਤਾ ਮਾਤਾ ॥
ਹੁਣ ਕਰ ਦੇ ਕਿਰਪਾ !...



# ਗ—ਗੁਰਸਿੱਖੀ ਕਰਤੱਵ-ਅੰਦਰ ਝਾਤੀ ਮਾਰੀਏ

*'ਮੈਂ' ਪਰਚਾਰਕ ਹਾਂ, ਰਾਗੀ ਹਾਂ, ਕੀਰਤਨੀਆਂ ਹਾਂ,*
*ਕਥਾਕਾਰ ਹਾਂ, ਸੰਤ ਹਾਂ, ਪਰ*

# ਮੈਂ ਅਜੇ ਸਿੱਖ ਨਹੀਂ ਬਣਿਆ

ਫ਼ਰਵਰੀ ਦਾ ਮਹੀਨਾ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਾਣ ਵਾਲੇ ਸ਼ਹੀਦਾਂ ਦੀ ਯਾਦ ਤਾਜ਼ਾ ਕਰਦਾ ਹੈ ਤਾਂ ਆਪਣੇ ਅੰਦਰ ਝਾਤੀ ਮਾਰਦਾ ਹਾਂ। ਅੰਦਰੋਂ ਮੈਲ ਦਾ ਢੇਰ ਕਾਮ, ਕਰੋਧ, ਲੋਭ, ਮੋਹ ਦੀ ਬਦਬੂ ਤੇ ਆਕੜ ਦੀ ਫੁਨਕਾਰ ਮੈਨੂੰ ਸ਼ੋਰ ਪਾ ਕੇ ਕਹਿੰਦੀ ਹੈ, 'ਓਇ ਪਖੰਡੀਆ, ਸ਼ਹੀਦਾਂ ਦੀ ਯਾਦ ਵਿੱਚ ਤਾਂ ਆਪਣੇ ਆਪ ਨੂੰ ਸੁੱਚਾ ਕਰ ਲੈ। ਮੈਂ ਇਸ ਆਵਾਜ਼ ਨੂੰ ਬੰਦ ਕਰਦਾ ਹਾਂ, ਉਸ "ਵਾਹ ਵਾਹ" ਨੂੰ ਯਾਦ ਕਰਕੇ ਜਿਹੜੀ ਕੱਲ੍ਹ ਕਥਾ ਕਰਨ ਵਿੱਚ ਮਿਲੀ ਸੀ, ਉਸ ਪੈਸਿਆਂ ਦੀ ਛਣਕਾਰ ਨਾਲ ਜਿਹੜੇ ਮੇਰੇ ਰਾਗ ਦੇ ਸਤਿਕਾਰ ਕਰਨ ਵਾਲਿਆਂ ਨੇ ਦਿੱਤੇ ਸਨ, ਉਸ ਨੋਟਾਂ ਦੇ ਢੇਰ ਨਾਲ ਜਿਹੜਾ ਸੰਗਤਾਂ ਨੇ ਮੈਨੂੰ ਸੰਤ ਸਮਝ ਕੇ ਭੇਟਾ ਕੀਤਾ ਸੀ, ਉਸ ਏਅਰ ਕੰਡੀਸ਼ਨਰ ਕਾਰ ਦੇ ਨਿੱਘ ਨਾਲ ਜਿਹੜੀ ਸਭ ਤੋਂ ਵੱਡੇ ਸ਼ਾਹੂਕਾਰ ਨੇ ਮੈਨੂੰ ਘੁਮਾਣ ਲਈ ਦਿੱਤੀ ਸੀ ਤੇ ਉਸ ਸੁੰਦਰ ਜਲੂਸ ਦੇ ਪਰਪੰਚ ਨਾਲ ਜਿਸ ਵਿੱਚ ਮੈਨੂੰ ਹਾਥੀ ਦੀ ਸਵਾਰੀ ਕਰਾ ਕੇ ਕੱਢਿਆ ਗਿਆ ਸੀ ।

ਪਰ ਇਹ ਆਵਾਜ਼ ਢੀਠਾਂ ਤੋਂ ਢੀਠ ਹੈ। ਇਹ ਸੱਚ ਦੀ ਆਵਾਜ਼ ਹੈ।
**'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥'**

ਮੇਰੀ ਵੱਡੀ ਸਾਰੀ ਕੋਠੀ ਹੈ, ਬਹੁਤ ਸਾਰੇ ਨੌਕਰ ਹਨ, ਮੁਹੱਲੇ ਵਿੱਚ ਰਸੂਖ ਵਾਲਾ ਆਦਮੀ ਹਾਂ, ਗੁਰਦੁਆਰੇ ਦਾ ਪ੍ਰੈਜ਼ੀਡੈਂਟ ਵੀ ਹਾਂ, ਲੋਕੀਂ ਮੈਨੂੰ ਮਹਾਂਪੁਰਸ਼ ਵੀ ਆਖਦੇ ਹਨ ਪਰ ਸੱਚ ਦੀ ਆਵਾਜ਼ ਮੈਨੂੰ ਹਮੇਸ਼ਾਂ ਉਲ੍ਹਾਮੇ ਹੀ ਦਿੰਦੀ ਰਹਿੰਦੀ ਹੈ—"ਤੂੰ ਜੋ ਕੁਝ ਵੀ ਹੈਂ ਸਿੱਖ ਅਜੇ ਨਹੀਂ ਬਣਿਆ ।"

ਮੈਂ "ਸੱਚ" ਨੂੰ ਦਬਾਣ ਲਈ ਕੀਰਤਨ ਕਰਦਾ ਹਾਂ, ਆਵਾਜ਼ ਮੇਰੀ ਬਹੁਤ ਸੁਰੀਲੀ ਹੈ, ਰਾਗਾਂ ਦਾ ਮੈਂ ਮਾਹਰ ਹਾਂ, ਵੇਲੇ ਦੇ ਪਰਮਾਣ ਤੇ ਮੌਕੇ ਦੀਆਂ ਤੁਕਾਂ ਤੇ ਸ਼ਬਦ ਮੈਨੂੰ ਸੁਭਾਵਿਕ ਸੁਝਦੇ ਹਨ। ਕੋਈ ਮੋਇਆ ਨਹੀਂ ਤਾਂ ਮੈਂ ਆਪਣੀ ਯਾਦ-ਦਾਸ਼ਤ ਤਾਜ਼ਾ ਕਰ ਲੈਂਦਾ ਹਾਂ—

-ਅਸਾਂ ਭੀ ਓਥੈ ਜਾਣਾ ॥
-ਕਿਆ ਤੂੰ ਸੋਇਆ ਜਾਗੁ ਇਆਨਾ ......॥
-ਮਾਟੀ ਮਾਟੀ ਹੋਈ ਏਕ ......॥

ਤੇ ਜਦੋਂ ਕਿਸੇ ਦਾ ਮੁੰਡਾ ਜੰਮਿਆ ਤਾਂ ਮੈਂ ਝੱਟ ਤਿਆਰ ਹੋ ਪਿਆ—ਮਾਤਾ ਕੀ ਆਸੀਸ ......॥



-ਲਖ ਖੁਸੀਆ ਪਾਤਸਾਹੀਆ ......॥

ਜੇ ਗੁਰੂ ਨਾਨਕ ਸਾਹਿਬ ਦਾ ਗੁਰਪੁਰਬ ਆਇਆ ਤਾਂ

ਪ੍ਰਗਟ ਭਈ ਸਗਲੇ ਜੁਗ ਅੰਦਰ ਗੁਰੂ ਨਾਨਕ ਕੀ ਵਡਿਆਈ ॥ (ਅੰ: ੬੧੧)

ਜੇ ਗੁਰੂ ਅਰਜਨ ਸਾਹਿਬ ਜਾਂ ਗੁਰੂ ਤੇਗ਼ ਬਹਾਦਰ ਸਾਹਿਬ ਜਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਗੁਰਪੁਰਬ ਆਏ ਤਾਂ ਮੈਂ

-ਜਨ ਪਰਉਪਕਾਰੀ ਆਏ .........॥
-ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥.........॥
-ਜਿਸ ਮਰਨੇ ਤੇ ਜਗ ਡਰੈ ......॥

ਪੜ੍ਹ ਦਿੱਤਾ ਤੇ ਜੇ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਜਨਮ ਦਿਹਾੜਾ ਆਇਆ ਤਾਂ

-ਖ਼ਾਲਸਾ ਮੇਰੋ ਰੂਪ ਹੈ ਖਾਸ ॥
-ਸਾਚੁ ਕਹੋਂ ਸੁਨ ਲੇਹੁ ਸਭੈ......॥

ਆਦਿ ਪੜ੍ਹ ਦਿੱਤਾ; ਪਰ ਸੱਚ ਜਿਸ ਨੂੰ ਦਬਾਣ ਦੀਆਂ ਕੋਸ਼ਿਸ਼ਾਂ ਵਿੱਚ ਰਹਿੰਦਾ ਹਾਂ ਸਗੋਂ ਤੇਜ਼ੀ ਨਾਲ ਪੁੱਛਦਾ ਹੈ—

੧. ਕੀ ਜੋ ਬੋਲਦਾ ਹੈਂ ਉਸ ਵਿੱਚ ਵਿਸ਼ਵਾਸ ਹੈ ?
੨. ਜੋ ਗੁਰੂ ਸਾਹਿਬਾਨ ਦੇ ਹੁਕਮ ਪੜ੍ਹਦਾ ਹੈਂ ਕੀ ਉਨ੍ਹਾਂ 'ਤੇ ਚੱਲਣ ਦਾ ਚਾਅ ਵੀ ਕਦੇ ਚੜ੍ਹਿਆ ਹੈ ?
੩. ਜਿਸ ਮੌਤ ਨਾਲ ਸਾਹਿਬਾਂ ਦੀ ਸ਼ਹਾਦਤ ਸੰਬੰਧਤ ਕਰਦਾ ਹੈਂ ਕੀ ਤੈਨੂੰ ਚੇਤੇ ਰਹਿੰਦੀ ਹੈ ?
੪. ਕੀ ਸਾਹਿਬਾਂ ਦੇ ਪ੍ਰੇਮ ਵਿੱਚ ਸਿਰ ਵੇਚਣ ਲਈ ਮਨ ਮੰਨਦਾ ਹੈ?
੫. ਕੀ ਜਿਹੜਾ ਜੀਭ ਦੇ ਪੜ੍ਹਨ ਨਾਲ ਤੇ ਕੰਨਾਂ ਦੇ ਸੁਣਨ ਨਾਲ ਰਸ ਆਉਂਦਾ ਹੈ ਉਹ ਲੋਕਾਂ ਦੀ 'ਵਾਹ ਵਾਹ' ਆਕੜ ਵਿੱਚ ਤੇ ਨਹੀਂ ਬਦਲ ਦੇਂਦੀ?

ਬੱਸ ਰਹਿ ਜਾਂਦਾ ਹਾਂ, ਇਕ ਸਵਾਲ ਤੋਂ ਜਾਨ ਛਡਾਈ ਕਿਤਨੇ ਹੋਰ ਮਗਰ ਪੈ ਗਏ। ਪਰ ਮਨ ਬੇਚੈਨ ਹੈ, ਅੰਦਰ ਸੜਦਾ ਹੈ, ਹੋਰ ਰਾਗੀ ਬਹੁਤ ਮਾਣ ਪਾਂਦੇ ਹਨ, ਬਹੁਤੇ ਪੈਸੇ ਕਮਾਂਦੇ ਹਨ, ਮੈਂ ਕਥਾ ਕਰਨੀ ਸ਼ੁਰੂ ਕਰ ਦਿੰਦਾ ਹਾਂ, ਇਕ ਇਕ ਤੁਕ ਦੇ ਵੀਹ ਵੀਹ ਮਹਿਨੇ ਦੱਸਦਾ ਹਾਂ। ਲੋਕੀਂ 'ਵਾਹਿਗੁਰੂ' 'ਵਾਹਿਗੁਰੂ' ਨਾਲ ਮੇਰੀ ਹਰ ਗੱਲ ਦਾ, ਹਰ ਵੀਚਾਰ ਦਾ, ਹਰ ਪ੍ਰਮਾਣ ਦਾ ਸਵਾਗਤ ਕਰਦੇ ਹਨ, ਬਾਣੀ ਦੇ ਸਤਿਕਾਰ ਵਿੱਚ' (ਇਹ ਬੋਲੀ ਮੈਂ ਆਪਣੀ ਸ਼ਰਮ ਕੱਜਣ ਲਈ ਘੜੀ ਹੋਈ ਹੈ) ਮਾਇਆ ਭੇਟਾ ਕਰਦੇ ਹਨ ਤਾਂ ਮੈਂ ਕੁਦਰਤੀ ਤੌਰ 'ਤੇ ਗਿਆਨੀ, ਵਿਦਵਾਨ, ਸੋਝੀਵਾਨ ਬਣ ਜਾਂਦਾ ਹਾਂ। ਕਥਾ

ਕਰਕੇ ਉੱਠਦਾ ਹਾਂ ਤਾਂ ਕਈ ਲੋਕੀਂ ਮੈਨੂੰ ਮੱਥੇ ਵੀ ਟੇਕਦੇ ਹਨ, ਕਈ ਵੱਖਰਾ ਮਿਲਣਾ ਵੀ ਚਾਹੁੰਦੇ ਹਨ। ਮੈਂ ਜਾਣਦਾ ਵੀ ਹਾਂ ਕਿ ਜੋ ਮੈਂ ਕਿਹਾ ਹੈ, ਉਸ ਵਿੱਚ ਮੈਨੂੰ ਵਿਸ਼ਵਾਸ ਨਹੀਂ, ਮੇਰਾ ਕਿਤਾਬੀ ਗਿਆਨ ਹੈ 'ਵਾਹ ਵਾਹ' ਦੀ ਭੁੱਖ ਮੈਨੂੰ ਹੋਰ ਗਿਆਨੀ ਬਣਾ ਦਿੰਦੀ ਹੈ। ਲੇਕਨ ਹੈਰਾਨ ਵੀ ਹੁੰਦਾ ਹਾਂ ਕਿ ਮੈਨੂੰ ਸ਼ਰਮ ਵੀ ਨਹੀਂ ਆਉਂਦੀ ਲੋਕਾਂ ਨੂੰ ਉਨ੍ਹਾਂ ਗੱਲਾਂ ਦਾ ਉਪਦੇਸ਼ ਦੇਂਦਿਆਂ ਜਿਹੜੀਆਂ ਮੈਂ ਆਪ ਨਹੀਂ ਕਰਦਾ, ਭਾਵੇਂ ਨਾਲ-ਨਾਲ ਇਸ ਦੀ ਵਿਆਖਿਆ ਵੀ ਕਰਦਾ ਹਾਂ:

**"ਅਵਰ ਉਪਦੇਸੈ ਆਪਿ ਨਾ ਕਰੈ ॥ ਆਵਤ ਜਾਵਤ ਜਨਮੈ ਮਰੈ ॥"**

(ਅੰਗ ੨੬੯)

ਸੱਚਮੁੱਚ ਡਾਢਾ ਅਉਖਾ ਰਸਤਾ ਹੈ ਸਾਹਿਬ ਵੱਲ ਜਾਣ ਦਾ, ਪਰ ਹੋਰ ਕਿਹੜਾ ਰਸਤਾ ਸਉਖਾ ਹੈ? ਸਾਹਿਬਾਂ ਨੇ ਤਾਂ ਗੱਲ ਹੀ ਮੁਕਾ ਦਿੱਤੀ ਹੈ ਕਿ **ਹੋਰ ਦੂਜੀ ਨਾਹੀ ਠਾਹੁਰ॥** ਜਦੋਂ ਮੈਂ ਆਪਣੀਆਂ ਕਰਤੂਤਾਂ ਤੋਂ ਨਿਹਾਇਤ ਸ਼ਰਮਿੰਦਾ ਹੁੰਦਾ ਹਾਂ ਅਤੇ ਅੰਮ੍ਰਿਤ ਛਕਣ ਵੇਲੇ ਕੀਤੇ ਹੋਏ ਪ੍ਰਣ ਜਿਵੇਂ ਮੇਰਾ ਗਲਾ ਪਕੜ ਲੈਂਦੇ ਹਨ। ਸਾਹਿਬਾਂ ਦੀ ਇਹ ਪ੍ਰੇਮ ਭਰੀ ਝਿੜਕ ਮੈਨੂੰ ਯਾਦ ਕਰਾਂਦੀ ਹੈ ਕਿ—

੧. ਆਕੜ ਕਿਸ ਗੱਲ ਦੀ ਕਰਦਾ ਹੈਂ ? ਮੌਤ ਚੇਤੇ ਨਹੀਂ ?
੨. ਪੈਸੇ ਇਕੱਠੇ ਕਰਕੇ ਕੀ ਕਰੇਂਗਾ? ਤੈਨੂੰ ਇਹ ਛੁੜਾ ਨਹੀਂ ਸਕਦੇ?
੩. ਤੂੰ ਕਿਉਂ ਲੋਕਾਂ ਦੇ ਨੁਕਸ ਕੱਢਦਾ ਹੈਂ ? ਇਸ ਨਾਲ ਤੂੰ ਤਾਂ ਚੰਗਾ ਨਹੀਂ ਬਣ ਸਕਦਾ ।
੪. ਪ੍ਰੇਮ ਦੀ ਖੇਡ ਵਿੱਚ ਸਿਰ-ਧੜ ਦੀ ਬਾਜ਼ੀ ਹੈ ਤੇ ਇਕਸੁਰਤਾ ਨਾਲ ਆਪਣੇ ਪਿਆਰੇ ਨਾਲ ਲਗਨ ਹੋਣੀ ਚਾਹੀਦੀ ਹੈ। ਤੂੰ ਮਾਇਆ ਦੇ ਪ੍ਰਭਾਵ ਹੇਠੋਂ ਨਿਕਲਦਾ ਕਿਉਂ ਨਹੀਂ ?
੫. ਇਸ ਮਾਇਆ ਨੇ ਤੈਨੂੰ ਜ਼ਲੀਲ ਕਰਨਾ ਹੈ, ਤੇ ਤੂੰ ਖੱਜਲ ਹੋਣਾ ਹੈ। ਤੂੰ ਕਿਉਂ ਆਪਣਾ ਆਪ ਇਸ ਤੋਂ ਬਚਾ ਨਹੀਂ ਲੈਂਦਾ ?

ਇਹ ਆਵਾਜ਼ਾਂ ਬਿਲਕੁੱਲ ਸੱਚ ਦੀਆਂ ਆਵਾਜ਼ਾਂ ਜਾਪਦੀਆਂ ਹਨ। ਮਨ ਮੋੜਨ ਦੇ ਯਤਨਾਂ ਵਿੱਚ ਲੱਗਦਾ ਹੈ ਪਰ—

(ੳ) ਮੇਰੇ ਸੋਹਣੇ ਸੋਹਣੇ ਮਕਾਨ ।
(ਅ) ਮੇਰੀਆਂ ਨਵੀਆਂ ਨਵੀਆਂ ਮੋਟਰਾਂ ।
(ੲ) ਮੇਰੇ ਉੱਚੀਆਂ ਪਦਵੀਆਂ ਵਾਲੇ ਕੁੜਮ ਤੇ ਜਵਾਈ।
(ਸ) ਮੇਰੇ ਮੋਹ ਵਿੱਚ ਗੁੱਝੇ ਪੁੱਤਰ ਧੀਆਂ ਤੇ ਮਾਤਾ ਪਿਤਾ ।
(ਹ) ਮੇਰੀ ਆਪਣੀ Position
(ਕ) ਮੇਰਾ ਭਾਈਚਾਰਾ ।
(ਖ) ਮੇਰੀ ਬੇਅੰਤ ਦੌਲਤ।



(ਗ) ਦੁਨੀਆਂ ਦੀਆਂ ਵਡਿਆਈਆਂ ।
(ਘ) ਮੇਰੀ ਆਪਣੀ ਸਿਆਣਪ ।
(ਙ) ਚੰਗਾ ਅਖਵਾਉਣ ਦਾ ਚਾਅ ।
(ਚ) ਤੇ ਹੋਰ ਇਹੋ ਜਿਹੀਆਂ ਕਈ ਰੁਕਾਵਟਾਂ ।

ਮੇਰੇ ਰਾਹ ਵਿੱਚ ਆਣ ਖਲੋਂਦੀਆਂ ਹਨ, ਮੇਰੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੰਦੀਆਂ ਹਨ ਤੇ ਮੇਰੇ ਤੇ ਮੇਰੇ ਗੁਰੂ ਵਿੱਚ ਇਕ ਅਹਿੱਲ ਦੀਵਾਰ ਬਣ ਖਲੋਂਦੀਆਂ ਹਨ। ਮੈਂ ਵਿਕਣਾ ਸੀ ਗੁਰ ਬਚਨਾਂ 'ਤੇ, ਮੈਂ ਵਿਕਦਾ ਹਾਂ ਮਾਇਆ ਹੱਥੋਂ, ਮੈਂ ਸਿਰ ਭੇਟਾ ਕੀਤਾ ਸੀ ਸਾਹਿਬਾਂ ਅੱਗੇ, ਪਰ ਰੁਝ ਰਿਹਾ ਹਾਂ ਲੋਕ ਪਤਿਆਰੇ ਵਿੱਚ; ਕਿਉਂਕਿ ਮੇਰੇ ਮਨ ਵਿੱਚੋਂ ਭਗਤ' ਸਮਝੇ ਜਾਣ ਦਾ ਚਾਅ ਨਹੀਂ ਜਾਂਦਾ, ਮੈਂ ਭਗਤੀ ਨੂੰ ਵੀ ਮਾਇਆ ਦਾ ਪਸਾਰਾ ਬਣਾ ਲੈਂਦਾ ਹਾਂ। ਭਗਤੀ ਨੂੰ 'ਤੋਲਦਾ ਹਾਂ' ਪਦਾਰਥਾਂ ਦੀ ਬਹੁਤਾਤ ਨਾਲ । ਮੇਰਾ ਮਨ ਖੁਭ ਗਿਆ ਹੈ ਇਨ੍ਹਾਂ ਗੱਲਾਂ ਵਿੱਚ-

੧. ਸਾਹਿਬਾਂ ਦੀ ਬੜੀ ਮਿਹਰ ਹੈ, ਮੇਰੇ ਕੋਲ ਬੜਾ ਪੈਸਾ ਹੈ।
੨. ਸਾਹਿਬਾਂ ਦੀ ਬਖ਼ਸ਼ਿਸ਼ ਹੈ, ਮੇਰੇ ਪੁੱਤਰ ਅਮੀਰ ਘਰ ਵਿਆਹੇ ਗਏ ਹਨ।
੩. ਸਾਹਿਬਾਂ ਨੇ ਤ੍ਰੁੱਠ ਕੇ ਮੇਰੀ ਨੌਕਰੀ ਲਵਾ ਦਿੱਤੀ ਹੈ, ਮੇਰਾ ਕਾਰੋਬਾਰ ਬਹੁਤ ਸੋਹਣਾ ਚੱਲ ਗਿਆ ਹੈ।
੪. ਸਾਹਿਬਾਂ ਦੀ ਕਿਰਪਾ ਮੇਰਾ ਪੋਤਰਾ ਜੰਮਿਆ ਹੈ।
੫. ਸਾਹਿਬਾਂ ਦੀ ਰਹਿਮਤ ਮੈਂ ਐਕਸੀਡੈਂਟ ਵਿੱਚੋਂ ਬਚ ਗਿਆ ਹਾਂ।

ਕੀ ਸਾਹਿਬਾਂ ਦੇ ਦਰ 'ਤੇ ਇਨ੍ਹਾਂ ਗੱਲਾਂ ਦਾ ਕੋਈ ਮੁੱਲ ਹੈ ? ਇਹ ਮੈਂ ਸੋਚਦਾ ਹੀ ਨਹੀਂ, ਮੈਂ ਤਾਂ ਆਪਣੀ 'ਭਗਤੀ' ਦਾ ਸਬੂਤ ਗੁਰਦੁਆਰੇ ਦੀ ਅਰਦਾਸ ਵਿੱਚ ਆਪ ਵੀ ਸੁਣਨਾ ਚਾਹੁੰਦਾ ਹਾਂ ਤੇ ਲੋਕਾਂ ਨੂੰ ਵੀ ਸੁਣਾਂਦਾ ਹਾਂ ਕੜਾਹ-ਪ੍ਰਸ਼ਾਦ ਕਰਾ ਕੇ ਸ਼ੁਕਰਾਨੇ ਵਜੋਂ, ਮੰਗਾਂ ਵਜੋਂ ਤੇ ਹੋਰ ਦੁਨਿਆਵੀ ਖੇਡਾਂ ਵਿੱਚ। ਬਾਣੀ ਤਾਂ ਸਿਖਾਂਦੀ ਹੈ ਕਿ—

੧. ਮੈਂ ਨਾਮ ਤੋਂ ਬਗੈਰ ਹੋਰ ਕੁਝ ਮੰਗਣਾ ਹੀ ਨਹੀਂ।
੨. ਦੁੱਖ ਤੇ ਸੁੱਖ ਨੂੰ ਇਕੋ ਜਿਹਾ ਸਮਝਣਾ ਹੈ।
੩. ਸਾਹਿਬਾਂ ਦੀ ਰਹਿਮਤ ਕੇਵਲ ਨਾਮ ਦੀ ਬਖ਼ਸ਼ਿਸ਼ ਹੈ ਤੇ ਜੇ ਹੋਰ ਗੱਲਾਂ ਸੁੱਖ ਪਹੁੰਚਾਂਦੀਆਂ ਨਾਮ ਤੋਂ ਵੱਖਰੇ ਹੋ ਕੇ ਤਾਂ ਉਹ ਦੁੱਖ ਹਨ।
੪. ਮੈਨੂੰ ਕੋਈ ਲੋੜ ਨਹੀਂ ਦੁਨਿਆਵੀ ਖ਼ੁਸ਼ੀਆਂ ਵਿੱਚ ਪੈਣ ਦੀ—ਉਹ ਤਾਂ Automatically ਆਉਣੀਆਂ ਹਨ ਜੇ ਸਾਹਿਬਾਂ ਦਾ ਨਾਮ ਮੇਰੇ ਕੋਲ ਹੈ।
੫. ਮੇਰੀ ਭੁੱਖ, ਮੇਰੀ ਪਿਆਸ, ਮੇਰੀ ਮਾਂ, ਮੇਰਾ ਪਿਉ, ਮੇਰੇ ਭਰਾ, ਮੇਰਾ

ਰੰਗ, ਮੇਰਾ ਸੰਗ ਸਭ ਕੁਝ ਨਾਮ ਹੈ, ਮੇਰੀ ਦੋਸਤੀ ਮੇਰਾ ਭਾਈਚਾਰਾ, ਮੇਰਾ ਸੋਨਾ, ਮੇਰਾ ਰੁਪਿਆ, ਮੇਰਾ ਸੁਆਸ, ਮੇਰਾ ਕੱਪੜਾ, ਮੇਰਾ ਪ੍ਰੇਮ, ਮੇਰਾ ਮਾਣ, ਮੇਰਾ ਤਾਣ, ਮੇਰੀ ਸੋਭਾ, ਮੇਰੀ ਸ਼ੀਲਾ, ਮੇਰਾ ਬਾਲ, ਮੇਰੀ ਸੋਝੀ, ਕੇਵਲ ਤੇ ਕੇਵਲ ਨਾਮ ਹੈ।

ਫੇਰ ਮੇਰਾ ਮਨ ਕਿਉਂ ਖੇੜੇ ਵਿੱਚ ਨਹੀਂ ਆਉਂਦਾ? ਕਿਉਂਕਿ ਮੇਰੇ ਅੰਦਰ ਅੰਧੇਰਾ ਹੈ, ਮੇਰਾ ਮਨ ਹੋਰ ਕਹਿੰਦਾ ਹੈ, ਮੁੱਖ ਹੋਰ ਕਹਿੰਦਾ ਹੈ, ਮੇਰੇ ਹਿਰਦੇ ਵਿੱਚ ਮਾਇਆ ਦਾ ਨਿਵਾਸ ਹੈ, ਉਸ ਨੂੰ ਕੱਜਦਾ ਹਾਂ ਮੂੰਹੋਂ 'ਵਾਹਿਗੁਰੂ' ਕਹਿ ਕੇ; ਮੇਰੀਆਂ ਲੋੜਾਂ ਹਨ ਦੁਨਿਆਵੀ, ਬਣਦਾ 'ਭਗਤ' ਹਾਂ, ਮੇਰੇ ਭਾਈਵਾਲ ਹਨ ਮਾਇਆਧਾਰੀ, ਗੱਲਾਂ ਕਰਦਾ ਹਾਂ ਸੀਸ ਵੇਚ ਕੇ ਬਣੇ ਗੁਰਸਿੱਖਾਂ ਦੀਆਂ ।

ਅੱਜ ਸ਼ਰਮ ਆਈ ਹੈ, ਮਹਿਸੂਸ ਹੋਇਆ ਹੈ ਕਿ ਮੈਂ ਵੀ ਤਾਂ ਲਛਮਣ ਸਿੰਘ, ਦਲੀਪ ਸਿੰਘ ਵਰਗਾ ਸਿੰਘ ਹਾਂ, ਮੈਂ ਵੀ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਕਿਰਪਾ ਦਾ ਸਦਕਾ ਅਜੀਤ ਸਿੰਘ ਜੁਝਾਰ ਸਿੰਘ ਦੇ ਕਦਮਾਂ ਦੇ ਨਕਸ਼ਾਂ 'ਤੇ ਚਲਣਾ ਚਾਹੁੰਦਾ ਹਾਂ। ਮੇਰੇ ਪੁੱਗ ਗਏ ਵੀਰੋ, ਚਮਕੌਰ ਦੇ ਮੈਦਾਨ ਵਿੱਚੋਂ ਰੀਝਾਂ ਨਾਲ ਬੋਲਦੀ ਲਲਕਾਰ ਦੇ ਸਦਕੇ, ਸਰਹਿੰਦ ਦੀਆਂ ਨੀਹਾਂ ਵਿੱਚ ਮਾਸੂਮ ਤੇ ਪਵਿੱਤਰ ਜੀਵਨ ਧਾਰਾ ਦੇ ਸਦਕੇ, ਮੇਰੇ ਗ਼ਰੀਬ ਦੀ ਲਾਜ ਰੱਖ ਲਓ। ਜਦੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਨਵੀਂ ਦਿੱਲੀ ਦਲ੍ਹੀਜਾਂ ਤੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨ 'ਤੇ ਮੱਥਾ ਟੇਕਿਆ ਤੇ ਚਰਨਧੂੜ ਮਸਤਕ 'ਤੇ ਲਾਈ ਤਾਂ ਬੇਇਖ਼ਤਿਆਰ ਮੂੰਹੋਂ ਨਿਕਲ ਗਿਆ:

ਵਾਹ ਵਾਹ ਦਾਦਾ ਜੀ
ਵਾਹ ਵਾਹ ਪੁੱਤਰ ਜੀ
ਵਾਹ ਵਾਹ ਪੋਤਰੇ ਜੀ

ਫੇਰ ਇਕ ਚੀਕ ਨਿਕਲੀ, ਉਮੰਗ ਨਿਕਲੀ, ਜੋਦੜੀ ਨਿਕਲੀ, ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਦੇ ਲਾਡਲੇ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਜੀਓ ਆਪ ਸੋ, ਮੈਨੂੰ ਓਹੋ ਜਿਹਾ ਹੀ ਲਾਡਲਾ ਬਣਾਓ; ਜਿਵੇਂ ਆਪ 'ਤੇ ਸਾਹਿਬਾਂ ਨੇ ਕਿਰਪਾ ਕਰਕੇ ਸ਼ਹੀਦੀ ਜਾਮ ਪਿਲਾਇਆ ਤਾਂ ਮੈਨੂੰ ਵੀ ਪਿਲਾਓ। ਅੱਜ ਤਾਂ ਇਉਂ ਜਾਪਦਾ ਹੈ ਕਿ ਸੱਚ ਸ਼ਹੀਦੀ ਬਗੈਰ ਗੂੜ੍ਹਾ ਹੁੰਦਾ ਹੀ ਨਹੀਂ। ਫਿਰ ਭਾਵੇਂ ਮੈਂ ਅੰਦਰੋਂ ਬਾਹਰੋਂ ਝੂਠਾ ਹਾਂ, ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤਧਾਰੀ ਸਿੰਘ ਬਣਨ ਨਾਲ ਮੇਰੇ ਮਨ ਵਿੱਚ ਗੂੜ੍ਹਾ ਸੱਚ ਬਣਨ ਦਾ ਚਾਅ ਉੱਠਿਆ ਹੈ ਤੇ ਸ਼ਹੀਦੀ ਦਾ ਵਰ ਮੰਗਣ ਲਈ ਜੋਦੜੀਆਂ ਕਰਦਾ ਹਾਂ। ਜੇ ਮੇਰੇ ਸਿਰ ਨੂੰ ਆਪ ਦਾ ਸ਼ਹੀਦੀ ਹੁਕਮ



ਨਾ ਮਿਲਿਆ ਤਾਂ ਮੈਂ ਕੀ ਜਾਣਾ ਮੈਂ ਸਿਰ ਹਾਜ਼ਰ ਵੀ ਕੀਤਾ ਹੈ ਜਾਂ ਨਹੀਂ ।

ਇਕ ਮਹਾਂਪੁਰਸ਼ ਪਟਿਆਲਾ ਤੋਂ ਆ ਕੇ ਕੀਰਤਨ ਕਰ ਗਏ ਹਨ ਤੇ ਉਨ੍ਹਾਂ ਦੇ ਕੀਰਤਨ ਵਿੱਚ ਰਸ ਤੇ ਪ੍ਰੇਮ ਸੀ। ਉਹ ਸਾਹਿਬਾਂ ਦੇ ਭਗਤ ਵਛਲ ਹੋਣ ਬਾਰੇ ਤੇ ਸਦਾ ਸਦਾ ਭਗਤਾਂ ਦੀ ਲਾਜ ਰੱਖਣ ਬਾਰੇ ਬਹੁਤ ਸਾਰੇ ਹੁਕਮ ਗਾਉਂਦੇ ਰਹੇ ਤੇ ਮੈਨੂੰ ਸ਼ਰਮ ਨਾਲ ਇਵੇਂ ਮਹਿਸੂਸ ਹੋ ਰਿਹਾ ਸੀ ਕਿ ਇਹਨਾਂ ਨਾਲ ਤਾਂ ਮੇਰੀ ਕੋਈ ਥਾਂ ਨਹੀਂ ਬਣੇਗੀ। ਮੈਂ ਅਰਦਾਸ ਕਰਦਾ ਰਿਹਾ, ਕੁਝ ਉਹ ਵੀ ਤਾਂ ਸੁਣਾਵੋ ਜਿਸ ਨਾਲ ਮੈਨੂੰ ਹੌਂਸਲਾ ਹੋਏ—ਸਾਹਿਬਾਂ ਦਾ ਗ਼ਰੀਬ ਨਿਵਾਜ, ਪਤਿਤ ਪਾਵਨ, ਨਿਗਤਿਆ ਦੀ ਗਤ, ਨਿਪਤਿਆਂ ਦੀ ਪਤ ਤੇ ਨਿਮਾਣਿਆਂ ਦਾ ਮਾਣ ਹੋਣਾ ਸੁਣਾਓ; ਕਿਉਂਕਿ—

ਮੈਂ ਗ਼ਰੀਬ ਹਾਂ ਗ਼ਰੀਬ ਨਿਵਾਜੀ ਕਰੋ, ਮਸਕੀਨ ਹਾਂ ਰਲਾ ਲਉ, ਮੈਲਾ ਹਾਂ ਧੋ ਦਿਓ, ਢੱਠਾ ਹਾਂ ਉਠਾ ਲਉ, ਅੰਧਾ ਹਾਂ ਰੌਸ਼ਨੀ ਦਿਉ, ਮੋਇਆ ਹੋਇਆ ਹਾਂ ਜਿਵਾ ਦਿਓ।

ਗੁਰੂ ਗ੍ਰੰਥ ਸਾਹਿਬ ਮਹਾਰਾਜ ਮੇਰੀ ਅਰਦਾਸ ਹੈ—

੧. ਜੋ ਕਹਾਵਾਂ, ਪਹਿਲਾਂ ਕਰਕੇ ਕਹਵਾਂ ।

੨. ਜੋ ਬਾਣੀ ਗਾਵਾਂ ਉਸ ਵਿੱਚ ਨਿਸ਼ਚਾ ਰੱਖਾਂ।

੩. ਜੋ ਲੈਕਚਰ ਕਰਾਂ, ਉਸ ਵਿੱਚ ਆਪ ਯਕੀਨ ਕਰਾਂ।

੪. ਜੋ ਬੋਲਾਂ ਉਹ ਗੁਰਮਤਿ ਰਾਹੀਂ ਬੋਲਾਂ।

੫. ਜੋ ਕੰਮ ਕਰਾਂ, ਉਹ ਗੁਰੂ ਦੀ ਹਜ਼ੂਰੀ ਵਿੱਚ ਕਰਾਂ, ਨਾਲੇ ਸਵਾਸ ਸਵਾਸ ਆਪ ਨੂੰ ਚੇਤੇ ਰੱਖਾਂ।

ਇਕ ਗੱਲ ਸਮਝਾ ਦਿਓ। ਜੋ ਕੁਝ ਆਪ ਕਰੋ ਮੈਨੂੰ ਹਮੇਸ਼ਾਂ ਮਨਜ਼ੂਰ ਹੋਵੇ। ਨਾਲੇ ਭਗਤੀ ਦੇ ਪਖੰਡ ਹੇਠ ਮਾਇਆਧਾਰੀ ਰੁਚੀ ਨਾ ਅਪਨਾਵਾਂ। ਮੈਨੂੰ ਇਕੋ ਧਿਆਨ ਰਹੇ, ਮੈਂ ਆਪ ਦੇ ਚਰਨਾਂ 'ਤੋਂ ਇਕ ਪਲ ਵੀ ਨਾ ਵਿਛੜਾਂ । ਮੈਨੂੰ ਆਪ ਦੀ ਹੁਕਮ ਅਦੂਲੀ ਕਰਨ ਲੱਗਿਆ ਸ਼ਰਮ ਆਵੇ, ਮੈਂ ਆਪਣੀ ਸਿਆਣਪ ਸਾੜ ਕੇ ਸੁਆਹ ਕਰਕੇ ਤੇ ਹਉਮੈਂ ਦਾ ਬੂਟਾ ਆਪ ਦੀ ਮਿਹਰ ਨਾਲ ਗੁਰਸ਼ਬਦ ਦੇ ਟੋਕੇ ਨਾਲ ਹਮੇਸ਼ਾਂ ਲਈ ਪੁੱਟ ਕੇ ਓਥੇ ਨਿਮਰਤਾ ਤੇ ਸਾਂਝੀਵਾਲਤਾ ਦੇ ਫੁੱਲ ਲਗਾ ਦੇਵਾਂ । ਉਹ ਖਿੜਨ, ਖ਼ੁਸ਼ਬੋ ਆਵੇ ਗੁਰੂ ਜੀ ਦੀ; ਮੈਨੂੰ ਕੋਈ ਨਾ ਜਾਣੇ ।

## ਖ਼ਾਲਸੇ ਦੇ ਦੋ ਰੂਪ—
## ਇਕ ਗੁਰੂ ਦਾ, ਇਕ ਮਾਇਆ ਦਾ

ਜਦੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਵੇਖ ਕੇ ਰੰਘਰੇਟੇ (ਗੁਰੂ ਕੇ ਬੇਟੇ) ਤੋਂ ਸ਼ਹੀਦੀ ਦਾ ਹਾਲ ਪੁੱਛਿਆ ਤਾਂ ਪਾਤਿਸ਼ਾਹ ਇਸ ਦੁੱਖ 'ਤੇ ਨਹੀਂ ਤ੍ਰਭਕੇ ਸਨ ਕਿ ਪਿਤਾ ਸ਼ਹੀਦ ਹੋਏ, ਕਿਉਂਕਿ ਉਹ ਤਾਂ ਉਨ੍ਹਾਂ ਆਪ ਪਿਆਰ ਨਾਲ ਭੇਜੇ ਸਨ ਕੁਰਬਾਨੀ ਦੇਣ ਲਈ (ਕਿਉਂਕਿ ਮਹਾਂਪੁਰਸ਼ ਦੀ ਕੁਰਬਾਨੀ ਕਸ਼ਮੀਰੀ ਬ੍ਰਾਹਮਣਾਂ ਦਾ ਧਰਮ ਬਚਾਉਣ ਲਈ ਜ਼ਰੂਰੀ ਸੀ), ਬਲਕਿ ਕੋਈ ਅੱਗੇ ਹੋ ਕੇ 'ਸਿੱਖ ਹੋਣ ਦਾ' ਦਾਹਵਾ ਕਰਨ ਦਾ ਹੀਆ ਨਹੀਂ ਸੀ ਕਰਦਾ, ਤਦ ਗੁਰੂ ਜੀ ਨੇ ਉਹ ਸਿੱਖ ਪੈਦਾ ਕਰਨ ਦਾ ਫ਼ੈਸਲਾ ਕੀਤਾ ਜਿਹੜਾ ਦੂਰੋਂ ਪਛਾਣਿਆ ਜਾਏਗਾ ਤੇ ਇਕ ਅਦੁੱਤੀ 'ਖ਼ਾਲਸਾ ਮੇਰੋ ਰੂਪ ਹੈ ਖ਼ਾਸ' ਬਣੇਗਾ।

1699 ਦੀ ਪਹਿਲੀ ਵਿਸਾਖੀ ਸੀ ਜਦ ਖ਼ਾਲਸੇ ਦਾ ਰੂਪ ਸਾਜਿਆ ਗਿਆ। ਹੁਣ ੧੯੮੩ ਦੀ ਵਿਸਾਖੀ ਹੈ। ਕਦੇ ਅਸਾਂ ਸੋਚਿਆ ਹੈ ਕਿ ਅਸੀਂ ਆਪਣੇ ਗੁਰੂ ਦਾ ਰੂਪ ਹਾਂ ਜਾਂ ਮਾਇਆ ਦਾ। ਕਿਤੇ ਟਾਵਾਂ-ਟਾਵਾਂ ਕੋਈ ਬੰਦਾ ਗੁਰੂ ਦਾ ਰੂਪ ਹੋਵੇਗਾ। ਆਮ ਤੌਰ 'ਤੇ ਅਸੀਂ ਸਾਰੇ ਹੀ ਨਿਘਰ ਗਏ ਹਾਂ।

ਪੰਜਾਬ ਸਿੰਧ ਬੈਂਕ ਵਾਲਿਆਂ ਨੇ ਗੁਰੂ ਤੇਗ਼ ਬਹਾਦਰ ਉੱਤੇ ਇਕ ਚਿੱਤਰ ਵਾਲੀ ਪੁਸਤਕ ਬਣਾਈ ਸੀ। ਹਿੰਦੀ ਵਿੱਚ ਹੋਣ ਕਰਕੇ ਇਕ ਮਹਾਰਾਸ਼ਟਰੀ ਡਾ. ਪਟਵਰਧਨ ਬੜੇ ਉਤਸ਼ਾਹ ਨਾਲ ਇਸ ਨੂੰ ਪੜ੍ਹਦੇ ਹਨ ਤੇ ਚਿੱਤਰ ਦੇਖ ਕੇ ਰੋ ਪੈਂਦੇ ਹਨ। ਖ਼ਾਸ ਕਰਕੇ ਦੋ ਚਿੱਤਰ—

੧. ਜਦ ਗੁਰੂ ਸਾਹਿਬ ਸ਼ਹੀਦ ਹੋਣ ਲਈ ਆਪ ਅਨੰਦਪੁਰੋਂ ਚਲਦੇ ਹਨ ਤੇ ਸਾਰੇ ਟੱਬਰ (ਗੁਰੂ) ਗੋਬਿੰਦ ਸਾਹਿਬ ਤੇ ਉਨ੍ਹਾਂ ਦੀ ਮਾਤਾ ਵਿਦਾ ਕਰਦੇ ਹਨ (ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਤੇ ਕਮਾਲ ਹੈ ਹੀ, ਦੂਸਰੋਂ ਕੇ ਲੀਏ ਆਪਣੇ ਆਪ ਕੋ ਸ਼ਹੀਦ ਹੋਨੇ ਕੇ ਲੀਏ ਪੇਸ਼ ਕਰਨਾ, ਪਰ ਕਿਆ ਕਮਾਲ ਹੈ, ਸਾਰਾ ਪਰਿਵਾਰ ਕਿਤਨੀ ਸ਼ਾਂਤੀ ਸੇ ਅਉਰ ਪ੍ਰੇਮ ਸੇ ਪਿਤਾ, ਪਤੀ ਕੋ ਵਿਦਾ ਕਰਤੇ ਹੈਂ)।

੨. ਜਦ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਬੱਚਾ (ਗੁਰੂ) ਗੋਬਿੰਦ ਸਿੰਘ ਸਤਿਕਾਰ ਤੇ ਪਿਆਰ ਨਾਲ ਤੇ ਅੰਦਰਲੇ ਸੁਹਜ ਨਾਲ ਤੱਕਦਾ ਹੈ। (ਕਿਆ ਮਹਿਸੂਸ ਹੂਆ ਹੋਗਾ ਉਨ ਕੋ...ਕਹਿ ਕੇ ਰੋਣ ਲੱਗ ਜਾਂਦੇ ਹਨ)।

ਡਾਕਟਰ ਪਟਵਰਧਨ ਦੀ ਉਮਰ ਹੈ ੯੦ ਸਾਲ । ਉਹ ਗੁਰੂ ਸਾਹਿਬਾਨ 'ਤੇ ਸਿੱਖਾਂ ਨਾਲ ਬਹੁਤ ਪਿਆਰ ਕਰਦੇ ਹਨ ਤੇ ਦੁਖੀ ਹੁੰਦੇ ਹਨ ਕਿ ਗੁਰੂ ਤੇਗ਼ ਬਹਾਦਰ ਕੋ ਹਿੰਦੂਓਂ ਕੋ ਬਚਾਨੇ ਕੇ ਲੀਏ ਜਾਨ ਤਕ ਦੇਨੀ



ਪੜੀ 'ਲੇਕਨ *ਆਕਲ ਹਮ ਕਿਆ ਕਰਤੇ ਹੈਂ। ਉਨ੍ਹਾਂ ਨੂੰ ਪੰਜ ਕਕਾਰਾਂ ਨਾਲ ਅਤਿਅੰਤ ਪਿਆਰ ਹੈ। ਫਿਰ ਜਦ ਗੁਰੂ ਸਾਹਿਬ ਦੇ ਚਾਰੇ ਬੱਚੇ ਸ਼ਹੀਦ ਹੋ ਜਾਂਦੇ ਹਨ ਤਾਂ ਉਹ ਕਹਿੰਦੇ ਹਨ, "ਮਾਂ ਕੋ ਕਿਆ ਲਗਤਾ ਹੋਗਾ?" ਮੈਂ ਕਿਹਾ ਗੁਰੂ ਸਾਹਿਬ ਨੇ ਜਵਾਬ ਦਿੱਤਾ ਸੀ—

**ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।**
**ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।**

ਇਹ ਕਹਿ ਤਾਂ ਦਿੰਦਾ ਹਾਂ ਮਾਣ ਨਾਲ, ਪਰ ਮੇਰੇ ਅੰਦਰ ਇਕ ਹਲਚਲ ਮਚ ਜਾਂਦੀ ਹੈ ਕਿ ਕੀ ਮੈਂ ਸੱਚਮੁੱਚ ਆਪਣੇ ਗੁਰੂ ਦਾ ਪੁੱਤਰ ਹਾਂ? ਜਾਪਦਾ ਹੈ ਬਿਲਕੁੱਲ ਨਹੀਂ। ਕਿਉਂਕਿ ਮੇਰਾ ਰੂਪ ਹੀ ਬਦਲ ਗਿਆ ਹੈ । ਮੈਂ ਮਾਇਆ ਦਾ ਪੁੱਤਰ ਹਾਂ, ਮਾਇਆ ਦਾ ਰੂਪ ਹਾਂ, ਸੱਚ ਦੀ ਥਾਂ ਮਾਇਆ ਵਿੱਚ ਜਿਉਂਦਾ ਹਾਂ।

### ਦੋ ਰੂਪ:

**ਪਹਿਲਾ : (ਗੁਰੂ ਦਾ ਰੂਪ)-**

ਜਿਨ੍ਹਾਂ ਮਾਈਆਂ ਬੀਬੀਆਂ ਨੇ ਆਪਣੇ ਬੱਚਿਆਂ ਨੂੰ ਟੁਕੜੇ-ਟੁਕੜੇ ਕਰਵਾ ਕੇ ਝੋਲੀਆਂ ਵਿੱਚ ਪੁਆਇਆ, ਸਿੱਖੀ ਸਿਦਕ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ। ਜਿਨ੍ਹਾਂ ਸਿੰਘਾਂ ਨੂੰ ਦਰੱਖ਼ਤਾਂ ਨਾਲ ਬੰਨ੍ਹ ਕੇ ਮਾਰਿਆ ਗਿਆ, ਦੇਗਾਂ ਵਿੱਚ ਉਬਾਲੇ ਗਏ, ਜਿਉਂਦੇ ਜੀ ਅੱਗਾਂ ਵਿੱਚ ਸਾੜੇ ਗਏ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਬੰਦ-ਬੰਦ ਕਟਵਾ ਗਏ, ਖੋਪਰੀਆਂ ਉਤਰਵਾ ਗਏ; ਪਰ ਸਿਦਕ, ਭਰੋਸਾ ਤੇ ਸੱਚ ਭਰਪੂਰ ਪਿਆਰੀ ਸਿੱਖੀ ਤੋਂ ਮੁੱਖ ਨਹੀਂ ਮੋੜਿਆ, ਉਹ ਸਨ ਗੁਰੂ ਰੂਪ ਖ਼ਾਲਸਾ।

**ਦੂਜਾ: (ਅੱਜ ਦਾ ਰੂਪ)-**

ਜਿਨ੍ਹਾਂ ਸਿੰਘਾਂ ਨੇ ਕੁਰਸੀਆਂ, ਵਜ਼ੀਰੀਆਂ ਦੀ ਖ਼ਾਤਰ, ਧਨ ਤੇ ਪੈਸੇ ਦੀ ਛਣਕਾਰ ਦੀ ਖ਼ਾਤਰ, ਦੁਨੀਆਂ ਦੀਆਂ ਵਡਿਆਈਆਂ ਦੀ ਖ਼ਾਤਰ, ਆਪਣੇ ਧਰਮ ਤੋਂ ਬੇਮੁਖ ਹੀ ਨਹੀਂ ਹੋਏ, ਸਗੋਂ ਸੱਚ, ਸੰਤੋਖ, ਪ੍ਰੇਮ, ਨਿਮਰਤਾ ਦਾ ਤਿਆਗ ਕਰਕੇ ਬੇਈਮਾਨੀ ਤੇ ਦਗ਼ੇਬਾਜ਼ੀ ਨੂੰ ਆਪਣਾ ਕਿੱਤਾ ਬਣਾ ਬੈਠੇ, ਭਰਾ ਭਰਾ ਨੂੰ ਮਾਰਨ ਲੱਗੇ, ਵਿਆਹ-ਸ਼ਾਦੀਆਂ 'ਤੇ ਆਪਣੀਆਂ ਨੂੰਹਾਂ ਕੋਲੋਂ ਅੰਨ੍ਹੇਵਾਹ ਦੌਲਤ ਕੱਢਣ ਦੀ ਖ਼ਾਤਰ, ਉਨ੍ਹਾਂ ਨੂੰ ਸਾੜਨ ਤੋਂ ਵੀ ਨਾ ਰੁਕੇ। ਕੇਸ ਸਵਾਸਾਂ ਨਾਲ ਨਿਭਾਣਾ ਤਾਂ ਕਿਤੇ ਰਿਹਾ, ਆਪਣੇ ਆਪ ਨਾਈਆਂ ਦੇ ਸਾਹਮਣੇ ਬਹਿ ਕੇ ਮੂੰਹ ਕਾਲਾ ਕਰਾਣ ਲੱਗੇ ਤੇ ਬੇਮੁੱਖ ਹੋ ਕੇ ਸ਼ਾਨਾਂ ਮਾਰਨ ਲੱਗੇ, ਨਾਲੇ ਫਿਰ ਵੀ ਦਾਹਵਾ ਕਰਨ ਲੱਗੇ ਕਿ ਉਹ ਖ਼ਾਲਸਾ ਰੂਪ ਹਨ।

ਇਹੋ ਹਾਲ ਜੇ ਸਾਡਾ ਅਸਲੀਅਤ ਵਿੱਚ। ਭਾਵੇਂ ਮੋਰਚੇ ਲਾਈਏ,

* ਆਕਲ—ਘਬਰਾਇਆ ਹੋਇਆ, ਵਿਆਕੁਲ

ਭਾਵੇਂ ਜਥੇਬੰਦੀਆਂ ਬਣਾਈਏ, ਭਾਵੇਂ ਰਾਜਸੀ ਸਵਾਲਾਂ ਦੀ ਪੈਰੋਕਾਰੀ ਕਰੀਏ; ਇਕ ਗੱਲ ਨੋਟ ਕਰ ਲਈਏ ਕਿ ਸਰਦਾਰੀਆਂ ਮਿਲ ਸਕਦੀਆਂ ਹਨ, ਰਾਜਸੀ ਸਵਾਲ ਵੀ ਸਾਡੇ ਹੱਕ ਵਿੱਚ ਹੱਲ ਹੋ ਸਕਦੇ ਹਨ, ਪਰ ਜੋ ਪਾੜ ਅਸੀਂ ਆਪਣੇ ਤੇ ਗੁਰੂ ਦੇ ਰਿਸ਼ਤੇ ਵਿੱਚ ਪਾ ਲਿਆ ਹੈ, ਉਸ ਨਾਲ ਅਸੀਂ ਨਾ ਤਾਂ ਖ਼ਾਲਸਾ ਕਹਿਲਾਉਣ ਜੋਗੇ ਹਾਂ ਤੇ ਨਾ ਹੀ ਸੁਖੀ ਹੋ ਸਕਦੇ ਹਾਂ।

ਪਿੱਛੇ ਇਕ ਲੜਕੀ ਨੇ 'ਸਿਖ ਰੀਵੀਊ' ਵਿੱਚ ਲਿਖਿਆ ਸੀ ਕਿ ਫ਼ੌਜੀ ਅਫ਼ਸਰ ਦਾੜ੍ਹੀ ਰੱਖ ਕੇ ਵੀ ਪਾਰਟੀਆਂ ਵਿੱਚ ਖੁੱਲ੍ਹੇ ਆਮ ਸਿਗਰਟ ਪੀਂਦੇ ਹਨ। ਇਹ ਤਾਂ ਅੱਗੇ ਹੀ ਦਿੱਸਦਾ ਹੈ ਕਿ ਪੰਜਾਬ ਵਿੱਚ ਬਹੁਤ ਸਾਰੇ ਜਵਾਨ ਵਾਲਾਂ ਦੀ ਬੇਅਦਬੀ ਕਰਦੇ ਹਨ। ਇਹ ਦੋਵੇਂ ਚੀਜ਼ਾਂ ਹੁਣ ਖੁੱਲ੍ਹੇਆਮ ਤੇ ਵੱਡੇ ਪੈਮਾਨੇ 'ਤੇ ਹੋ ਰਹੀਆਂ ਹਨ ਜਿਹੜੀਆਂ ਅੱਗੇ ਚੋਰੀ ਹੁੰਦੀਆਂ ਸਨ; ਇਸ ਲਈ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡਾ ਗਿਰ ਜਾਣਾ ਤੇ ਮਾਇਆ ਦਾ ਰੂਪ ਧਾਰ ਲੈਣਾ ਹੁਣ ਸਾਨੂੰ ਹੋਰ ਤਰ੍ਹਾਂ ਦਾ ਮਾਣ ਦਿਵਾਂਦਾ ਹੈ। ਪਰ ਇਹ ਗਿਰਾਵਟਾਂ ਆਉਂਦੀਆਂ ਹਨ ਜਦੋਂ ਅਸੀਂ ਭੁੱਲ ਜਾਂਦੇ ਹਾਂ ਅਸੀਂ ਕੌਣ ਹਾਂ?

1. ਅਸੀਂ ਭਾਈ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਸਾਹਿਬ ਸਿੰਘ, ਮੋਹਕਮ ਸਿੰਘ ਪੰਜ ਪਿਆਰਿਆਂ ਦੀ ਔਲਾਦ ਹਾਂ ਤੇ ਉਨ੍ਹਾਂ ਦੇ ਮੌਤ ਨੂੰ ਜਿੱਤ ਜਾਣ ਲਈ ਗੁਰੂ ਦੀ ਮਿਹਰ 'ਚੋਂ ਨਿਕਲੇ ਹਾਂ। ਇਸੇ ਲਈ ਗੁਰੂ ਨੇ ਅੰਮ੍ਰਿਤ ਪਿਲਾਇਆ, ਫਿਰ ਉਨ੍ਹਾਂ ਕੋਲੋਂ ਆਪ ਪੀਤਾ ਤੇ ਸਾਨੂੰ ਆਪਣਾ ਰੂਪ ਦੱਸਿਆ।
2. ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਪਿਆਰ ਨਾਲ ਖ਼ਾਲਸੇ ਨੂੰ ਆਪਣਾ ਗੁਰੂ ਵੀ ਕਿਹਾ, ਆਪਣੇ ਆਪ ਨੂੰ ਖ਼ਾਲਸੇ ਦੀ ਕਿਰਪਾ ਨਾਲ ਸਾਜਿਆ ਗਿਆ ਦੱਸਿਆ ਤੇ ਹੋਰ ਕਈ ਮਾਣ ਬਖ਼ਸ਼ੇ ।

ਪਰ, ਅੱਜ ਕਿੱਥੇ ਪਹੁੰਚ ਗਏ ਹਾਂ। ਗੁਰਦੁਆਰਿਆਂ ਦੇ ਪੈਸੇ ਖਾਈ ਜਾ ਰਹੇ ਹਾਂ। ਚੌਧਰੀ ਬਣਨ ਲਈ ਬੇਈਮਾਨੀ, ਬਲੈਕ ਤੇ ਝੂਠੇ ਸਾਡੇ ਸ਼ਿੰਗਾਰ ਹਨ। ਸ਼ਰਾਬ ਸਾਡੀ ਸਹੇਲੀ ਹੈ। ਜੋ, ਕੇਸ, ਦਾੜ੍ਹੀਆਂ ਰੱਖੀਆਂ ਹਨ ਤਾਂ ਉਹ 'ਬੇਪਤੇ' ਹੋ ਕੇ ਨਿਰਾਲੇ ਲੱਗਦੇ ਹਾਂ। ਚੋਰ, ਵਿਭਚਾਰ ਕਰਨ ਵਾਲਾ 'ਸਿੱਖ' ਹੈ, ਪਤਾ ਲੱਗ ਜਾਂਦਾ ਹੈ । ਗੁਰੂ ਨੇ ਤਾਂ ਰੂਪ ਬਣਾਇਆ ਸੀ:

(1) ਭੁੱਖ ਮਿਟਾਣ ਵਾਲਾ ।

(2) ਸੰਤੋਖੀ ਤੇ ਕਿਰਤ ਕਰਨ ਵਾਲਾ ।

(3) ਦਇਆ, ਖਿਮਾ ਦਾ ਪ੍ਰਤੀਕ ।

(4) ਸਵਾਸ-ਸਵਾਸ ਨਾਮ ਜਪ ਕੇ ਜ਼ੁਲਮ ਨੂੰ ਆਪਣਾ ਆਪ ਮਿਟਾ ਕੇ ਵੀ ਮੇਟਣ ਵਾਲਾ।

(5) ਨਿਮਰਤਾ ਤੇ ਚਟਾਨ ਵਰਗੇ ਹਿਰਦੇ ਦਾ ਮਾਲਕ।



ਆਓ, ਵੇਖੋ ਸਾਡਾ ਹਾਲ। ਕਿਸੇ ਜੇਲ੍ਹ ਵਿੱਚ ਐਵੇਂ ਯਾਤਰਾ ਕਰਨ ਗਿਆ ਤਾਂ 1400 ਬੰਦਿਆਂ ਵਿੱਚੋਂ 3 ਸਿੱਖ ਸਨ । ਦੂਰੋਂ ਹੀ ਪਤਾ ਲੱਗਾ ਕਿ ਗੁਰੂ ਨੇ ਸਾਜੇ ਸਨ। ਪਰ, ਕਿਉਂਕਿ ਬਾਕੀਆਂ ਦਾ ਪਤਾ ਵੀ ਰਤਾ ਹੀ ਨਹੀਂ ਕੌਣ ਹਨ। ਸਿੱਖਾਂ ਦਾ ਪਤਾ ਲੱਗਾ, ਦੂਰੋਂ ਪਛਾਣ ਜਾਣ ਕਰਕੇ ਮੈਂ ਪੁੱਛਿਆ ਕਿਉਂ ਇੱਥੇ ਹਨ। ਕਿਸੇ 'ਤੇ ਗੱਡੀ ਵਿੱਚ ਲੁੱਟਮਾਰ ਦਾ ਇਲਜ਼ਾਮ, ਕਿਸੇ 'ਤੇ ਵਿਭਚਾਰ ਦਾ। ਫਿਰ ਮਿਸਰ ਵਿੱਚ ਯੂਨਾਈਟਿਡ ਨੇਸ਼ਨਜ਼ ਦੀ ਫੌਜ ਵਿੱਚ ਇਕ ਸਿੱਖ ਕੈਪਟਨ ਨੇ ਮੈਨੂੰ ਫੋਟੋ ਦੱਸੀ ਜਿਹੜੀ ਉਸ ਨਾਈਟ, ਨਾਈਟ ਕਲੱਬ ਵਿੱਚ ਸ਼ਰਾਬ ਦੀ ਮਸਤੀ ਵਿੱਚ ਇਕ ਕੁੜੀ ਦੇ ਨੱਚਦੇ ਹੋਏ ਖਿਚਵਾਈ ਸੀ, ਬੜਾ ਖ਼ੁਸ਼ ਸੀ। ਮੈਂ ਮੰਨਦਾ ਹਾਂ ਕਿ ਸਾਰੇ ਗਿਰ ਗਏ ਹਾਂ, ਹਿੰਦੂ, ਈਸਾਈ, ਮੁਸਲਮਾਨ; ਪਰ ਖ਼ਾਲਸਾ ਹੁਣ ਵਿਭਚਾਰੀ ਹੋ ਕੇ ਦੂਰੋਂ ਪਛਾਣਿਆ ਜਾਂਦਾ ਹੈ। ਜਿਹੜਾ ਗੁਰੂ ਨੇ ਖ਼ਾਸ ਰੂਪ ਦਿੱਤਾ ਸੀ—ਆਪਣੇ ਗੁਣ ਦਾ, ਚੰਗਿਆਈਆਂ ਦਾ ਅਸੀਂ ਗੁਰੂ ਦੀ ਗਾਲ ਬਣ ਕੇ ਬਹਿ ਗਏ ਹਾਂ।

ਸੱਚ ਤੇ ਸੁੱਚਤਾ ਦੀਆਂ ਕੌਮਾਂ ਬਣਦੀਆਂ ਹਨ, ਗੁਰੂ ਦੀ ਸਿੱਖਿਆ ਨੂੰ ਦੁਨੀਆਂ ਵਿੱਚ ਆਪਣੇ ਆਪ ਵਿੱਚ ਪ੍ਰਗਟ ਕਰਨ ਨਾਲ। ਇਹ ਕੋਈ ਤਰੱਕੀ ਨਹੀਂ ਕਿ ਸਾਡੇ ਕੋਲ ਕਿਤਨੇ ਪੈਸੇ ਹਨ, ਕਿਤਨੇ ਮਕਾਨ ਹਨ, ਕਿਤਨੇ ਗੁਰਦੁਆਰੇ ਹਨ, ਕਿਤਨੇ ਸਕੂਲ ਹਨ, ਕਿਤਨਾ ਸੋਨਾ ਹੈ, ਕਿਤਨੇ ਜੋਸ਼ ਵਿੱਚ ਤੇ ਅਡੰਬਰ ਵਿੱਚ ਆਪਣੇ ਵਿਆਹ ਆਦਿ ਕਰਦੇ ਹਾਂ। ਤਰੱਕੀ ਇਹ ਹੈ ਕਿ-

1. ਕਿਤਨੇ ਆਚਰਣ ਵਾਲੇ ਬੰਦੇ ਪੈਦਾ ਹੋਏ ਹਨ।
2. ਕਿਤਨੇ ਸਿੱਖ ਦੀ ਜੀਵਨ ਜਾਚ ਅਮਲੀ ਜ਼ਿੰਦਗੀ ਨਾਲ ਸਿਖਾ ਸਕਦੇ ਹਨ।
3. ਕਿਤਨੇ ਅੰਦਰੋਂ ਆਪਣੀ ਆਤਮਾ ਗੁਰੂ ਦੇ ਚਰਨਾਂ ਨਾਲ ਜੋੜ ਕੇ ਦੁਨੀਆਂ ਵਿੱਚ ਭਲਾ ਕਮਾ ਰਹੇ ਹਨ।
4. ਕਿਤਨਾ ਪਿਆਰ ਤੇ ਸੁੱਚਤਾ ਵਿੱਚ ਸਾਂਝੀਵਾਲਤਾ ਦਾ ਉਪਦੇਸ਼ ਗੱਲਾਂ ਨਾਲ ਨਹੀਂ ਬਲਕਿ ਆਪਣਾ ਜੀਵਨ ਦਿਖਾ ਕੇ ਦੇ ਰਹੇ ਹਨ।
5. ਕਿਤਨੇ ਸਿੱਖਾਂ ਦੇ ਪ੍ਰਤੀਨਿਧੀ ਬਣਨ ਲੱਗਿਆਂ ਇਹ ਵੀ ਵੀਚਾਰ ਕਰਦੇ ਹਨ ਕਿ ਮੈਂ 'ਖਾਲਸਾ' ਅੰਦਰੋਂ ਹਾਂ ਜਾਂ ਨਹੀਂ ।

ਆਪ ਵੇਖੋਗੇ ਕਿ ਜਿਤਨੀਆਂ ਸੋਸਾਇਟੀਆਂ, ਜਥੇਬੰਦੀਆਂ, ਐਜੀਟੇਸ਼ਨਾਂ, ਰੌਲੇ, ਮੋਰਚੇ ਆਮ ਤੌਰ 'ਤੇ ਉਹ ਲੋਕ ਬਣਾਂਦੇ ਤੇ ਚੁੱਕਦੇ ਹਨ ਜੋ ਸੱਚਮੁੱਚ ਕੌਮ ਦਾ ਭਲਾ ਤਾਂ ਚਾਹੁੰਦੇ ਹਨ, ਪਰ ਕੇਵਲ ਪਦਾਰਥਕ ਤੌਰ 'ਤੇ, ਹੋਰ ਕੌਮਾਂ ਦੇ ਮੁਕਾਬਲੇ ਵਿੱਚ ਆਪਣਾ ਜੀਵਨ ਉੱਚਾ ਕਰਕੇ ਲੋਕਾਂ ਨੂੰ ਸੇਵਾ ਤੇ ਕੁਰਬਾਨੀ ਦੀਆਂ ਲੀਹਾਂ 'ਤੇ ਤੋਰ ਕੇ ਨਹੀਂ । ਜਦ ਸਾਡਾ ਜੀਵਨ ਬੇਗ਼ਰਜ਼ ਤੇ ਸੱਚਾ ਹੁੰਦਾ ਹੈ ਤਾਂ ਸਭ ਲੋਕ, ਗ਼ੈਰ-ਸਿੱਖ ਵੀ ਆਪਣੇ ਆਪ ਹੀ

ਸਾਡੀ ਹਿਮਾਇਤ ਕਰਦੇ ਹਨ। ਕਦੇ ਹਰ ਪ੍ਰਾਂਤ ਵਿੱਚ ਸਿੱਖ Selflessly ਸੇਵਾ ਬਗੈਰ ਵਿਤਕਰੇ ਦੇ ਕਰਨਾ ਸ਼ੁਰੂ ਕਰ ਦੇਣ ਤਾਂ ਲੋਕਾਂ ਦੇ ਮਨਾਂ ਨੂੰ ਜਿੱਤ ਲੈਣਗੇ। ਜੇ ਕੁੜੀਆਂ ’ਤੇ ਜ਼ਿਆਦਤੀਆਂ ਹੁੰਦੀਆਂ ਦੇਖ ਕੇ ਆਪਣਾ ਆਪ ਵਾਰਨਗੇ, ਆਪ ਲੋਕੀਂ ਉਨ੍ਹਾਂ ਨੂੰ ਹੇਤੂ ਸਮਝਣਗੇ, ਪਰ ਹੋਵੇ ਕਿਵੇਂ?

੧. ਨਾਮ ਨੂੰ ਵਿਸਾਰ ਬੈਠੇ ਹਾਂ। ਸਾਡਾ ਇਸ਼ਟ ਹੁਣ ਬਾਹਰੋਂ ਤਾਂ ਗੁਰੂ ਗ੍ਰੰਥ ਸਾਹਿਬ ਹੈ ਪਰ ਅੰਦਰੋਂ ਫਲਾਨਾ ਸੰਤ, ਫਲਾਨਾ ਸਾਧੂ ਜਿਹੜਾ ਸਾਡੀ ਬਲੈਕ ਦੀ ਕਮਾਈ ’ਤੇ ਖ਼ੁਸ਼ ਹੋ ਕੇ ਸਾਡੇ ਘਰ ਰਹਿੰਦਾ ਹੈ ਤੇ ਅਸੀਸ ਦਿੰਦਾ ਹੈ, ਭਾਵੇਂ ਅਸੀਂ ਸ਼ਰਾਬਾਂ ਪੀਂਦੇ ਹਾਂ ਤੇ ਭਾਵੇਂ ਵਿਭਚਾਰ ਕਰਦੇ ਹਾਂ ਤੇ ਭਾਵੇਂ ਨਾਮ ਜਪਦੇ ਹੀ ਨਹੀਂ ।

੨. ਅਧਰਮ ਦੀ ਗ਼ੁਲਾਮੀ ਵਿੱਚ ਅਜਿਹੇ ਫਸੇ ਹਾਂ ਕਿ ਅਖੰਡ ਪਾਠਾਂ ਦੀਆਂ ਲੜੀਆਂ, ਸੋਨੇ ਦੇ ਕਲਸ ਲਵਾ ਛੱਡਦੇ ਹਾਂ; ਪਰ ਗੁਰੂ ਦੇ ਸ਼ਬਦ ਦਾ ਭਾਵ ਅੰਦਰ ਵਸਾਂਦੇ ਹੀ ਨਹੀਂ।

ਮੈਂ ਗੁਰੂ ਦੇ ਚਰਨਾਂ ਵਿੱਚੋਂ ਨਿਕਲੇ ਭਰੋਸੇ ਨਾਲ ਆਖਦਾ ਹਾਂ ਕਿ ਜੇ ਕਿਤੇ ਅਸੀਂ ਗੁਰੂ ਦੀ ਗੱਲ ਨੂੰ ਪੱਲੇ ਬੰਨ੍ਹ ਕੇ ਜੀਵਨ ਜੀਵੀਏ ਤਾਂ ਜਿਹੜੇ ਮੋਰਚੇ ਲਾ ਕੇ ਅਸੀਂ ਦੂਜਿਆਂ ਕੋਲੋਂ ਯੈਂ ਯੈਂ ਕਰਕੇ ਭੀਖ ਮੰਗਦੇ ਹਾਂ, ਲੋਕੀਂ ਆਪ ਆ ਕੇ ਸਾਨੂੰ ‘ਔਫਰ’ ਕਰਨਗੇ। ਸੱਚ, ਸੁੱਚਤਾ, ਸੇਵਾ, ਨਾਮ ਕਮਾਈ ਤੇ ਅੰਦਰੋਂ ਬਾਹਰੋਂ ਇਕਮਿਕਤਾ ਵੱਡੇ ਹਥਿਆਰ ਹਨ ਪਰ ਹੁਣ ਅਸੀਂ ਆਕੜ ਵਿੱਚ ਤੇ ਬਾਹਰਲੇ ਰੋਹਬ ਲਈ ਸਭ ਕੁਝ ਮੰਗਦੇ ਹਾਂ। ਜਿਹੋ ਜਿਹੇ ਅਸੀਂ ਖੁਦਗ਼ਰਜ਼ ਹਾਂ, ਉਹੋ ਜਿਹੇ ਦੂਜੇ ਖੁਦਗ਼ਰਜ਼ ਹਨ। ਟੱਕਰ ਸੱਚ ਦੀ ਝੂਠ ਨਾਲ ਨਹੀਂ ਸਗੋਂ ਥੋੜ੍ਹੇ ਝੂਠ ਦੀ ਬਹੁਤੇ ਝੂਠ ਨਾਲ।

ਸਾਨੂੰ ਸਾਫ਼ ਤੌਰ ’ਤੇ ਜਾਣ ਲੈਣਾ ਚਾਹੀਦਾ ਹੈ ਕਿ ਸਾਡੀ ਗਿਰਾਵਟ– ਸਿਆਸੀ ਗਿਰਾਵਟ ਵੀ, ਕਿਸੇ ਦੀ ਚਾਲਬਾਜੀ ਕਰਕੇ ਨਹੀਂ ਬਲਕਿ ਸਾਡੇ ਆਪਣੇ ਕਰੈਕਟਰ ਦੀ ਗਿਰਾਵਟ ਹੈ; ਵਡਿਆਈ ਤੇ ਮਾਣ ਦੀ ਭੁੱਖ ਨੇ ਖੁਦਗ਼ਰਜ਼ ਬਣਾ ਕੇ ਸਾਨੂੰ ਇਹੋ ਜਿਹੇ ਲੀਡਰ ਵੇਲੇ ਸਿਰ ਦਿੱਤੇ ਜੋ ਬਾਹਰਲਾ ਯੁੱਧ ਤਾਂ ਕਰਦੇ ਹਨ ਪਰ ਅੰਦਰਲਾ ਯੁੱਧ ਗੁਰੂ ਦਾ ਆਸ਼ਾ ਨਹੀਂ ਦੱਸਦੇ। ਅਫ਼ਸੋਸ, ਬਾਹਰਲੀ ਪਦਾਰਥਾਂ ਦੀ ਉੱਚਤਾ ਹੀ ਸਾਡਾ ਆਸ਼ਾ ਬਣ ਗਈ ਹੈ।

ਜਦ ਆਜ਼ਾਦੀ ਦੀ ਲੜਾਈ ਜਾਰੀ ਸੀ ਤਾਂ ਮਹਾਰਾਸ਼ਟਰਾ ਵਿੱਚ ਦੋ ਉੱਘੇ ਲੀਡਰ ਹੋਏ, ਤਿਲਕ ਤੇ ਗੋਖਲੇ। ਤਿਲਕ ਮੰਨਦੇ ਸਨ ਕਿ ਸਾਡੇ ਦੇਸ਼ ਦੀਆਂ ਸਾਰੀਆਂ ਊਣਤਾਈਆਂ ਕੇਵਲ ਅੰਗਰੇਜ਼ੀ ਰਾਜ ਕਰਕੇ ਹਨ ਤੇ ਗੋਖਲੇ ਕਹਿੰਦੇ ਸਨ ਨਹੀਂ; ਕਿਉਂਕਿ ਸਾਡੇ ਵਿੱਚ ਬਹੁਤ ਊਣਤਾਈਆਂ ਸਨ, ਇਸ ਲਈ ਅੰਗਰੇਜ਼ਾਂ ਨੇ ਕਬਜ਼ਾ ਕੀਤਾ। ਮੈਂ ਕਹਿੰਦਾ ਹਾਂ ਵੇਖ ਲਓ, ਗੋਖਲੇ ਠੀਕ



ਸਨ, ਕਿਉਂਕਿ ੩੫ ਸਾਲਾਂ ਦੀ ਆਜ਼ਾਦੀ ਪਿੱਛੋਂ ਵੀ ਸਾਡਾ ਹਾਲ ਕੀ ਹੋਇਆ ਹੈ। ਗੋਖਲੇ ਕਹਿੰਦੇ ਸਨ Spiritualisation of public life ਹੋਣੀ ਜ਼ਰੂਰੀ ਹੈ। ਮਤਲਬ ਇਹ ਕਿ ਲੋਕਾਂ ਦੇ ਰਾਜਸੀ ਤੇ ਸਮਾਜਿਕ ਕੰਮਾਂ ਵਿੱਚ ਅਧਿਆਤਮਿਕਤਾ ਹੋਣੀ ਜ਼ਰੂਰੀ ਹੈ। ਇਹੋ ਗੱਲ ਗੁਰੂ ਸਾਹਿਬ ਨੇ ਵਿਸਾਖੀ ਨੂੰ ਕਰਕੇ ਵਿਖਾਈ ਤੇ ਮੁਰਦਾ ਕੌਮ ਨੂੰ ਜ਼ਿੰਦਾ ਕਰ ਦਿੱਤਾ। ਹੁਣ ਫਿਰ ਅਸੀਂ ਮਰ ਗਏ ਹਾਂ। ਗੁਰੂ ਦਾ ਰੂਪ ਹੋਣ ਦੀ ਥਾਂ ਮਾਇਆ ਦਾ ਰੂਪ ਬਣ ਗਏ ਹਾਂ।

ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਜੇ ਸਾਡੇ ਵਿੱਚ ਊਣਤਾਈਆਂ ਨਾ ਹੁੰਦੀਆਂ ਤਾਂ ਹੁਣ ਵਰਗਾ ਸਾਡਾ ਖਸਤਾ ਹਾਲ ਕੋਈ ਨਹੀਂ ਸੀ ਕਰ ਸਕਦਾ । ਅਜੇ ਵੀ ਜੇ ਮੋਰਚੇ ਬਾਹਰ ਲਾਉਂਦੇ ਹਾਂ ਤਾਂ ੨੪ ਘੰਟੇ ਅੰਦਰ ਵੀ ਮੋਰਚਾ ਲੱਗਾ ਰਹੇ ਤਾਂ ਜੋ ਮਾਲਾ ਫੇਰਦਿਆਂ ਤੋਂ ਜ਼ੁਲਮ ਨਾ ਹੋਵੇ ਤੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਤਲਵਾਰ ਚਲਾਂਦਿਆਂ ਸੱਚ ਨਾ ਭੁੱਲੇ ।

ਜਦ ਤਕ ਅਸੀਂ ਆਪਣਾ ਆਚਾਰ ਠੀਕ ਨਹੀਂ ਕਰਦੇ, ਜਦ ਤਕ ਅਸੀਂ ਗੁਰੂ-ਖ਼ਾਲਸਾ ਦਾ ਰੂਪ ਨਹੀਂ ਬਣਦੇ, ਜੇ ਸਾਡੀਆਂ ਰਾਜਸੀ ਮੰਗਾਂ ਜਾਂ ਧਾਰਮਿਕ ਮੰਗਾਂ ਨਾ ਮੰਨੀਆਂ ਵੀ ਜਾਣ, ਸਾਡਾ ਹਾਲ ਪੰਜਾਬ ਵਿੱਚ ਵੀ ਉਹੋ ਜਿਹਾ ਹੀ ਹੋਵੇਗਾ ਜੋ ਭਾਰਤ ਵਿੱਚ ਸਭ ਦਾ ਬਣਿਆ ਹੈ, ਆਜ਼ਾਦੀ ਤੋਂ ਬਾਅਦ । ਰਿਸ਼ਵਤਖੋਰ, ਬਲੈਕ, ਬੇਈਮਾਨੀ, ਝੂਠ, ਵਿਕਾਰ, ਸ਼ਰਾਬਾਂ ਤੇ ਵਿਭਚਾਰ। ਉਨ੍ਹਾਂ ਨਾਲ ਵੀ ਇਹੋ ਹਾਲ ਹੈ ਜੋ ਬਾਹਰੋਂ ਧਾਰਮਿਕ ਅਖਵਾਉਂਦੇ ਹਨ। ਆਉ, ਪਹਿਲਾਂ ਆਪਣਾ ਆਪ ਠੀਕ ਕਰੀਏ। ‘ਸਿੱਖ ਰੀਵਿਊ’ ਵਿੱਚ ਇਕ ਮਹਾਂਪੁਰਸ਼ ਨੇ ਸੁਝਾਓ ਦਿੱਤਾ ਹੈ ਕਿ ‘ਪਬਲਿਕ ਰਿਲੇਸ਼ਨਜ’ ਮਜਬੂਤ ਹੋਣੇ ਚਾਹੀਦੇ ਹਨ। ਠੀਕ ਹੈ, ਪਰ ਮੈਂ ਕਹਿੰਦਾ ਹਾਂ ਪਹਿਲਾਂ-ਤੇ ਬਹੁਤ ਜ਼ਰੂਰੀ- ਸਾਡੇ ‘ਰਿਲੇਸ਼ਨਜ਼’ ਗੁਰੂ ਨਾਲ ਤੇ ਅੰਤਰ ਆਤਮੇ ਠੀਕ ਹੋਣੇ ਚਾਹੀਦੇ ਹਨ।

ਜਿੱਥੇ ਸੱਚ ਵਰਤਦਾ ਹੈ ਉੱਥੇ ਕੋਈ ਨਹੀਂ ਠਹਿਰ ਸਕਦਾ। ਗੁਰੂ ਗੋਬਿੰਦ ਸਿੰਘ ਜੀ ਨੇ ਸੁੱਚਤਾ ਤੇ ਸੱਚ ਵਿੱਚ ਜੀਣ ਲਈ ਮਰਨਾ ਸਿਖਾਇਆ; ਪਰ ਹੁਣ ਅਸੀਂ ਮਰਦੇ ਵੀ ਆਕੜ ਤੇ ਕੁਰਸੀ ਦੀ ਭੁੱਖ ਲਈ ਹਾਂ ਤੇ ਸਮਝਦੇ ਹਾਂ ਸ਼ਹੀਦੀ ਪਾ ਲਈ ਹੈ।

ਸਭ ਦੀ ਚਰਨਧੂੜ ਬਣ ਕੇ ਜੀਵਣਾ, ਗੁਰੂ ਦੇ ਹੁਕਮ ਵਿੱਚ ਗ਼ਰੀਬ ਦੁਖੀ ਦੀ ਸੇਵਾ ਕਰਨਾ ਤੇ ਜ਼ੁਲਮ ਵਿਰੁੱਧ ਨਿਰਵੈਰ ਹੋ ਕੇ ਆਪਾ ਵਾਰਨਾ ਵਿਸਾਖੀ ਦਾ ਪੈਗ਼ਾਮ ਹੈ। ਕੀ ਜੀਵਨ ਵਿੱਚ ਅਸੀਂ ਢਾਲਾਂਗੇ? ਅਰਦਾਸ ਕਰੀਏ, ਗੁਰੂ ਕ੍ਰਿਪਾ ਕਰੇ !

# ਅਸੀਂ ਕਿਵੇਂ ਗੁਰੂ ਗੋਬਿੰਦ ਸਿੰਘ ਦੇ ਅਖਵਾ ਸਕਦੇ ਹਾਂ ?

ਕੀ ਮੇਰੀ ਸਿੱਖਾਂ ਵਾਲੀ ਸ਼ਕਲ, ਕੀ ਮੇਰੇ ਪੰਜ ਕਕਾਰ, ਕੀ ਮੇਰਾ ਮੋਟਾ ਕੜਾ, ਕੀ ਮੇਰੀ ਕਿਰਪਾਨ, ਕੀ ਇਹ ਸਭ ਕੁਝ ਕਾਫ਼ੀ ਹਨ ਕਿ ਮੈਂ ਗੁਰੂ-ਖ਼ਾਲਸਾ ਜਾਣਿਆ ਜਾਵਾਂ? ਮੈਂ ਸੱਚ ਕਹਿੰਦਾ ਹਾਂ ਕਿ ਮੈਂ ਹੈਰਾਨ ਰਹਿ ਗਿਆ ਜਦ ਮੈਂ ਪ੍ਰੀਤਲੜੀ (ਅਕਤੂਬਰ ੧੯੯੮) ਵਿੱਚ ਗੁਰਬਖ਼ਸ਼ ਸਿੰਘ ਦਾ ਪੁਰਾਣਾ ਲੇਖ ਗੁਰੂ ਗੋਬਿੰਦ ਸਿੰਘ ਮਹਾਰਾਜ ਉੱਤੇ ਲਿਖਿਆ ਪੜ੍ਹਿਆ। ਜਿਉਂ ਜਿਉਂ ਪੜ੍ਹਦਾ ਗਿਆ, ਇਕ ਖ਼ੁਸ਼ੀ ਦੀ ਲਹਿਰ ਦੌੜਦੀ ਰਹੀ ਮੇਰੇ ਹਿਰਦੇ ਵਿੱਚ ਤੇ ਪੁੱਛਦੀ ਰਹੀ, "ਕੀ ਇਹੋ ਗੁਰਬਖ਼ਸ਼ ਸਿੰਘ ਹੈ ਜਿਸ ਬਾਰੇ ਲੋਕੀਂ ਸਮਝਦੇ ਸਨ ਕਿ ਉਹ ਸਿੱਖੀ ਵਿਰੁੱਧ ਹੈ? ਕੀ ਇਹ ਉਹ ਬੰਦਾ ਹੈ ਜਿਸ ਨੂੰ Unacceptable ਸਮਝਿਆ ਜਾਂਦਾ ਸੀ? ਕੀ ਇਸ ਲੇਖ ਵਿੱਚ ਉਸ ਨੇ ਗੁਰੂ ਗੋਬਿੰਦ ਸਿੰਘ ਦੀ ਮਹਾਨਤਾ ਨੂੰ ਪੂਰੀ ਤਰ੍ਹਾਂ ਪ੍ਰਸ਼ੰਸਾ ਨਾਲ ਮੰਨਿਆ ਤੇ ਕਬੂਲਿਆ ਨਹੀਂ, ਤੇ ਕੀ ਉਹ ਅੱਜਕੱਲ੍ਹ ਦੇ ਅਖੌਤੀ intellectual ਵਾਲ ਦੀ ਖੱਲ ਉਤਾਰਨ ਵਾਲਿਆਂ ਤੋਂ ਜ਼ਿਆਦਾ clear-headed ਨਹੀਂ, ਜਦ ਉਹ ਹੇਠਲੀਆਂ ਵਿਚਾਰਾਂ ਦਿੰਦਾ ਹੈ, ਗੁਰੂ ਗੋਬਿੰਦ ਸਿੰਘ ਜੀ ਬਾਰੇ:

1. "ਉਨ੍ਹਾਂ ਦੇ ਧਾਰਮਿਕ ਵਿਚਾਰਾਂ ਨੂੰ ਕਈ ਆਲੋਚਕ ਪਹਿਲੇ ਗੁਰੂਆਂ ਨਾਲੋਂ ਵੱਖਰੇ ਸਮਝਣ ਦੀ ਗ਼ਲਤੀ ਕਰਦੇ ਹਨ। ਧਾਰਮਿਕ ਪੱਖੋਂ ਉਹ ਇਕੋ ਅਕਾਲ ਪੁਰਖ ਦੇ ਪੁਜਾਰੀ ਸਨ। ਉਹਨਾਂ ਦੀ ਰਚਨਾ "ਅਕਾਲ ਉਸਤਤਿ" ਨਾ ਸਿਰਫ਼ ਇਕ ਮਹਾਨ ਕਵਿਤਾ ਹੈ, ਇਕ ਮਹਾਨ ਫ਼ਲਸਫ਼ਾ ਵੀ ਹੈ; ਪਰ ਉਨ੍ਹਾਂ ਭਗਤ ਹੁੰਦਿਆਂ ਹੋਇਆਂ ਤਲਵਾਰ ਵੀ ਚੁੱਕੀ ਤੇ ਉਹਦੀ ਦਲੀਲ ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖੇ ਆਪਣੇ ਖ਼ਤ ਵਿੱਚ ਇਹੀ ਦਿੱਤੀ ਸੀ:

**"ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ ।**
**ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।"**

"ਜਦੋਂ ਜ਼ੁਲਮ ਦੇ ਖ਼ਾਤਮੇ ਲਈ ਹੋਰ ਕੋਈ ਹੀਲਾ ਨਾ ਚਲੇ ਤਾਂ ਤਲਵਾਰ ਉਠਾਣੀ ਠੀਕ ਹੈ।"

2. "ਜੇ ਖ਼ਾਲਸਾ-ਪੰਥ ਕਦੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਆਪਣੇ ਤੇ ਆਪਣੇ ਸਾਰੇ ਪਰਿਵਾਰ ਦੇ ਸਾਥੀਆਂ ਦੇ ਖ਼ੂਨ ਨਾਲ ਪਾਈਆਂ ਲੀਹਾਂ ਉੱਤੇ ਚੱਲ ਸਕੇ ਤਾਂ ਅੱਜ ਉਹ ਸਾਰੇ ਭਾਰਤ ਦਾ ਪਥ-ਪ੍ਰਦਰਸ਼ਕ ਬਣ ਸਕਦਾ ਹੈ।"

3. "ਧਰਤੀ ਅਸਮਾਨ ਦਾ ਫ਼ਰਕ ਹੈ ਉਸ ਸਮੇਂ ਦੇ ਖ਼ਾਲਸੇ ਤੇ ਅੱਜ



ਦੇ ਖ਼ਾਲਸੇ ਵਿੱਚ। ਇਸ ਫ਼ਰਕ ਦਾ ਧਿਆਨ ਕਰਕੇ ਅੱਜ ਦਾ ਖ਼ਾਲਸਾ ਅਤਿ ਲੋੜੀਂਦਾ ਸਬਕ ਲੈ ਸਕਦਾ ਹੈ। ਗੁਰੂ ਖ਼ਾਲਸੇ ਵਾਲੀ ਨਿਰਮਾਣਤਾ ਅੱਜ ਉੱਕੀ ਅਲੋਪ ਹੋ ਚੁੱਕੀ ਹੈ। ਆਪਣੇ ਨਾਂ ਦੀਆਂ ਗੱਦੀਆਂ ਲਈ ਬਲਿਹਾਰ ਹੋਇਆ ਖ਼ਾਲਸਾ ਤਰਸਯੋਗ ਤਸਵੀਰ ਦਿੱਸ ਰਹਿਆ ਹੈ। ਜਿੰਨੀ ਤਾਕਤ ਰਣਜੀਤ ਸਿੰਘ ਦੇ ਹੱਥ ਵਿੱਚ ਆਈ ਸੀ ਓਨੀ ਹੀ ਤਾਕਤ ਅੱਜ ਇਹਦੇ ਹੱਥ ਆ ਚੁੱਕੀ ਹੈ। ਪਰ ਖ਼ਾਲਸਾ ਜੀ ਆਪਣਿਆਂ 'ਤੇ ਕੀ ਬੇਗਾਨਿਆਂ, ਸਭ ਦੀ ਮਸਖਰੀ ਬਣ ਗਿਆ ਹੈ......ਜਦੋਂ ਚੜ੍ਹੇ-ਪੀੜ੍ਹੇ ਸਿੱਖ, ਪੰਥ ਦਾ ਨਹੀਂ, ਆਪਣਾ ਹੀ ਸਿੱਕਾ ਚਲਾਣ ਲਈ ਗੁਰਸਿੱਖੀ ਦਾ ਦਮ ਭਰ ਰਹੇ ਹਨ। ਅੱਜ ਜਦੋਂ ਸਿੱਖਾਂ ਦੀ ਵਜ਼ੀਰੀ ਦੀਆਂ ਗੱਦੀਆਂ ਦੌਲਤ ਤੇ ਨਾਮਣੇ ਲਈ ਸਾਹੋ ਸਾਹ ਹੋਈ ਭੱਜ-ਦੌੜ ਵੇਖਦੇ ਹਾਂ, ਤਾਂ ਇਨ੍ਹਾਂ ਉੱਤੇ ਤਰਸ ਆਉਂਦਾ ਹੈ । ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ, ਅੰਮ੍ਰਿਤ ਭਰੇ ਸੁਖਸਾਗਰ ਦੇ ਕੰਢਿਆਂ ਨੂੰ ਛੱਡ ਕੇ ਛੱਪੜਾਂ-ਟੋਬਿਆਂ ਵਿੱਚ ਮੱਛੀਆਂ ਫੜਦੇ ਹਨ।"

ਇਨ੍ਹਾਂ ਤਿੰਨ ਟੂਕਾਂ ਦੇ ਆਧਾਰ 'ਤੇ ਮੈਂ ਆਪਣੇ ਅੰਦਰ ਝਾਤੀ ਮਾਰਦਾ ਹਾਂ ਤੇ ਗੁਰਬਾਣੀ ਦੇ ਸ਼ੀਸ਼ੇ ਵਿੱਚੋਂ ਆਪਣੀ ਸ਼ਕਲ ਵੇਖਣ ਦੀ ਕੋਸ਼ਿਸ਼ ਕਰਦਾ ਹਾਂ। ਮੇਰੀ ਪੂਰੀ ਤਰ੍ਹਾਂ ਸਾਫ਼-ਸੁਥਰੀ ਖੁੱਲ੍ਹੀ ਦਾਹੜੀ ਤੇ ਪਗੜੀ ਤੇ ਮੇਰੇ ਪੂਰੇ ਕਕਾਰ ਮੈਨੂੰ ਵਹਿਮ ਪਾਉਂਦੇ ਹਨ ਕਿ ਮੈਂ ਇਕ ਸਿੱਖ ਹਾਂ, ਖ਼ਾਲਸਾ ਹਾਂ ਤੇ ਇਉਂ ਜਾਪਦਾ ਹੈ ਕਿ "ਖ਼ਾਲਸਾ ਮੇਰੋ ਰੂਪ ਹੈ ਖ਼ਾਸ", ਮੈਨੂੰ ਢੁੱਕਦਾ ਹੈ। ਚਾਹੀਦਾ ਤਾਂ ਹੈ ਕਿ ਫਿਰ ਅਗਲੀ ਤੁਕ "ਖ਼ਾਲਸੇ ਮੇ ਹਉ ਕਰਉ ਨਿਵਾਸ" ਵੀ ਢੁਕੇ, ਪਰ ਕੋਈ ਨਹੀਂ ਢੁਕਦਾ। ਹੁਣ ਮੈਂ ਥਰ-ਥਰ ਕੰਬਣ ਲੱਗ ਜਾਂਦਾ ਹਾਂ। ਮੇਰੀ ਬੇਈਮਾਨੀ, ਮੇਰੀ ਕੁਨਬਾ-ਪਰਵਰੀ, ਮੇਰੀ ਵਡਿਆਈ ਦੀ ਭੁੱਖ, ਮੇਰੀ ਸੇਵਾ-ਹੀਣ ਜ਼ਿੰਦਗੀ ਤੇ ਸਿਮਰਨਹੀਣ ਸਫ਼ਾਈ, ਇਹ ਸਭ ਮੈਨੂੰ ਕੋਸਣ ਲੱਗ ਜਾਂਦੇ ਹਨ। ਨਾਲੇ ਜਦੋਂ ਮੇਰਾ ਅੰਤਹਕਰਣ ਕਹਿ ਦੇਂਦਾ ਹੈ ਕਿ ਮੇਰੇ ਅੰਦਰ ਸਾਂਤੀ ਨਹੀਂ, ਸੁੱਖ ਨਹੀਂ, ਸਾੜਾ ਹੈ, ਦਵੈਸ਼ ਹੈ ਤਾਂ ਜ਼ਰੂਰ ਪਤਾ ਲੱਗ ਜਾਂਦਾ ਹੈ ਕਿ ਮੈਂ ਭੇਖੀ ਜਾਂ ਅਸਲੀ ਸਿੱਖ ਨਹੀਂ, ਗੁਰੂ ਦੀਆਂ ਗੱਲਾਂ ਯਾਦ ਆਉਂਦੀਆਂ ਹਨ:

(ੳ) ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (ਅੰ: ੪੭੦)
(ਸਭ ਤੋਂ ਵਡਾ ਗੁਣ ਹੈ ਨਿਮਰਤਾ ਵਿੱਚ ਮਿਠਾਸ)

(ਅ) ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ (ਅੰ: ੪੭੩)
(ਕਉੜਾ ਬੋਲਣ ਨਾਲ ਤਨ-ਮਨ ਕਉੜਾ ਹੁੰਦਾ ਹੈ)

(ੲ) ਮਾਨਸ ਕੀ ਜਾਤਿ, ਸਬੈ ਏਕੈ ਪਹਚਾਨਬੋ । (ਅਕਾਲ ਉਸਤਤਿ)

(ਸਾਰੀ ਮਨੁੱਖ ਜਾਤੀ ਨੂੰ ਇਕੋ ਜਾਤ ਸਮਝੀਏ)

(ਸ) **ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭੁ ਪਾਇਓ।੨੯**

(ਸੁਧਾ ਸਵੱਯੇ)

(ਸਚੀ ਗੱਲ ਸੁਣੋ, ਬਿਨਾਂ ਪ੍ਰੇਮ ਦੇ ਪ੍ਰਭੂ ਨਹੀਂ ਪਾਇਆ ਜਾ ਸਕਦਾ)

(ਹ) **ਮਨ ਰੇ ਕਉਨੁ ਕੁਮਤਿ ਤੈ ਲੀਨੀ॥** (ਅੰਗ ੬੩੧)

(ਮਨ ਤੂੰ ਕਿਉਂ ਪੁੱਠੀ ਮਤ ਲੈ ਲਈ ਹੈ)

ਹੁਣ ਜਦੋਂ ਮੈਂ ਆਪਣੀ ਅਸਲੀ ਹਾਲਤ ਅੰਦਰਲੇ ਬਾਣੀ ਦੇ ਸ਼ੀਸ਼ੇ ਵਿੱਚੋਂ ਵੇਖਦਾ ਹਾਂ ਤਾਂ ਪੂਰੀ ਤਰ੍ਹਾਂ ਸ਼ਰਮਿੰਦਾ ਹੋ ਕੇ ਘਬਰਾਂਦਾ ਹਾਂ, ਬਲਕਿ ਬਾਬਾ ਫਰੀਦ ਦਾ ਖ਼ਿਆਲ ਆ ਜਾਂਦਾ ਹੈ।

**ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥**

(ਅੰਗ ੧੩੮੧)

(ਫਰੀਦਾ, ਜਿਨ੍ਹਾਂ ਗੱਲਾਂ ਦਾ ਕੋਈ ਫ਼ਾਇਦਾ ਨਹੀਂ ਉਹ ਨਾ ਕਰ, ਮਤੇ ਪ੍ਰਭੂ ਦੇ ਦਰਬਾਰ ਵਿੱਚ ਸ਼ਰਮਿੰਦਾ ਹੋਣਾ ਪਵੇ।)

ਮੈਂ ਆਪਣੇ ਅੰਦਰ ਤੱਕਦਾ ਹਾਂ । ਕਈ ਜਗ੍ਹਾ ਮੈਂ ਲੈਕਚਰ ਕਰਨੇ ਹਨ, ਕਈ ਜਗ੍ਹਾ ਇਨਾਮ ਵੰਡਣੇ ਹਨ, ਕਈ ਥਾਵਾਂ 'ਤੇ ਸੈਮੀਨਾਰ ਕਰਨੇ ਹਨ, ਪਰ ਗੁਰੂ ਤੇਗ਼ ਬਾਹਦਰ ਦੀ ਸ਼ਹੀਦੀ ਦੇ ਗੁਰਪੁਰਬ ਦੇ ਨੇੜੇ, ਮੇਰੇ ਮਨ ਵਿੱਚ ਨਾ ਕੋਈ ਚਾਅ ਹੈ, ਨਾ ਤੜਪ ਤੇ ਨਾ ਕੋਈ ਰੀਝ ਕਿ ਮੈਂ ਵੀ ਗੁਰੂ ਦੇ ਨਕਸ਼ੇ ਕਦਮ 'ਤੇ ਚੱਲਣਾ ਹੈ। ਖ਼ੈਰ, ਮੈਂ ਲੈਕਚਰ ਕਰ ਰਹਿਆ ਸੀ ਤਾਂ ਮੇਰੇ ਇਕ ਮਿਤ੍ਰ ਦੀ ਝਲਕ ਪਈ ਜਿਹੜੇ ਪੰਜਾਬੋਂ ਬਾਹਰ ਗੁਰੂ ਦੇ ਨਾਂ 'ਤੇ ਸੇਵਾ ਕਰਦੇ ਹਨ। ਜਦ ਵੀ ਮੈਨੂੰ ਮਿਲਦੇ ਹਨ, ਕਹਿੰਦੇ ਰਹਿੰਦੇ ਹਨ-"ਪਿਆਰਿਆ ਬਾਹਰਲਾ ਭੇਖ ਤਾਂ ਹੀ ਚੰਗਾ ਲੱਗਦਾ ਹੈ ਜੇ ਤੇਰੇ ਅੰਦਰ ਗੁਰਬਾਣੀ ਦੇ ਹੁਕਮਾਂ 'ਤੇ ਚੱਲਣ ਦਾ ਸ਼ੌਕ ਹੈ।" ਇਕੋ ਥਾਂ 'ਤੇ ਦੋਵੇਂ ਪਹੁੰਚ ਗਏ ਤੇ ਪਤਾ ਲੱਗਾ ਕਿ ਉਨ੍ਹਾਂ ਵੀ ਉੱਥੇ ਬੋਲਣਾ ਹੈ। ਉਹਨਾਂ ਸਿੱਖੀ ਦੀ ਅਸਲੀਅਤ ਦੱਸਦਿਆਂ ਨੌਂ ਸਾਲ ਦੇ ਬੱਚੇ ਗੋਬਿੰਦ ਦਾ ਕਮਾਲ ਦੱਸਿਆ ਕਿ ਕਿਵੇਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣੇ ਪਿਤਾ ਨੂੰ ਸ਼ਹੀਦ ਹੋਣ ਦੀ ਸਲਾਹ ਦਿੱਤੀ ।

ਫਿਰ ਮੈਂ ਆਪਣੇ ਅੰਦਰ ਵੇਖਿਆ ਕਿ ਮੈਂ ਅਸਲੀਅਤ ਵਿੱਚ ਜੋ ਬੋਲਦਾ ਹਾਂ, ਉਹ ਮੇਰੇ ਅੰਦਰ ਨਹੀਂ ਹੈ ਤਾਂ ਮੈਂ ਕਿਵੇਂ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹਾਂ। ਮੇਰੇ ਮਿੱਤਰ ਨੇ ਜਦ ਕਿਹਾ ਕਿ ਖ਼ਾਲਸੇ ਨੂੰ ਕੇਵਲ ਖ਼ਾਲਸਾ



ਹੋਣ ਦੀ ਲੋੜ ਹੈ ਅੰਦਰੋਂ-ਬਾਹਰੋਂ, ਤਾਂ ਗੁਰੂ ਆਪ ਹੀ ਉਹਦੀ ਲਾਜ ਰੱਖੇਗਾ। ਨਾਲੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅੰਮ੍ਰਿਤ ਛਕਾਣ ਦਾ ਮਤਲਬ ਇਹ ਹੈ ਕਿ ਸਿਰ ਗੁਰੂ ਨੂੰ ਵੇਚ ਦਿੱਤਾ ਜਾਏ। ਬਾਣੀ ਵਿੱਚ ਅੰਮ੍ਰਿਤ ਬਾਰੇ ਵਾਰ-ਵਾਰ ਇਹ ਸੁਨੇਹੇ ਮਿਲਦੇ ਹਨ ਕਿ—

1. ਗੁਰਬਾਣੀ ਅੰਮ੍ਰਿਤ ਹੈ ਤੇ ਇਹਦਾ ਰਸ ਗੁਰਸ਼ਬਦ ਵਿੱਚੋਂ ਚੋਂਦਾ ਹੈ।
2. ਮਨ ਤਨ ਵੇਚ ਕੇ ਹੀ ਗੁਰੂ ਦੀ ਖ਼ੁਸ਼ੀ ਮਿਲਦੀ ਹੈ।
3. ਗੁਰੂ ਨੂੰ ਸਿਰ ਵੇਚ ਕੇ ਹੀ ਗੁਰੂ ਨਾਲ ਅਭੇਦ ਹੋਈਦਾ ਹੈ।
4. ਮਨ ਵੇਚਣ ਨਾਲ ਗੁਰੂ ਸਾਰੇ ਕੰਮ ਰਾਸ ਕਰਦਾ ਹੈ।
5. ਦੁਨੀਆਂ ਦੀਆਂ ਸਭ ਵਡਿਆਈਆਂ ਹੋਣ, ਪਰ ਪ੍ਰਭੂ ਦਾ ਜੇ ਪਿਆਰ ਨਹੀਂ, ਤਾਂ ਜੀਵਨ ਲਾਸ਼ ਵਾਂਗ ਹੈ।

ਫਿਰ ਮੈਂ ਦੇਖਦਾ ਹਾਂ ਮੇਰੀ ਜ਼ਿੰਦਗੀ ਦਾ ਮੰਤਵ ਤਾਂ ਕੇਵਲ ਆਪਣੀ ਵਡਿਆਈ, ਪੈਸਾ, ਲਾਲਚ ਤੇ ਕੁਨਬਾ-ਪਰਵਰੀ ਹੈ, ਮੈਂ ਕਿਵੇਂ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਅਖਵਾ ਸਕਦਾ ਹਾਂ ਤੇ ਉਹ ਕਿਵੇਂ ਮੇਰੇ ਅੰਦਰ ਵੱਸ ਸਕਦਾ ਹੈ?

ਜਦ ਮੈਂ ਆਪਣੇ ਮਿੱਤਰ ਨੂੰ ਮਿਲ ਕੇ ਇਹ ਸਵਾਲ ਪ੍ਰਗਟ ਕੀਤਾ ਕਿ ਮੈਂ ਗੁਰੂ ਦਾ ਅੰਮ੍ਰਿਤ ਵੀ ਛਕਿਆ ਹੋਇਆ ਹੈ, ਕਕਾਰ ਵੀ ਰੱਖਦਾ ਹਾਂ, ਮੇਰੀ ਵਡਿਆਈ ਵੀ ਹੋ ਰਹੀ ਹੈ, ਪਰ ਮੈਂ ਅੰਦਰੋਂ ਪ੍ਰੇਸ਼ਾਨ ਹਾਂ, ਮੇਰੇ ਅੰਦਰ ਸਕੂਨ ਨਹੀਂ । ਮੈਂ ਕਿਸ ਤਰ੍ਹਾਂ ਆਪਣਾ ਜੀਵਨ ਠੀਕ ਕਰ ਸਕਦਾ ਹਾਂ? ਮੇਰਾ ਵਿਚਾਰ ਸੀ ਕਿ ਮੇਰਾ ਮਿੱਤਰ ਮੇਰੇ ਜੀਵਨ 'ਤੇ ਠੱਪਾ ਲਾ ਦੇਵੇਗਾ ਤੇ ਕਹਿ ਦੇਵੇਗਾ ਕਿ ਤੁਸੀਂ ਤਾਂ ਕਮਾਲ ਦੇ ਜੀਵਨ ਦੇ ਮਾਲਕ ਹੋ, ਕਿਉਂ ਪ੍ਰੇਸ਼ਾਨ ਹੁੰਦੇ ਹੋ? ਪਰ ਉਸ ਕਿਹਾ—

1. ਕੀ ਤੂੰ ਸੇਵਾ ਕਰਦਾ ਹੈਂ?
2. ਕੀ ਤੂੰ ਅੰਮ੍ਰਿਤ ਵੇਲੇ ਪ੍ਰਭੂ ਦੀ ਹਜ਼ੂਰੀ ਵਿੱਚ ਸਿਮਰਨ, ਕੀਰਤਨ, ਬਾਣੀ ਦੀ ਵੀਚਾਰ ਕਰਦਾ ਹੈਂ?
3. ਕੀ ਦਸਵੰਧ ਕੱਢਦਾ ਹੈਂ ?
4. ਕੀ ਜਾਤ-ਪਾਤ ਛੱਡ ਦਿੱਤੀ ਹੈ ਜਾਂ ਨੀਵੇਂ ਭਰਾਵਾਂ ਨਾਲ ਠੀਕ ਨਹੀਂ ਵਰਤਦਾ ਤੇ ਆਪਣੀ ਜਾਤ-ਪਾਤ 'ਤੇ ਮਾਣ ਕਰਦਾ ਹੈਂ ?
5. ਕੀ ਸ਼ਰਾਬ ਪੀਂਦਾ ਹੈਂ ਤੇ ਸ਼ਰਾਬ ਪੀ ਕੇ ਵੀ ਆਪਣੇ ਕਕਾਰਾਂ 'ਤੇ ਮਾਣ ਕਰਦਾ ਹੈਂ ?
6. ਕੀ ਗ਼ਰੀਬਾਂ ਨਾਲ ਪ੍ਰੇਮ ਕਰਦਾ ਹੈਂ ?

7. ਕੀ ਕਿਸੇ ਨਾਲ ਵੈਰ-ਵਿਰੋਧ ਕਰਦਾ ਹੈਂ ? ਕੀ ਈਰਖਾ, ਨਿੰਦਾ ਵਿੱਚ ਭਾਗ ਲੈਂਦਾ ਹੈਂ ?
8. ਕੀ ਵਹਿਮਾਂ-ਭਰਮਾਂ ਵਿੱਚੋਂ ਨਿਕਲ ਗਇਆ ਹੈਂ ?
9. ਕੀ ਵਿਤਕਰਾ ਕਰਦਾ ਹੈਂ?
10. ਕੀ ਸਵਾਸ-ਸਵਾਸ ਨਾਮ ਜਪਦਿਆਂ ਮੌਤ ਨੂੰ ਹਰ ਵੇਲੇ ਚੇਤੇ ਰੱਖਦਾ ਹੈਂ?—ਤੇ ਗੁਰੂ ਲਈ, ਮਤਲਬ ਸੱਚ ਲਈ, ਸ਼ਹੀਦ ਹੋਣ ਨੂੰ ਤਿਆਰ ਹੈਂ?

ਭਾਵੇਂ ਮੇਰਾ ਮਿੱਤਰ ਸੀ ਪਰ ਲੱਗਾ ਜਿਵੇਂ ਸੱਚਾ-ਸੁੱਚਾ Public Prosecutor ਮੈਨੂੰ ਅੰਦਰੋਂ-ਬਾਹਰੋਂ overhaul ਕਰ ਰਹਿਆ ਹੋਵੇ। ਮੇਰੇ ਮਨ ਵਿੱਚ ਆਇਆ ਕਿ ਉੱਥੋਂ ਨੱਸ ਜਾਵਾਂ, ਪਰ ਪ੍ਰਭਾਵ ਉਹਦਾ ਕੁਝ ਐਸਾ ਸੀ ਕਿ ਉਹਦੇ ਹਰ ਸਵਾਲ ਦਾ ਜਵਾਬ ਦੇਣ ਨੂੰ ਜੀ ਕਰਦਾ ਸੀ ਤੇ ਹਰ ਜਵਾਬ ਮੇਰੇ ਲਈ ਸੁਖਾਵਣਾ ਨਹੀਂ ਸੀ। ਮੇਰਾ ਅੰਦਰਲਾ ਭੇਖ ਨੰਗਾ ਹੋ ਰਹਿਆ ਸੀ। ਮੈਂ ਨਾਮ ਦਾ ਹੀ ਸਿੱਖ ਸਾਂ, ਸੱਚ ਇਹ ਹੈ ਕਿ ਜਿਸ ਗੱਲ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮੇਰੇ ਵਿੱਚ ਨਿਵਾਸ ਕਰਨਾ ਸੀ, ਉਹ ਮੇਰੇ ਵਿੱਚ ਹੈ ਹੀ ਨਹੀਂ ਸੀ ? ਗੁਰੂ ਨਾਨਕ ਤੋਂ ਲੈ ਕੇ ਸਾਰੇ ਗੁਰੂਆਂ ਨੇ ਕਿਸੇ ਨਾ ਕਿਸੇ ਤਰੀਕੇ ਨਾਲ ਇਹ Clear ਕਰ ਦਿੱਤਾ ਸੀ—

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥** (ਅੰਗ ੧੪੧੨)

(ਜੇ ਤੈਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਉ ਹੈ ਤਾਂ ਆਪਣਾ ਸਿਰ ਤਲੀ ’ਤੇ ਰੱਖ ਕੇ ਮੇਰੀ ਗਲੀ ਵਿੱਚ ਆ। ਇਸ ਰਾਹ ’ਤੇ ਪੈਰ ਧਰਨ ਸਾਰ ਹੀ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਜੇ ਜਾਨ ਦੇਣੀ ਪਏ ਤਾਂ ਕੋਈ ਗੱਲ ਨਹੀਂ ।)

ਹੁਣ ਇਹ ਗੱਲ ਸਾਫ਼ ਸਮਝ ਆਈ ਕਿ ਅੰਮ੍ਰਿਤ ਛਕਣ ਦਾ ਮਤਲਬ ਹੈ ਕਿ ਜੀਣਾ; ਗੁਰੂ ਦੇ ਹੁਕਮਾਂ ’ਤੇ ਚਲਦਿਆਂ ਨਿਮਰਤਾ ਤੇ ਲੋਕ ਭਲਾਈ ਵਿੱਚ ਤੇ ਸੱਚ ਲਈ ਸ਼ਹੀਦ ਹੋਣ ਨੂੰ ਤਿਆਰ ਰਹਿਣਾ । ਯਾਦ ਆਇਆ, ਕਿਸੇ ਨੇ ਦੱਸਿਆ ਸੀ ।

—ਸੱਚ ਲਈ ਸ਼ਹੀਦ ਹੋਣ ਨਾਲ, ਤਾਂ ਹੀ ਕਰਾਂਤੀ ਆਉਂਦੀ ਹੈ ਜੇ ਬੰਦਾ ਪਹਿਲਾਂ ਸੱਚ ਲਈ ਹੀ ਜਿਊਂਦਾ ਰਿਹਾ ਹੋਵੇ।



—ਪਹਿਲਾਂ ਮਰਨ ਕਬੂਲ ਕਰਨਾ ਹੀ ਸਿੱਖ ਦੇ ਕਕਾਰਾਂ ਦੀ ਸ਼ਾਨ ਹੈ। ਜੇ ਮੌਤ ਦਾ ਡਰ ਹੈ ਤਾਂ ਅੰਮ੍ਰਿਤ ਦਾ ਰੰਗ ਨਹੀਂ ਚੜ੍ਹਿਆ ।

ਹੁਣ ਮੈਂ ਫਸ ਗਿਆ ਸਾਂ। ਮੇਰਾ ਭੇਖ ਨੰਗਾ ਹੋ ਚੁੱਕਾ ਸੀ, ਪਰ ਮੇਰਾ ਹੰਕਾਰ ਕਾਇਮ ਸੀ। ਪਹਿਲਾਂ ਤਾਂ ਕੁਛ ਨਾ ਸੁੱਝਾ ਤੇ ਮੈਂ ਚੁੱਪ ਰਹਿਆ; ਪਰ ਫਿਰ ਅਹੰਕਾਰ ਬੋਲਿਆ—ਭਾਈ ਸਾਹਿਬ, ਤੁਸੀਂ ਤਾਂ ਸਰਕਾਰੀ ਪਿਠੂ ਲੱਗਦੇ ਹੋ, ਜਾਂ Communist, ਤੁਹਾਨੂੰ ਸਿੱਖੀ ਅਸੂਲਾਂ ਦਾ ਕੀ ਪਤਾ ? ਮੈਂ ਕਈ ਸਾਲਾਂ ਤੋਂ ਪ੍ਰਚਾਰ ਕਰਦਾ ਹਾਂ, ਲਗਾਤਾਰ ਬਾਣੀ ਪੜ੍ਹਦਾ ਹਾਂ, ਲਗਾਤਾਰ ਆਪਣੇ ਇਲਾਕੇ ਦਾ ਲੀਡਰ ਹਾਂ। ਤੁਸੀਂ ਕਿਤੇ ਹਿੰਦੂਆਂ ਨਾਲ ਰਲ ਕੇ ਮੈਨੂੰ ਡੇਗਣ ਤਾਂ ਨਹੀਂ ਆਏ ।

ਮੇਰੇ ਮਿੱਤਰ ਨੇ ਆਪਣੇ ਮੱਥੇ ’ਤੇ ਹੱਥ ਮਾਰਿਆ ਤੇ ਅਫ਼ਸੋਸ ਨਾਲ ਕਿਹਾ—ਸੱਚਮੁੱਚ ਅਸੀਂ ਭਟਕ ਗਏ ਹਾਂ ਤੇ ਭਾਈ ਗੁਰਦਾਸ ਜੀ ਦੀ ਬਾਣੀ ਹੁਣ ਸਚਾਈ ਪ੍ਰਗਟ ਕਰ ਰਹੀ ਹੈ।

**—ਕਾਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।**
(ਵਾਰ ੧, ਪਉੜੀ ੩੦)

(ਹੇ ਗੁਸਾਈਂ ! ਕਲਿਜੁਗ ਦੇ ਲੋਕ ਕੁੱਤੇ ਵਾਂਗ ਪਰਾਏ ਹੱਕ ਨੂੰ ਮੂੰਹ ਮਾਰਦੇ ਹਨ) ਤੇ ਗੁਰੂ ਨਾਨਕ ਦੀ ਆਵਾਜ਼,

**—ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
(ਅੰਗ ੧੪੫)

(ਕਲਜੁਗ ਦੀ ਕੈਂਚੀ ਵਿੱਚ ਰਾਜੇ ਕਸਾਈ ਹੋ ਗਏ ਤੇ ਧਰਮ ਪੰਖ ਲਗਾ ਕੇ ਉੱਡ ਗਇਆ ਹੈ।)

ਸੱਚਮੁੱਚ ਸਾਡੀ Philosophy ਬਾਰੇ ਮੈਂ ਵੀ ਇਹੋ ਸੋਚਦਾ ਹਾਂ ਕਿ ਕਿਤੇ ਅਸੀਂ ਸਾਰੇ ਸਿੱਖ ਗੁਰੂ ਦੇ ਹੁਕਮਾਂ ’ਤੇ ਚਲਦੇ ਤੇ ਆਪਣੇ ਆਪ ਨੂੰ ਨਮੂਨਾ ਪੇਸ਼ ਕਰਦੇ ਉਸ ਪੂਰਨ ਇਨਸਾਨ ਦਾ ਜਿਹੜਾ ਖ਼ਾਲਸੇ ਦੇ ਨਾਂ ਹੇਠਾਂ ਬਣਾਇਆ ਗਇਆ ਸੀ, ਤਾਂ ਸਾਰਾ ਭਾਰਤ ਸਾਡੇ ਕੋਲੋਂ ਜੀਵਨ ਜਾਂਚ ਸਿੱਖਦਾ, ਪਰ ਅਫ਼ਸੋਸ, ਅਸੀਂ ਆਪ ਹੀ ਭਟਕ ਗਏ ਹਾਂ।

ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ ਹੈ, ਆਪਣੇ ਦਾਸਾਂ ’ਤੇ ਕਿਰਪਾ ਕਰੋ, ਮੁੜ ਖ਼ਾਲਸੇ ਦੇ ਗੁਣ ਸਾਡੇ ਵਿੱਚ ਪੈਦਾ ਕਰੋ, ਤਾਂ ਜੋ ਆਪ ਦਾ ਪ੍ਰਕਾਸ਼ ਉਤਸਵ ਮਨਾਂਦਿਆਂ ਸਾਨੂੰ ਸ਼ਰਮ ਨਾ ਆਵੇ ਕਿ ਅਸੀਂ ਅੰਦਰੋਂ ਹੋਰ ਬਾਹਰੋਂ ਹੋਰ ਹਾਂ।

# ਆਉ ਗੁਰਸਿੱਖੀ ਦੀ ਆਕੜ 'ਚੋਂ ਨਿਕਲ ਕੇ ਗੁਰੂ ਨਾਨਕ ਵਾਲੀ ਨਿਮਰਤਾ ਨਾਲ ਵਰਤੀਏ

ਬਹੁਤ ਹੀ ਮਨਮਤਿ ਦਾ ਭਾਰ ਮੇਰੇ ਦਿਮਾਗ਼ 'ਤੇ ਜਮ੍ਹਾਂ ਹੋ ਗਿਆ ਹੈ ਤੇ ਨਾਲੇ ਡਰ ਲੱਗਣ ਲੱਗ ਪਿਆ ਹੈ ਕਿ ਕੀ ਗੁਰੂ ਸਾਹਿਬ ਦੀ 'ਹਰ ਹਾਲਤ ਵਿੱਚ' ਦੱਸੀ ਨਿਮਰਤਾ ਕੇਵਲ ਗ਼ੈਰ-ਸਿੱਖਾਂ ਲਈ ਹੈ ਜਾਂ ਕੀ ਆਕੜ ਦਾ ਇਲਜ਼ਾਮ ਸਮੁੱਚੇ ਤੌਰ 'ਤੇ ਕੇਵਲ ਗ਼ੈਰ-ਸਿੱਖਾਂ 'ਤੇ ਹੈ। 'ਕੇਵਲ ਸਿੱਖ ਹੀ ਸਭ ਤੋਂ ਚੰਗੇ ਹਨ' ਜਾਂ ਕੇਵਲ ਸਿੱਖੀ ਹੀ ਸਭ ਤੋਂ ਵੱਡਾ ਧਰਮ ਹੈ ਦੇ ਅਹੰਕਾਰੇ ਹੋਏ ਵਿਚਾਰ ਐਸੇ ਤਰੀਕੇ ਨਾਲ ਮੇਰੇ 'ਤੇ ਭਾਰੂ ਹਨ ਕਿ ਆਪਣੇ ਗੁਰੂ ਦੀ ਪੂਰੀ ਰੋਸ਼ਨੀ ਦਾ ਮਾਣ ਰੱਖਦਿਆਂ ਹੋਇਆਂ ਵੀ ਅੰਨ੍ਹੇਰੇ ਵਿੱਚ ਬੈਠੇ ਹਾਂ।

ਮੇਰਾ ਗੁਰੂ ਕਹਿੰਦਾ ਹੈ ਕਿ ਕਈ ਕਿਸਮ ਦੇ ਪੁਜਾਰੀ, ਕਈ ਕਿਸਮ ਦੇ ਭਗਤੀ ਕਰਨ ਵਾਲੇ 'ਸੱਚ' ਨੂੰ ਪਹੁੰਚ ਸਕਦੇ ਹਨ ਜੇ ਹਿਰਦਾ ਸੱਚਾ ਹੋਵੇ। ਇਸ ਦਾ ਸਬੂਤ ਹੈ **'ਗੁਰੂ ਗ੍ਰੰਥ ਸਾਹਿਬ ਮਹਾਰਾਜ'**। ਜੁੱਗੋ-ਜੁੱਗ ਅਸਲ ਬਾਣੀ ਦੇ ਰੂਪ ਵਿੱਚ ਵਾਹਿਗੁਰੂ ਆਪ ਪ੍ਰਗਟ ਹੈ। ਕੋਈ ਭਗਤ ਕ੍ਰਿਸ਼ਨ ਜੀ ਦਾ ਪੁਜਾਰੀ, ਕੋਈ ਭਗਤ ਰਾਮ ਦਾ ਨਾਮ ਲੈਣ ਵਾਲਾ, ਕੋਈ ਫ਼ਕੀਰ ਅੱਲਾਹ ਨੂੰ ਯਾਦ ਕਰਨ ਵਾਲਾ—ਸਾਰੇ ਸਾਂਝੀ ਥਾਂ ਬਿਠਾ ਕੇ ਮੇਰੇ ਗੁਰੂ ਨੇ ਪੂਰਨ ਤੌਰ 'ਤੇ ਇਹ ਫ਼ੈਸਲਾ ਕੀਤਾ ਕਿ ਜਦੋਂ ਤਕ ਆਦਮੀ ਵਾਹਿਗੁਰੂ ਨੂੰ ਮਨ ਤਨ ਤੇ ਧਨ ਨਾਲ ਪੂਰਨ ਪ੍ਰੇਮ ਕਰਦਾ ਹੈ ਤੇ ਆਪਣਾ ਆਪ ਗਵਾ ਲੈਂਦਾ ਹੈ, ਉਹ ਕਿਸੇ ਧਰਮ ਵਿੱਚ ਵੀ ਪ੍ਰਵਾਨ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਨੇ ਵੀ ਇਸ ਗੱਲ ਨੂੰ ਪੂਰੀ ਤਰ੍ਹਾਂ ਪ੍ਰਚਾਰਿਆ ਜਦੋਂ ਖ਼ਾਲਸਾ ਸਾਜ ਕੇ ਵੀ ਸਹਿਜਧਾਰੀ ਸਿੱਖ ਜਾਂ ਮੁਸਲਮਾਨਾਂ ਨੂੰ ਵੀ ਆਪਣਾ ਪਿਆਰਾ ਬਣਾਈ ਰੱਖਿਆ, ਫੇਰ ਹਰ ਗੁਰੂ ਸਾਹਿਬ ਨੇ ਪੂਰੀ ਤਰ੍ਹਾਂ ਕਿਹਾ ਕਿ 'ਵਾਹਿਗੁਰੂ ਦਾ ਨਾਂ ਸਭ ਤੋਂ ਵੱਡਾ ਹੈ। ਹਰ ਗੁਰੂ ਸਾਹਿਬ ਨੇ ਤੇ ਹਰ ਭਗਤ ਨੇ ਆਪਣੇ ਗੁਰੂ ਦੀ ਰੱਜ ਰੱਜ ਕੇ ਵਡਿਆਈ ਕੀਤੀ, ਸਭ ਤੋਂ ਵੱਡਾ ਗੁਰੂ ਕਹਿ ਕੇ। ਕਿਸੇ ਗੁਰੂ ਸਾਹਿਬ ਨੇ 'ਸੱਚ' ਦੇ ਖੋਜਣ ਵਾਲੇ ਨੂੰ ਇਹ ਨਾ ਕਿਹਾ ਪਹਿਲਾਂ ਤੂੰ ਸਾਡਾ ਚੇਲਾ ਬਣ ਜਾਂ Declare (ਘੋਸ਼ਿਤ) ਕਰ ਤੂੰ ਸਿੱਖ ਹੈਂ, ਸਗੋਂ ਗੁਰੂ ਨਾਨਕ ਨੇ ਅਪਾਰ ਕ੍ਰਿਪਾ ਕਰਕੇ ਇਨਸਾਨੀਅਤ ਤੇ ਸੱਚ ਦਾ ਸਾਂਝਾ ਪੈਗ਼ਾਮ ਇਵੇਂ ਦਿੱਤਾ—**"ਨਾ ਕੋਈ ਹਿੰਦੂ ਨਾ ਮੁਸਲਮਾਨ"**, ਅਮਲਾਂ ਬਾਝੋਂ ਦੋਵੇਂ ਰੋਣਗੇ ।

ਸਾਡੇ ਵੱਡੇ ਵਡੇਰੇ ਅੱਜਕੱਲ੍ਹ ਦੇ ਲੀਡਰਾਂ, ਮਹਾਂ-ਪੁਰਸ਼ਾਂ, ਸੰਤਾਂ ਤੇ ਗੁਰਸਿੱਖਾਂ ਨੇ ਬਹੁਤ ਕਮਾਈਆਂ ਕੀਤੀਆਂ ਤੇ ਪੁੱਗੇ ਹੋਏ ਬਣੇ ਤੇ ਅਖਵਾਏ ਪਰ ਸਿੱਖੀ ਦਾਇਰੇ ਵਿੱਚ ਹੀ ਜਾਣਨ ਹੋਏ 'ਸੱਚ' ਦੇ ਵਿਓਪਾਰ ਵਿੱਚ । ਹੋਰ ਕਈ ਸਿੱਖ ਇੰਜੀਨੀਅਰ, ਡਾਕਟਰ, ਸਾਇੰਟਿਸਟ, ਸਿਆਸਤਦਾਨ, ਆਦਿਕ



ਹੋਰ ਹਿੰਦੁਸਤਾਨੀਆਂ ਵਾਂਗ ਮਸ਼ਹੂਰ ਹੋਏ। 'ਸੱਚ' ਦੇ ਦਾਇਰੇ ਵਿੱਚ ਗੁਰੂ ਨਾਨਕ ਦੀ ਸਿੱਖਿਆ 'ਤੇ ਪੂਰੀ ਤਰ੍ਹਾਂ ਚੱਲ ਕੇ ਦੁਨਿਆਵੀ ਜੀਵਨ ਦੇ ਅਖਾੜੇ ਵਿੱਚ ਵੀ ਪੂਰੇ ਉਤਰ ਕੇ ਸਾਰੀ ਦੁਨੀਆਂ ਵਿੱਚ ਗੁਰੂ ਨਾਨਕ ਦੀ ਆਵਾਜ਼ ਪਹੁੰਚਾਣ ਵਾਲਾ ਇਸ ਜ਼ਮਾਨੇ ਵਿੱਚ ਕੋਈ ਨਹੀਂ ਨਿਕਲਿਆ। ਇਸ ਦੀ Most Important (ਅਤੀ ਜ਼ਰੂਰੀ) ਤੇ Absolute (ਪੱਕੀ) ਵਜ੍ਹਾ ਇਹ ਜਾਪਦੀ ਹੈ ਕਿ ਅਸੀਂ 'ਸਿੱਖੀ' ਦੇ 'ਸਭ ਤੋਂ ਵੱਡਾ ਧਰਮ' ਹੋਣ ਦੀ ਆਕੜ ਵਿੱਚ ਹਮੇਸ਼ਾਂ 'ਸੱਚ' ਦੀ ਕਮਾਈ ਨੂੰ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਦਿੱਤੀ ਸਾਂਝੀ ਦਾਤ ਨੂੰ ਕੇਵਲ 'ਸਿੱਖੀ' ਦਾਤ ਬਣਾ ਲਿਆ ਤੇ ਉਨ੍ਹਾਂ ਦੀਆਂ ਬਰਕਤਾਂ ਗ਼ੈਰ-ਸਿੱਖਾਂ ਅੱਗੇ ਚਮਕਣ ਤੋਂ ਰੋਕ ਦਿੱਤੀਆਂ ਬਲਕਿ ਕੇਵਲ 'ਸਿੱਖੀ' ਦਾ Purity (ਖ਼ਾਲਿਸਪਨ) Superiority (ਵਡੱਪਣ) ਦੇ ਵਹਿਮ ਵਿੱਚ ਹੋਰ ਅੱਗੇ ਹੋਣ ਨਾਲ ਸਿੱਖਾਂ ਵਿੱਚ ਵੀ ਵੰਡਾਂ ਪਾ ਦਿੱਤੀਆਂ। ਕਦੇ ਹਿੰਦੂਆਂ ਨੂੰ 'ਗੁਲਾਮ ਕੌਮ' ਕਹਿਣ ਲੱਗ ਪਏ, ਕਦੇ ਕੇਵਲ 'ਵਾਹਿਗੁਰੂ' ਨੂੰ ਹੀ ਰੱਬ ਦਾ 'ਸਵੀਕਾਰ ਨਾਮ' ਮੰਨਣ ਲੱਗ ਪਏ ਤੇ ਕਦੇ ਇਹ ਸੋਚਣ ਲੱਗ ਪਏ ਕਿ ਗੁਰੂ ਗੋਬਿੰਦ ਸਿੰਘ ਦਾ ਸਿੰਘ ਸੱਜੇ ਬਗੈਰ ਕੋਈ ਇਨਸਾਨ ਰੱਬ ਦੇ ਦਰ ਪਰਵਾਨ ਹੀ ਨਹੀਂ ਹੋ ਸਕਦਾ। ਮੈਂ ਸਭ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਨਿੱਕਾ ਜਿਹਾ ਕੀੜਾ ਹਾਂ। ਜੋ ਜੋ ਸਾਹਿਬਾਂ ਨੇ ਕਰਾਇਆ ਸਭ ਨੇ ਕੀਤਾ, ਪਰ ਇਹ ਦੱਸਣ ਦੀ ਕੋਸ਼ਿਸ਼ ਹੈ ਕਿ 'ਸਿੱਖੀ' ਦੀ ਵਡਿਆਈ ਦੇ ਰੋਹਬ ਨੇ ਗ਼ੈਰ ਸਿੱਖਾਂ ਨੂੰ ਇਹ ਵਡਿਆਈ ਨਾ ਦੇਖਣ ਦਿੱਤੀ; ਸਗੋਂ ਸਾਡੇ ਅਮਲੀ ਜੀਵਨ ਬਹੁਤ ਹੀ ਸਿੱਖੀ ਤੋਂ ਉਲਟ ਹੋਣ ਕਰਕੇ ਤੇ ਦੂਜਿਆਂ ਨਾਲ Indifference (ਮੱਤ ਭੇਦ) ਜਾਂ Superiority (ਵਡੱਪਣ) ਦੱਸਣ ਕਰਕੇ ਦੂਜਿਆਂ ਨੂੰ ਆਪਣੇ ਤੋਂ ਹੋਰ ਦੂਰ ਕਰ ਲਿਆ ।

ਆਓ, ਹੈਰਾਨ ਹੋ ਕੇ ਤੱਕੀਏ, ਵੀਚਾਰੀਏ ਤੇ ਖ਼ੁਸ਼ ਹੋਈਏ ਕਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀ ਅਮਲੀ ਸਿੱਖੀ ਨੂੰ ਪੂਰੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਅਨੁਸਾਰ ਇਸ ਜ਼ਮਾਨੇ ਵਿੱਚ ਸਾਡੀਆਂ ਅੱਖਾਂ ਸਾਹਮਣੇ ਨਿਭਾਣ ਵਾਲਾ ਉਹ ਮਹਾਨ ਵਿਅਕਤੀ ਜਿਸ ਨੂੰ ਅਸੀਂ 'ਗੁਲਾਮ ਕੌਮ' ਵਿੱਚੋਂ ਸਮਝਦੇ ਹਾਂ। 'ਜੀਵਨ ਮੁਕਤੀ' ਦੇ ਰਸਤੇ 'ਤੇ ਚਲ ਕੇ ਗੁਰੂ ਨਾਨਕ ਦੇ ਇਕ ਇਕ ਵਾਕ ਨੂੰ ਨਿਭਾਂਦਿਆਂ ਪੂਰਨ ਸਿੱਖਾਂ ਦਾ ਜੀਵਨ ਜ਼ਿੰਦਗੀ ਦੇ ਸਾਰੇ ਕੰਮ ਕਰਦਿਆਂ ਬਿਤਾਇਆ। ਆਉ ਦੇਖੀਏ ਕਿਵੇਂ :-

ਗੁਰ ਸਿਖ ਲਈ ਹੁਕਮ ਹੈ, ਕਿ

(੧) ਸਿੱਖ ਪੂਰਨ ਸੱਚਾਈ 'ਤੇ ਚੱਲੇ ਤੇ ਜਾਨ ਵਾਰਨੀ ਪਵੇ ਤਾਂ ਵਾਰ ਦੇਵੇ।

ਉਸ ਵਿਅਕਤੀ ਦੇ ਆਪਣੇ ਲਫਜ਼ਾਂ ਵਿੱਚ ਦੱਸਦੇ ਹਾਂ, ਉਹ ਕੀ ਸੋਚਦੇ ਸਨ।

'ਮੇਰੇ ਵਰਗੇ ਹਜ਼ਾਰਾਂ ਤਬਾਹ ਹੋ ਜਾਣ ਤਾਂ ਕਿ 'ਸੱਚ' ਕਾਇਮ ਰਹਵੇ' ।

(੨) ਸਿੱਖ ਪੂਰਨ ਨਿਮਰਤਾ ਵਿੱਚ ਰਹੇ, ਹਮੇਸ਼ਾਂ ।

ਉਸ ਵਿਅਕਤੀ ਦੇ ਵਿਚਾਰ ਸਨ : 'ਸੱਚ' ਮੇਰਾ ਸੁਨਹਿਰੀ ਅਸੂਲ ਹੈ। ਸੱਚਾਈ ਦੀ ਖੋਜ ਕਰਨ ਵਾਲੇ ਲਈ ਜ਼ਰੂਰੀ ਹੈ ਕਿ ਉਹ ਮਿੱਟੀ ਤੋਂ ਵੀ ਨੀਵਾਂ ਹੋਵੇ ਤੇ ਮਿੱਟੀ, ਜਿਹੜੀ ਸਭ ਤੋਂ ਨੀਵੀਂ ਗਿਣੀ ਜਾਂਦੀ ਹੈ ਦੇ ਥੱਲੇ ਪਿਸਦਾ ਜਾਏ।

(੩) ਸਿੱਖ ਹੱਥਾਂ ਪੈਰਾਂ ਨਾਲ ਕੰਮ ਕਰਦਿਆਂ ਹੋਇਆਂ, ਚਿੱਤ ਨਰਿੰਜਨ ਨਾਲ ਰੱਖੇ।

ਉਹ ਵਿਅਕਤੀ ਲਿਖਦੇ ਹਨ—

"ਜੋ ਮੈਂ ਚਾਹੁੰਦਾ ਹਾਂ, ਤੇ ਜਿਸ ਲਈ ਲੱਗਾ ਹੋਇਆ ਹਾਂ ੩੦ ਸਾਲਾਂ ਤੋਂ ਉਹ ਹੈ—ਆਪਾ ਚੀਨਣਾ, ਵਾਹਿਗੁਰੂ ਦੇ ਦਰਸ਼ਨ ਕਰਨੇ ਤੇ ਜੀਵਨ ਮੁਕਤ ਹੋਣਾ। ਹੋਰ ਜੋ ਕੁਝ ਵੀ ਮੈਂ ਕਰਦਾ ਹਾਂ, ਉਸੇ ਇਕ ਲਗਨ ਵੱਲ ਨੱਸਣ ਲਈ ਕਰਦਾ ਹਾਂ"।

(੪) ਸਿੱਖ ਨੂੰ ਇਹ ਚਾਅ ਨਾ ਹੋਵੇ ਕਿ ਸੇਵਾ ਕਰਕੇ ਕੁਝ ਬਣਾਂ ਜਾਂ ਲੋਕੀਂ ਚੰਗਾ ਆਖਣ ।

ਉਸ ਵਿਅਕਤੀ ਨੇ ਕਿਹਾ-

"ਮੇਰੇ ਸਿਆਸੀ ਜੀਵਨ ਦੇ ਸਾਰੇ ਤਜਰਬੇ ਮਸ਼ਹੂਰ ਹਨ; ਪਰ ਮੇਰੇ ਲਈ ਉਹਨਾਂ ਦਾ ਕੋਈ ਮੁੱਲ ਨਹੀਂ ਤੇ ਨਾ ਹੀ ਕੋਈ ਮੁੱਲ ਹੈ ਮੇਰੇ ਲਈ "ਮਹਾਤਮਾ" ਦੇ ਖ਼ਿਤਾਬ ਦਾ । ਸਗੋਂ ਇਹ ਖ਼ਰਾਬ ਕਰਕੇ ਮੈਂ ਬਹੁਤ ਦੁਖੀ ਹੋਇਆ ਹਾਂ"।

(੫) ਸਿੱਖ ਵਾਹਿਗੁਰੂ ਤੋਂ ਕਦੇ ਨਾ ਵਿਛੜੇ—ਇਕ ਪਲ ਵੀ ।

ਉਸ ਵਿਅਕਤੀ ਨੇ ਕਿਹਾ—

"ਭਗਤ ਸੂਰਦਾਸ ਵਾਂਗ ਮੈਂ ਵੀ ਕਹਿੰਦਾ ਹਾਂ ਕਿ ਮੇਰੇ ਵਰਗਾ ਵੀ ਕੋਈ ਕਮੀਨਾ ਹੋਣਾ ਹੈ ਜਿਹੜਾ ਇਤਨਾ ਗਿਰਿਆ ਹੋਇਆ ਤੇ ਨਫ਼ਰਤ ਜੋਗ ਹੋਵੇ—ਮੈਂ ਆਪਣੇ ਮਾਲਕ ਨੂੰ ਭੁਲਾ ਦਿੱਤਾ ਹੈ, ਮੈਂ ਇਤਨਾ ਅਕਿਰਤਘਣ ਹੋਇਆ ਹਾਂ । ਮੈਂ ਜਾਣਦਾ ਹਾਂ ਕਿਤਨੀ ਲਗਾਤਾਰ ਤੜਪਨ ਹੈ ਮੇਰੇ ਲਈ ਕਿ ਮੈਂ ਜਾਣਦਾ ਹਾਂ ਕਿ ਉਹ ਸਾਹਿਬ ਮੇਰੇ ਹਰ ਸਵਾਸ ਨੂੰ ਕੰਟਰੋਲ ਕਰਦਾ ਹੈ ਤੇ ਉਸ ਦਾ ਹੀ ਮੈਂ ਬੱਚਾ ਹਾਂ। ਮੈਨੂੰ ਪਤਾ ਹੈ ਕਿ ਮੇਰੀਆਂ ਆਪਣੀਆਂ ਇਹ ਤ੍ਰਿਸ਼ਨਾਵਾਂ ਹੀ ਮੈਨੂੰ ਸਾਹਿਬ ਤੋਂ ਦੂਰ ਰੱਖਦੀਆਂ ਹਨ।

ਆਓ, ਇਹ ਇਕ ਹਿੰਦੂ ਵਿਅਕਤੀ ਦੀਆਂ ਆਪਣੀਆਂ ਲਿਖਤਾਂ ਵਿੱਚੋਂ ਕੁਝ Extracts (ਟੂਕਾਂ) ਪੜ੍ਹਨ ਦੇ ਬਾਅਦ, ਉਸ ਦਾ ਜੀਵਨ ਵੀਚਾਰੀਏ ਤੇ ਦੇਖੀਏ, ਕੀ ਉਹ ਗੁਰੂ ਨਾਨਕ ਦੇ ਦੱਸੇ ਹੋਏ ਰਾਹ 'ਤੇ ਪੂਰੀ ਤਰ੍ਹਾਂ ਚਲਦਾ



ਸੀ ਜਾਂ ਨਹੀਂ । ਹੋਰ, ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸਾਰੀ Philosophy (ਫ਼ਿਲਾਸਫ਼ੀ) ਨਾਲ ਉਹ ਪੂਰਨ ਤੌਰ 'ਤੇ ਅਮਲੀ ਜੀਵਨ 'ਤੇ ਸਹਿਮਤ ਸੀ ਜਾਂ ਨਹੀਂ।

(੧) ਗੁਰੂ ਸਾਹਿਬਾਨ ਕਹਿੰਦੇ ਹਨ ਕਿ ਸਿੱਖ ਲਈ ਕਾਮ, ਕਰੋਧ, ਲੋਭ, ਮੋਹ ਹੰਕਾਰ, ਜ਼ਹਿਰ ਹਨ ।

ਉਸ ਹਿੰਦੂ ਵਿਅਕਤੀ, ਜਿਹੜਾ ਮਹਾਤਮਾ ਅਖਵਾਉਣ ਦੇ ਬਾਅਦ ਵੀ—

(ੳ) ਹੰਕਾਰ ਤੋਂ ਉੱਕਾ ਹੀ ਰਹਿਤ ਰਿਹਾ; ਸਗੋਂ ਹਰ ਇਕ ਨਾਲ ਪਿਆਰ ਕੀਤਾ । ਨੀਵੇਂ ਤੋਂ ਨੀਵੇਂ ਲੋਕਾਂ ਦੇ ਘਰਾਂ ਵਿੱਚ ਰਿਹਾ—ਅਛੂਤਾਂ ਦੇ ਡੇਰਿਆਂ ਵਿੱਚ ਰਿਹਾ। ਨੀਚ ਦਰ ਨੀਚ ਲੋਕਾਂ ਦਾ ਯਾਰ ਬਣਿਆ ।

(ਅ) ਉਸ ਦਾ ਮੋਹ ਉੱਕਾ ਹੀ ਟੁੱਟ ਗਿਆ । ਬਲਕਿ ਸਾਰੀ ਦੁਨੀਆਂ ਨਾਲ ਪਿਆਰ ਪਾ ਕੇ ਆਪਣੇ ਟੱਬਰ ਵਿੱਚ ਉੱਕਾ ਹੀ ਖਚਤ ਨਾ ਹੋਇਆ। ਲੋਕਾਂ ਨਾਲ ਸਾਂਝਾ ਪਿਆਰ ਪਾ ਕੇ ਬਹਿ ਗਿਆ ।

(ੲ) ਉਸ ਨੇ ਪੱਕੀ ਤਰ੍ਹਾਂ ਕਰੋਧ 'ਤੇ ਕਾਬੂ ਪਾ ਲਿਆ, ਸਗੋਂ ਜਿਹੜੇ ਉਸ ਨਾਲ ਗੁੱਸਾ ਕਰਦੇ ਸਨ, ਉਹ ਵੀ ਉਹਦੀ ਸ਼ਾਂਤੀ ਦੇਖ ਕੇ ਠੰਡੇ ਹੋ ਜਾਂਦੇ ਸਨ । ਆਪਣੇ ਪਰਾਏ, ਸਭ ਨਾਲ ਗੁੱਸੇ ਰਹਿਤ ਵਰਤਾਰਾ ਕੀਤਾ ।

(ਸ) ਲੋਭ ਦਾ ਤਾਂ ਬੂਟਾ ਹੀ ਪੁੱਟਿਆ ਗਿਆ ਸਾਰੀ ਉਮਰ ਲੋਕਾਂ ਦੇ ਭਲੇ ਵਿੱਚ ਲਾ ਕੇ, ਪਰ ਸਚਾਈ ਤੋਂ ਇਕ ਕਦਮ ਨਾ ਹਟ ਕੇ ਵਾਹਿਗੁਰੂ ਵਿੱਚ ਲੀਨ ਰਿਹਾ ।

(ਹ) ਕਾਮ ਤਾਂ ਹੋਰ ਵੀ ਕਮਾਲ ਕਰਕੇ ਮੁਕਾ ਦਿੱਤਾ । ਪਰਾਈ ਇਸਤ੍ਰੀ ਤਾਂ ਕਿਤੇ ਰਿਹਾ ਆਪਣੀ ਇਸਤ੍ਰੀ ਨਾਲ ਭੀ ਭਰ ਜਵਾਨੀ ਵਿੱਚ ਹੀ ਰਿਸ਼ਤਾ ਕੇਵਲ ਸਾਥਣ ਦਾ ਹੀ ਬਣਾ ਲਿਆ ।

(੨) ਗੁਰੂ ਨਾਨਕ ਨੇ ਸੇਵਾ ਦਾ ਹੁਕਮ ਦਿੱਤਾ—ਉਸ ਵਿਅਕਤੀ ਨੇ ਤਨ, ਮਨ, ਧਨ ਨਾਲ ਸਾਰੀ ਇਨਸਾਨੀਅਤ ਦੀ ਸੇਵਾ ਕੀਤੀ, ਟੱਟੀਆਂ ਸਾਫ਼ ਕੀਤੀਆਂ, ਕੁੱਲੀ ਬਣ ਕੇ ਲੋਕਾਂ ਦਾ ਸਾਮਾਨ ਚੁੱਕਿਆ ਤੇ ਕੋਹੜਿਆਂ ਨੂੰ ਆਪਣੇ ਹੱਥਾਂ ਨਾਲ ਪਿਆਰ ਕੀਤਾ ।

(੩) ਗੁਰੂ ਸਾਹਿਬਾਨ ਨੇ "ਕੁਝ ਨਹੀਂ" ਬਣਨਾ ਸਿਖਾਇਆ । ਜਿੱਥੇ ਬਹੁਤ ਸਾਰੇ ਸਿੱਖ, ਗੁਰਸਿੱਖ ਅਖਵਾਣ ਵਾਲੇ ਕੁਝ ਬਣਨ ਲਈ ਅਸੂਲ ਵੀ ਛੱਡਦੇ ਰਹੇ, ਉਹ ਹਮੇਸ਼ਾਂ "ਕੁਝ ਨਹੀਂ" ਕਹਿ ਕੇ "ਕੁਝ ਨਹੀਂ ਚਾਹੀਦਾ" ਦੀ ਪੱਕੀ ਪੜ੍ਹਾਈ ਵਿੱਚ ਪੂਰਾ ਉੱਤਰ ਕੇ ਸਾਹਿਬਾਂ ਦੇ ਨਾਂ ਵਿੱਚ ਮਸਤ ਸਾਡੇ ਜ਼ਮਾਨੇ ਦਾ ਸਭ ਤੋਂ ਉੱਚਾ ਅਮਲੀ "ਸਿੱਖ" ਬਣ ਗਿਆ, ਭਾਵੇਂ ਸਿੱਖ ਧਰਮ ਵਿੱਚ ਉਹ ਨਹੀਂ ਸੀ ।

(੪) ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜ਼ੁਲਮ ਖ਼ਤਮ ਕਰਨ ਲਈ ਨਿਮਰਤਾ ਤੇ

ਤਲਵਾਰ ਦੀ ਵਰਤੋਂ ਦੱਸੀ । ਉਸ ਵਿਅਕਤੀ ਨੇ ਪਹਿਲਾਂ ਨਿਮਰਤਾ ਨਾਲ ਫੇਰ ਲੋੜ ਪੈਣ 'ਤੇ ਜ਼ੁਲਮ ਨੂੰ ਹਟਾਣ ਲਈ ਫੌਜਾਂ ਦਾ ਇਸਤੇਮਾਲ ਕਰਵਾਇਆ ।

(੫) ਉਸ ਬਾਬਾ ਫਰੀਦ ਦੀ ਬਾਣੀ "ਬੁਰੇ ਦਾ ਭਲਾ ਕਰ" 'ਤੇ ਪੂਰੀ ਤਰ੍ਹਾਂ ਅਮਲ ਕੀਤਾ ਤੇ ਜ਼ੁਲਮ ਦਾ ਬੂਟਾ ਪੁਟਵਾਇਆ; ਪਰ ਬੰਦੇ ਨਾਲ Individually (ਵਿਅਕਤੀਗਤ) ਨਫ਼ਰਤ ਨਾ ਫੈਲਾਈ, ਸਗੋਂ Individually (ਵਿਅਕਤੀਗਤ) ਲੋਕਾਂ ਦਾ ਭਲਾ ਕੀਤਾ ਤੇ ਦੁਸ਼ਮਨਾਂ ਨਾਲ ਵੀ ਦੋਸਤੀ ਕੀਤੀ ।

ਪਿਆਰਿਓ, ਔਖੇ ਨਾ ਹੋਣਾ, ਆਓ ਸੱਚਾਈ ਪਛਾਣੀਏ, ਸੱਚਾਈ ਕਿਸੇ ਇਕ ਧਰਮ ਦੀ ਜਾਂ ਇਕ ਸੋਸਾਇਟੀ ਦੀ, ਜਾਂ ਮੁਲਕ ਦੀ ਜਾਇਦਾਦ ਨਹੀਂ ਹੈ। ਸਾਰੀ ਦੁਨੀਆਂ ਦਾ ਸਾਂਝਾ Heritage (ਵਿਰਸਾ) ਹੈ—"ਸੱਚ" ਤੇ ਜਿਸ ਹਿੰਦੂ ਕੌਮ ਨੂੰ ਅਸੀਂ ਆਕੜ ਵਿੱਚ ਫਸੇ ਹੋਏ ਲੋਕ ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਗ਼ਲਤ Interpret ਕਰਕੇ ਵਿਖਾਇਆ "ਗ਼ੁਲਾਮ" ਜਾਂ ਭੇਡੀ ਕਹਿੰਦੇ ਹਾਂ ਉਸ ਕੌਮ ਨੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਕਿਰਪਾ ਨਾਲ ਗੁਰੂ ਗ੍ਰੰਥ ਸਾਹਿਬ ਦੀ ਤਾਲੀਮ 'ਤੇ ਪੂਰੀ ਤਰ੍ਹਾਂ ਚੱਲਣ ਵਾਲਾ ਸਾਡੇ ਜ਼ਮਾਨੇ ਦਾ "**ਪੂਰਨ ਸਿੱਖ**" ਸੀ । ਹੈਰਾਨ ਹਾਂ ਕਿ ਉਹ ਗੁਰੂ ਸਾਹਿਬਾਂ ਬਾਰੇ ਸ਼ਾਇਦ ਬਹੁਤਾ ਨਹੀਂ ਸਨ ਜਾਣਦੇ ਬਲਕਿ ਵੈਸ਼ਨਵ ਸਨ–ਅਸਲੀ ਵੈਸ਼ਨਵ ਜਿਹੜਾ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਪਤਾ ਨਹੀਂ ਕਿਵੇਂ ਅਸੀਂ Truth (ਸੱਚ) ਨੂੰ ਆਪਣੇ ਆਕੜ ਦੇ ਸੁਭਾ ਵਿੱਚ ਕੇਵਲ ਆਪਣਾ ਬਣਾ ਕੇ ਗੁਰਮਤਿ ਤੋਂ ਵੀ ਦੂਰ ਹੋ ਜਾਂਦੇ ਹਾਂ । ਆਉ ਤੱਕੀਏ, ਸਾਡੀ ਸਾਰੀ ਪਨੀਰੀ ਵਿੱਚੋਂ ਜਿਹੜਾ ਸਿੱਖ ਪੂਰਾ ਉਤਰਿਆ ਗੁਰੂ ਦੀ ਸਿੱਖਿਆ 'ਤੇ ਹਰ ਇਕ Field (ਖੇਤਰ) ਵਿੱਚ, ਇਸ ਦਾ ਇਹ ਮਤਲਬ ਬਿਲਕੁੱਲ ਨਹੀਂ ਕਿ ਸਿੱਖਾਂ ਨੇ ਕੁਝ ਨਹੀਂ ਕੀਤਾ । ਵਾਹਿਗੁਰੂ ਦੀ ਬਖ਼ਸ਼ਿਸ਼ ਨਾਲ ਹਰ **Field** (ਖੇਤਰ) ਵਿੱਚ ਚੋਣਵੇਂ ਦਰਜੇ ਦੇ ਸਿੱਖ ਨਿੱਤਰੇ, ਕਮਾਲ ਕਰ ਦਿੱਤਾ । ਪਰ ਆਪਣੇ ਧਰਮ ਨੂੰ "ਸਭ ਤੋਂ ਉੱਚਾ" ਸਮਝ ਕੇ ਇਤਨਾ ਕੱਜੀ ਰੱਖਿਆ ਕਿ ਕਿਸੇ ਹੋਰ ਲੋਕਾਂ ਕੋਲ ਆਪਣੇ ਅਮਲੀ ਜੀਵਨ ਨਾਲ ਨਾ ਪਹੁੰਚਾ ਸਕੇ, ਸਗੋਂ ਵਜ਼ੀਰੀਆਂ ਤੇ ਅਹੁਦੇਦਾਰੀਆਂ ਦੇ ਸ਼ਿਕਾਰ ਹੋਏ। ਕੰਮ ਤਾਂ ਸੀ ਕਿ ਸਾਰੇ ਭਾਰਤ ਦੀ ਸੇਵਾ ਵਿੱਚ ਲੀਨ ਹੋ ਜਾਂਦੇ ਤੇ ਨਿਸ਼ਕਾਮ ਸੇਵਾ ਕਰਦੇ ਰਹਿੰਦੇ । ਲੋਕੀਂ ਆ ਕੇ ਮਿੰਨਤਾਂ ਕਰਦੇ । ਬਣਿਆ ਸਾਡਾ ਕੀ ? ਆਪਣੀ ਆਕੜ ਵਿੱਚ "ਸਭ ਤੋਂ ਉੱਚੇ" ਬਣੇ ਰਹੇ, ਦੀਨ ਤੋਂ ਗਏ, ਦੁਨੀਆਂ ਤੋਂ ਵੀ। ਗੁਰਦੁਆਰਿਆਂ ਨੂੰ ਬਹੁਤ ਕੁਰਬਾਨੀਆਂ ਕਰਕੇ ਆਪਣੇ ਕਬਜ਼ੇ ਵਿੱਚ ਲਿਆ ਤੇ ਉੱਥੇ ਪੈਸੇ, ਆਕੜ ਦਾ ਪ੍ਰਭਾਵ ਐਸਾ ਪਿਆ ਕਿ ਸੰਤ ਅਤਰ ਸਿੰਘ ਮਹਾਰਾਜ ਦਾ ਖਾਬ ਕਿ ਕੁਝ ਸੌ ਸਿੰਘ ਕੇਵਲ ਨਿਰਬਾਹ ਕਰਨ ਲਈ



ਮਾਇਆ ਲੈ ਕੇ ਤਨ ਮਨ ਧਨ ਦੇ ਕੇ ਸੇਵਾ ਕਰਦੇ, ਵਿੱਚੇ ਰਹਿ ਗਿਆ । ਹੁਣ ਮਾਇਆ ਦੇ ਪਸਾਰੇ ਵਿੱਚ ਗੁਰਦੁਆਰਿਆਂ ਦੀ ਪ੍ਰਧਾਨਗੀ ਤੇ ਸਕੱਤਰਸ਼ਿੱਪ ਵੀ ਮਾਇਆ ਤੇ ਆਕੜ ਦਾ ਅੱਡਾ ਹੀ ਬਣ ਗਈ ਹੈ, ਸਿੱਖੀ ਤੋਂ ਦੂਰ ਹਾਲਤ ਇਹ ਹੋਈ ਕਿ ਆਪਣੇ ਬੱਚੇ-ਬੱਚੀਆਂ ਹੀ ਸਿੱਖ ਧਰਮ ਵਿਰੁੱਧ ਹੋ ਗਏ। ਕਸੂਰ ਸਾਡਾ ਜਾਂ "ਗ਼ੁਲਾਮ ਕੌਮ" ਦੇ ਹਿੰਦੂਆਂ ਦਾ ? ਗੁਰੂ ਦਾ ਹੁਕਮ ਭੁੱਲ ਕੇ ਲੋਕਾਂ ਨੂੰ ਦੋਸ਼ ਦੇਣ ਲੱਗ ਪਏ । ਜਿੱਥੇ ਆਪਣਾ ਆਪ ਠੀਕ ਕਰਨਾ ਸੀ ਲੋਕਾਂ ਦੀ ਨੁਕਤਾਚੀਨੀ ਵਿੱਚ ਹੀ ਪਏ ਰਹੇ। ਮੈਂ ਨਾ ਕਾਂਗਰਸੀ ਹਾਂ ਨਾ Politics (ਸਿਆਸਤ) ਨਾਲ ਮੇਰਾ ਕੋਈ ਵਾਸਤਾ ਹੈ ਜਾਂ ਹੋਏਗਾ। ਮੈਂ ਤਾਂ ਗੁਰੂ ਨਾਨਕ ਦਾ ਕੂਕਰ ਅਫ਼ਸੋਸ ਨਾਲ ਕਹਿੰਦਾ ਹਾਂ ਕਿ ਜੇ ਸਾਹਿਬ ਕਿਰਪਾ ਕਰੇ ਤਾਂ ਮੈਂ ਆਪਣੇ ਪੰਜ ਪਿਆਰੇ ਕਕਾਰਾਂ 'ਤੇ ਜਾਨ ਵਾਰਦਾ ਹੋਇਆ ਤੇ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ 'ਚੋਂ ਸਿੱਖੀ ਸਿੱਖਿਆ 'ਤੇ ਚੱਲਣ ਦੀ ਕੋਸ਼ਿਸ਼ ਵਿੱਚ ਸੰਤ ਜੀ ਵਰਗਾ ਸਿੱਖ ਬਣਨਾ ਚਾਹੁੰਦਾ ਹਾਂ। ਜਿਵੇਂ ਅਸੀਂ ਬਿਲਕੁੱਲ ਨਹੀਂ ਚਾਹੁੰਦੇ ਆਪਣਾ ਧਰਮ ਛੱਡ ਕੇ ਕਿਸੇ ਦੇ ਧਰਮ ਨੂੰ ਸਵੀਕਾਰ ਕਰੀਏ, ਇਸੇ ਤਰ੍ਹਾਂ ਕੋਈ ਵੀ ਨਹੀਂ ਚਾਹੁੰਦਾ ਕਿ ਜ਼ਰੂਰ ਆਪਣਾ ਧਰਮ ਛੱਡ ਕੇ ਹੀ ਗੁਰੂ ਸਾਹਿਬਾਨ ਨੂੰ ਪਛਾਣੇ, ਸਾਡਾ ਗੁਰੂ ਗ੍ਰੰਥ ਸਾਹਿਬ ਤਾਂ ਹੈ ਹੀ ਸਾਂਝਾ । ਸਾਡਾ ਤਾਂ ਵਿਰਸਾ ਹੈ ਨਾ ਸਿਰਫ਼ ਗੁਰੂ ਸਾਹਿਬਾਨ ਤੇ ਸ਼ਹੀਦ ਹੋਏ ਸਾਹਿਬਜ਼ਾਦੇ ਤੇ ਹੋਰ ਸਿੰਘ ਸਗੋਂ ਭਗਤ ਜਨ, ਹਿੰਦੂ ਮੁਸਲਮਾਨ ਤੇ ਹੋਰ ਪਿਆਰੇ ਜਿਹੜੇ ਸਾਰੀਆਂ ਜਾਤੀਆਂ 'ਚੋਂ ਨਿਕਲ ਕੇ ਇਕ ਹੋ ਗਏ ।

ਮੈਂ ਅੱਗੇ ਕਹਿ ਚੁੱਕਾ ਹਾਂ ਮੇਰਾ ਕੋਈ ਵਾਸਤਾ ਨਹੀਂ ਕਿਸੇ ਸਿਆਸੀ ਕੰਮਾਂ ਨਾਲ । ਦਿਲੋਂ ਉਹ ਆਪ ਵੀ ਕਹਿੰਦੇ ਹਨ ਕਿ ਸਿਵਾਏ "ਸੱਚ" ਤੇ ਵਾਹਿਗੁਰੂ ਦੀ ਖੋਜ ਦੇ ਉਨ੍ਹਾਂ ਦੀ ਵੀ ਕੋਈ ਲਗਨ ਨਹੀਂ ਸੀ ਕਿਸੇ ਹੋਰ ਚੀਜ਼ ਨਾਲ । ਇਸ ਲਈ ਉਨ੍ਹਾਂ ਦਾ ਕੋਈ ਮਤ ਨਹੀਂ, ਪਰ ਜਿਹੜੇ ਉਹਨਾਂ ਨੂੰ ਯਾਦ ਕਰਦੇ ਜਾਂ ਸਤਿਕਾਰ ਕਰਦੇ ਹਨ, ਜੇ "ਸੱਚ" ਦੇ ਪੁਜਾਰੀ ਨਹੀਂ ਤਾਂ ਨਾ ਉਹ ਸਿੱਖ ਹਨ ਤੇ ਨਾ ਹਨ ਮਹਾਨ ਪੁਰਸ਼ਾਂ ਦਾ ਅਸਲ ਸਤਿਕਾਰ ਕਰਨ ਵਾਲੇ ਲੋਗ। ਜਿਵੇਂ ਉਨ੍ਹਾਂ ਨੇ ਅਮਲੀ ਜੀਵਨ ਵਿੱਚ "ਸੱਚ" ਨੂੰ ਨਿਭਾਇਆ, ਗੁਰੂ ਨਾਨਕ ਦਾ ਸਿੱਖ ਨਾ ਹੁੰਦਿਆਂ ਹੋਇਆਂ ਔਰਤ ਜ਼ਾਤ ਤੇ ਅਛੂਤ ਲੋਕਾਂ ਵਾਸਤੇ ਸਾਰੀ ਜ਼ਿੰਦਗੀ ਕੰਮ ਕੀਤਾ ਤੇ ਅਖੀਰ ਧਰਮੀ ਵਿਤਕਰੇ ਦੇ ਵਿਰੁੱਧ ਆਪਣੀ ਜਾਨ ਵੀ ਦੇ ਗਏ, ਉਹੋ ਜਿਹੇ ਪਿਆਰਿਆਂ ਦੀ ਲੋੜ ਹੈ, ਹੁਣ ਜਿਹੜੇ ਸਾਡੀ ਦੁਰਦਸ਼ਾ ਬਦਲਣ ਸਾਹਿਬਾਂ ਦੀ ਸੱਚਾਈ 'ਤੇ ਚੱਲਦਿਆਂ । ਸਾਡਾ ਸਿੱਖਾਂ ਦਾ ਹਾਲ ਤਾਂ ਇਹ ਹੈ ਕਿ ਪੰਜਾਬ ਵਿੱਚ ਕਈ ਨੀਵੀਆਂ ਜਾਤਾਂ ਬਣ ਗਈਆਂ ਹਨ, ਨੀਵਿਆਂ ਨੂੰ ਨਪੀੜਿਆ ਗਿਆ ਹੈ, ਅਤੇ ਸਿੱਖਾਂ ਨੇ ਹੋਰ ਕਿਸੇ ਦਾ ਕੁਝ ਸਵਾਰਨਾ ਤਾਂ ਕਿਤੇ ਰਿਹਾ ਆਪਣਾ ਵੀ ਕੁਝ ਨਹੀਂ ਸਵਾਰਿਆ ।

ਅੰਮ੍ਰਿਤਸਰ ਸਾਹਿਬ ਗੁਰੂ ਦੀ ਨਗਰੀ ਢੇਰ ਪੈਸੇ ਤੇ ਧਨਾਢ ਤੇ ਢੇਰ ਗੁਰੂ ਘਰ ਦੀ ਆਮਦਨ, ਪਰ ਦੇਖੋ ਜਾ ਕੇ ਭਗਤ ਪੂਰਨ ਸਿੰਘ ਦਾ ਪਿੰਗਲਵਾੜਾ। ਇਤਨੀ ਸ਼ਰਮ ਆਉਂਦੀ ਹੈ ਕਿ ਅਸੀਂ ਸੋਹਣੇ ਸੋਹਣੇ ਮਕਾਨਾਂ ਵਿੱਚ ਰਹੀਏ, ਅਖਵਾਈਏ ਗੁਰੂ ਨਾਨਕ ਦੇ ਸਿੱਖ ਤੇ ਦੁੱਖੀ ਲੋਕ ਜਹਾਲਤ ਤੇ ਗ਼ੰਦਗੀ ਵਿੱਚ ਰਹਿਣ। ਸਿੱਖਾਂ ਵਿੱਚ Communism (ਫਿਰਕਾ-ਪ੍ਰਸਤੀ) ਤੱਕੀਏ—ਜੇ ਅਸੀਂ ਗੁਰੂ ਨਾਨਕ ਦੇ ਸਿੱਖ ਹੁੰਦੇ ਤਾਂ ਇਹਦੀ ਲੋੜ ਹੀ ਕੀ ਸੀ। ਅਸੀਂ ਤਾਂ ਜੰਮੇ ਹੀ ਵੰਡ ਕੇ ਛੱਕਣ ਵਾਲੇ ਗ਼ਰੀਬੀ ਅਮੀਰੀ ਤੋਂ ਰਹਿਤ, ਸੇਵਾ ਵਿੱਚ ਲੀਨ, ਹਰ ਕਿਸੇ ਦੀ ਚਰਨਧੂੜ ਬਣਨ ਵਾਲੇ, ਪਰ ਸਾਡੀ ਆਕੜ ਨੇ ਤੇ ਭੁਲੇਖੇ ਵਾਲੀ Superiority (ਵਡੱਪਣ) ਨੇ ਸਾਨੂੰ ਆਪਣੇ ਗੁਰੂ ਦੇ ਨਾਂ ਦਾ ਢੋਲ ਵਜਾਂਦਿਆਂ ਹੋਇਆਂ ਵੀ ਉਹਦੀ ਸਿੱਖਿਆ ਤੋਂ ਵਾਂਞਿਆਂ ਰੱਖਿਆ ।

ਆਓ ਪਿਆਰਿਓ, ਹੁਣ ਸਿੱਖੀ ਵਿੱਚ ਕੁਰੀਤੀਆਂ ਦੂਰ ਕਰੀਏ । ਸਾਫ਼-ਸੁਥਰਾ, ਉੱਚਾ-ਸੁੱਚਾ ਜੀਵਨ ਅਮਲੀ ਤੌਰ ’ਤੇ ਹਰ ਇਕ ਅੱਗੇ ਨਮੂਨੇ ਵਜੋਂ ਪੇਸ਼—ਤੇ ਗੁਰੂ ਚਰਨਾਂ ਦੇ ਸਦਕੇ ਸਭ ਦੀ ਸੇਵਾ ਕਰੀਏ । ਭੈੜਿਆਂ ਨਾਲ ਵੀ ਚੰਗਾ ਵਰਤੀਏ; ਇਹ ਗੁਰੂ ਦਾ ਹੁਕਮ ਹੈ, ਕਿਉਂਕਿ ਭੈੜਾ ਹੈ ਹੀ ਕੋਈ ਨਹੀਂ—ਸਭ ਕੁਝ ਸਾਹਿਬਾਂ ਦਾ ਭਾਣਾ ਹੈ। ਆਪਣੇ ਵਿਆਹਵਾਂ, ਸ਼ਾਦੀਆਂ, ਸ਼ਗਨਾਂ ਦੀਆਂ ਰੀਤਾਂ ਤੇ ਹੋਰ ਪਖੰਡ ਤੇ ਦਿਖਾਵੇ ਦੀ Ostentation (ਪਖੰਡ) ਤੋਂ ਦੂਰ ਹੋ ਕੇ ਗ਼ਰੀਬਾਂ ਨੂੰ ਉੱਚਾ ਕਰੀਏ। ਨਿਸ਼ਕਾਮ ਸੇਵਾ ਕਰੀਏ। ਜਿਹੜੇ ਸਿੱਖ ਨਹੀਂ, ਉਹਨਾਂ ਨੂੰ ਸਿੱਖੀ ਦਾ ਰੋਹਬ ਪਾਏ ਬਗੈਰ ਆਪ ਪੂਰੀ ਤਰ੍ਹਾਂ ਸਣੇ ਕਕਾਰਾਂ ਦੇ ਸਿੱਖੀ ਨਿਭਾਈਏ ਤੇ ਮਨ ਨਾਲ, ਤਨ ਨਾਲ, ਤੇ ਧਨ ਨਾਲ, ਤਾਂ ਜੋ ਆਪਣੇ ਬੱਚਿਆਂ ਨੂੰ ਤਾਂ Convince (ਯਕੀਨ ਦਿਵਾਈਏ) ਕਰੀਏ ਕਿ ਅਸੀਂ ਪਖੰਡੀ, ਫਰੇਬੀ, ਝੂਠੇ ਨਹੀਂ। ਗੁਰੂ ਨਾਨਕ ਦਾ ਹੁਕਮ ਹੈ ਕਿ ਵਾਹਿਗੁਰੂ ਦੇ ਬੰਦਿਆਂ ਦੀ ਸੰਗਤ ਕਰੀਏ। ਜਿਹੜਾ ‘ਸੱਚ’ ਵੱਲ ਲੈ ਜਾਏ, ਉਹਦੀ ਕਦਰ ਕਰੀਏ ।

ਆਓ ਬਿਓਪਾਰ ਕਰੀਏ ਜਿਵੇਂ ਚੋਰੀ ਕਰਨ ਲੱਗਿਆਂ, ਦੁਕਾਨਾਂ ਖੋਲ੍ਹਣ ਲੱਗਿਆਂ, ਜਿਵੇਂ ਡਾਕੇ ਦੀ Conspiracy (ਸਾਜ਼ਸ਼) ਕਰਨ ਲੱਗਿਆਂ, ਸਿੱਖ ਹਿੰਦੂ ਮੁਸਲਮਾਨ ਦੀ ਤਮੀਜ਼ ਨਹੀਂ ਕਰਦੇ, ਤਿਵੇਂ ਸਾਹਿਬਾਂ ਦੇ ਰਾਹ ’ਤੇ ‘ਸੱਚ’ ਦੀ ਖੋਜ ਵਿੱਚ ਆਪਣੇ-ਆਪਣੇ ਧਰਮ ਵਿੱਚ ਰਹਿੰਦਿਆਂ ਵੀ ਸਾਂਝਾ ਬਿਓਪਾਰ ਖੋਲ੍ਹੀਏ । ‘ਸੱਚ ਦੀ ਕਦਰ ਹੁੰਦੀ ਹੈ, ਪਖੰਡ ਦੀ ਨਹੀਂ। ਜੇ ਗੁਰੂ ਅਰਜਨ ਸਾਹਿਬ ਸਾਨੂੰ ਸਾਂਝਾ ਬਿਓਪਾਰ ਕਰਨਾ ਸਿਖਾ ਗਏ ਇਕੋ ਇਸ਼ਟ ਗੁਰੂ ਵਿੱਚ ਹਿੰਦੂ ਸਿੱਖ ਮੁਸਲਮਾਨ ਬਿਠਾ ਕੇ ਤਾਂ ਅਸੀਂ ਗੁਰੂ ਗੋਬਿੰਦ ਸਿੰਘ ਦੀ ਦਿੱਤੀ ਦਾਤ ਗੁਰੂ ਗ੍ਰੰਥ ਸਾਹਿਬ ਨੂੰ ਉਸ ਸਾਂਝ ਦੀ ਅਗਵਾਈ ਕਰਨ ਤੋਂ ਕਿਉਂ ਰੋਕਦੇ ਹਾਂ ? ਕੀ ਅਸੀਂ ਗੁਰੂ ਕੋਲੋਂ ਵੱਡੇ ਹਾਂ ?



ਸਾਡੇ ਜ਼ਮਾਨੇ ਵਿੱਚ ਸਾਡੀਆਂ Prayer Meeting (ਅਰਦਾਸ) ਕਰਨ ਵਾਲਾ ‘ਸਿੱਖੀ’ ਨੂੰ ਨਾ ਜਾਣਦਿਆਂ ਹੋਇਆਂ ਸਿੱਖੀ ਦਾ ਪਿਆਰਾ ਸੀ, ਜੇ ਅਸੀਂ ਆਕੜ ਵਿੱਚ ਨਾ ਰਹਿੰਦੇ, ਆਪਣੀਆਂ ਅੰਦਰਲੀਆਂ ਕਰਤੂਤਾਂ ਸਿੱਖੀ ਵਰਗੀਆਂ ਹੁੰਦੀਆਂ ਤਾਂ ਕੋਈ ਸਿੱਖ ‘ਸੱਚ’ ’ਤੇ ਚੱਲਦਾ ਹੋਇਆ ਵੀ ਇਹੋ ਜਿਹਾ ਨਿਕਲਦਾ ।

ਹੁਣ ਵੀ ਵੇਲਾ ਹੈ, ਦੁੱਖ ਹੈ, ਦਰਦ ਹੈ, ਸੇਵਾ ਦਾ ਬੀੜਾ World-wide (ਸਾਰੇ ਜਗਤ) ਚੁੱਕੀਏ ਨਿਸ਼ਕਾਮ ਤੇ ਪ੍ਰੇਮ ਨਾਲ। ਅਖ਼ੀਰਲੀ Important (ਜ਼ਰੂਰੀ) ਗੱਲ, ਗੁਰੂ ਨਾਨਕ ਸਾਹਿਬ ਨੇ ਭਾਈ ਦੁਨੀ ਚੰਦ ਨੂੰ ਕਿਹਾ ਸੀ ਕਿ ਭਾਵੇਂ ਤੇਰੀ ਕਮਾਈ ਸੁੱਚੀ ਹੈ ਪਰ ਇਹਨੂੰ ਵੰਡਦੇ ਗ਼ਰੀਬਾਂ ਵਿੱਚ ਤੇ ਲੱਗ ਪਓ ਵਾਹਿਗੁਰੂ ਦੇ ਰਾਹ ਵਿੱਚ, ਕਿਉਂਕਿ ਨਾਲ ਕੁਝ ਨਹੀਂ ਜਾਣਾ । ਆਪਣੇ ਨਿਰਬਾਹ ਜੋਗਾ ਰੱਖ ਲੈ, ਕਾਰ ਕਰ । ਸਾਡੀ ਆਕੜ ਨੇ “ਸਿੱਖ” ਦਾ ਮਤਲਬ ਇਹ ਬਣਾ ਦਿੱਤਾ ਹੈ ਕਿ ਸਾਡੀ ਗੰਦੀ ਤੇ ਬੇਈਮਾਨੀ ਦੀ ਕਮਾਈ ਹੋਣ ’ਤੇ ਵੀ ਉੱਥੇ ਉੱਚੇ ਤੇ ਸੁੱਚੇ ਸਿੱਖ ਅਖਵਾਉਂਦੇ ਹਾਂ, ਕਿਉਂਕਿ ਸਾਡਾ ਭੇਖ ਸਿੱਖੀ ਹੈ। ਜੇ ਸਾਰਾ ਦੇਸ਼, ਸਾਰੀ ਇਨਸਾਨੀਅਤ ਤੇ ਸਾਰੇ ਸਿੱਖ ਪ੍ਰੀਵਾਰ ਦਾ ਬਹੁਤਾ ਹਿੱਸਾ ਗ਼ਰੀਬ ਹੈ ਤੇ ਸਾਡੇ ਕੋਠੇ ’ਤੇ ਅਮੀਰੀ ਦੇ ਝੰਡੇ ਲੱਗੇ ਹਨ, ਨਾਲੇ ਸਾਡੀ ਆਕੜ ਅਸਮਾਨਾਂ ’ਤੇ ਜਾ ਰਹੀ ਹੈ ਤਾਂ ਯਕੀਨ ਜਾਣੀਏ, ਅਸੀਂ ਨਾ ਗੁਰੂ ਨਾਨਕ ਦੇ ਹਾਂ ’ਤੇ ਨਾ ਹੀ “ਸੱਚ” ਦੇ ਮਾਲਕ। ਵਾਹਿਗੁਰੂ ਦਾ ਨਾਮ ਲੇਵਾ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦਾ ਸਿੱਖ ਹਮੇਸ਼ਾਂ ਆਕੜ ਰਹਿਤ ਨਿਸ਼ਕਾਮ ਤੌਰ ’ਤੇ ਗ਼ਰੀਬ ਨਿਵਾਜ ਹੁੰਦਾ ਹੈ, ਕਿਉਂਕਿ ਉਸ ਨੂੰ ਸਭ ਥਾਂ ਵਾਹਿਗੁਰੂ ਦਿੱਸਦਾ ਹੈ—ਗ਼ਰੀਬ ਵਿੱਚ ਵੀ; ਪਰ ਸਾਨੂੰ ਤਾਂ ਸਿੱਖ ਹੁੰਦਿਆਂ ਅਮੀਰੀ ਦੀ ਆਕੜ ਸਿੱਖ ਵਿੱਚ ਵੀ ਵਾਹਿਗੁਰੂ ਜਾਂ ਗੁਰੂ ਨਹੀਂ ਦੇਖਣ ਦਿੰਦੀ, ਅਸਾਂ ਸਾਰੀ ਦੁਨੀਆਂ ਵਿੱਚੋਂ ਕਿਤੇ ਤੱਕਣਾ ਹੈ ?

ਜੇ ਨਾਮ ਪੱਲੇ ਨਹੀਂ ਤਾਂ ਅਮੀਰ ਕਾਹਦਾ ਹਾਂ, ਭਾਵੇਂ ਕੋਠੀਆਂ ਕਾਰਾਂ ਦਾ ਢੇਰ ਹੈ—ਤੇ ਜੇ ਨਾਮ ਹੈ ਤਾਂ ਕੋਠੀਆਂ ਕਾਰਾਂ ਨੂੰ ਵੇਚ ਵਟਾ ਕੇ ਗ਼ਰੀਬਾਂ ਦੀਆਂ ਝੁੱਗੀਆਂ ਕਿਉਂ ਨਹੀਂ ਬਣਵਾਂਦਾ, ਤਾਂ ਜੋ ਮੈਂ ਵੀ ਤੇ ਉਹ ਲੋਕ ਵੀ ਸਰਦੀ, ਗਰਮੀ ਤੋਂ ਬਚ ਕੇ ਸਾਰੇ ਪ੍ਰੇਮ ਨਾਲ ਢਿੱਡ ਭਰ ਕੇ ਵਾਹਿਗੁਰੂ ਵਿੱਚ ਲੀਨ ਹੋਈਏ । ਇਹ ਸੇਵਾ ਕੋਈ ਗ਼ਰੀਬ ਸਿਰ ਇਹਸਾਨ ਨਹੀਂ, ਇਹ ਤਾਂ “ਸੱਚ” ਦੀ ਕਮਾਈ ਹੈ । ਗੁਰੂ ਦਾ ਸਿੱਖ ਹੋਣ ਦੀ ਮੇਹਰ । ਮੈਂ ਗ਼ਰੀਬ ਨੂੰ ਭੀ ਕੋਈ ਗੁਰਸਿੱਖ ਆਪਣੀ ਚਰਨਧੂੜ ਦੇ ਕੇ ਨਿਵਾਜੇ ਤਾਂ ਜੋ ਮੇਰੀ ਆਕੜ ਮਿਟੇ ।

## "ਦਲਿਤਾਂ" ਨਾਲ ੨੦ ਸਾਲਾਂ ਦੀ ਸਾਂਝ- ਸਿੱਖ ਨਫ਼ਰਤ ਦੇ ਵਪਾਰੀ ਨਹੀਂ

(ਮੂਲ ਅੰਗਰੇਜ਼ੀ ਲੇਖ ਦਾ ਰੂਪਾਂਤਰ)

ਯਕੀਨ ਨਹੀਂ ਹੋ ਰਿਹਾ ਕਿ ਉਨ੍ਹਾਂ ਨਿਮਾਣੇ, ਨਿਤਾਣੇ, ਲਤਾੜੇ ਲੋਕਾਂ ਨਾਲ ਰਹਿੰਦਿਆਂ ਮੈਨੂੰ ੨੦ ਸਾਲ ਹੋ ਗਏ ਹਨ (ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਿਰਪਾ ਸਦਕਾ ਹੀ ਹੋਇਆ ਹੈ), ਜਿਨ੍ਹਾਂ ਬਾਰੇ ਗੁਰੂ ਨਾਨਕ ਦੇਵ ਜੀ ਨੇ ਖੁੱਲ੍ਹੇਆਮ ਇਹ ਕਿਹਾ ਸੀ :-

"**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**"

(ਅੰਗ ੧੫)

ਇਸ ਤਪੋਵਨ ਵਿੱਚ, ਜੋ ਕੋਹੜ ਦੇ ਰੋਗੀਆਂ ਦਾ ਬਹੁਤ ਵੱਡਾ ਆਸ਼ਰਮ ਹੈ, ਲੱਗਭੱਗ ੧੫੦੦ ਲੋਕਾਂ ਦੇ ਰਹਿਣ ਦਾ ਇੱਥੇ ਪ੍ਰਬੰਧ ਹੈ; ਮੈਂ ਅਕਤੂਬਰ ੧੯੭੯ ਨੂੰ ਆਇਆ ਸੀ ਖਾਲਸੇ ਦੀ ਉਹ ਮੁੱਖ ਰਹਿਤ (ਜਿਸ ਦੀ ਪਾਲਣਾ ਦਾ ਪ੍ਰਣ ਮੈਂ ਦਸੰਬਰ ੧੯੭੧ ਵਿੱਚ ਅੰਮ੍ਰਿਤ ਛਕਣ ਵੇਲੇ ਕੀਤਾ ਸੀ) ਪੂਰੀ ਕਰਨ, ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ-'**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ।**' ਅੰਮ੍ਰਿਤ ਪਾਨ ਕਰਨ ਤੋਂ ਪਹਿਲਾਂ ਵੀ ਜਾਤ ਪਾਤ ਦੀ ਗੱਲ ਕਦੇ ਮੇਰੇ ਮਨ ਵਿੱਚ ਨਹੀਂ ਸੀ ਆਈ, ਵੈਸੇ ਮੈਨੂੰ ਦੱਸਿਆ ਗਿਆ ਸੀ ਕਿ ਅਸੀਂ ਖੱਤ੍ਰੀ ਹਾਂ। ਸਾਰੀ ਜ਼ਿੰਦਗੀ-ਸਿਵਾਇ ਬੱਚੇ ਹੁੰਦਿਆਂ ਜਦੋਂ ਬਦਮਾਸ਼ੀ ਨਾਲ ਅਸੀਂ ਗ਼ੰਦਗੀ ਸਾਫ਼ ਕਰਨ ਵਾਲਿਆਂ 'ਤੇ ਰੋਹਬ ਮਾਰਦੇ ਸਾਂ—ਮੈਨੂੰ ਕਦੇ ਇਹ ਖ਼ਿਆਲ ਨਹੀਂ ਆਇਆ ਕਿ ਜਾਤ ਕਰਕੇ, ਮੈਂ ਹੋਰਨਾਂ ਤੋਂ ਵੱਖਰਾ ਹਾਂ । Foreign Service ਦੌਰਾਨ ਤੇ ਫਿਰ ੧੯੭੯ ਤੋਂ ਕੋਹੜ ਦੇ ਰੋਗੀਆਂ ਨਾਲ ਇਸ ਤਪੋਵਨ ਵਿੱਚ ਰਹਿੰਦਿਆਂ, ਮੇਰਾ ਦਿਲ ਸਦਾ ਹੀ ਸਾਰੀ ਮਨੁੱਖਤਾ ਲਈ ਧੜਕਦਾ ਹੈ। ਗੁਰਬਾਣੀ ਨੇ ਮੈਨੂੰ ਸਭ ਦੀ ਚਰਣਧੂੜ ਬਣਨ ਦੀ ਸਿੱਖਿਆ ਦਿੱਤੀ। ਸੋ, ਮੈਂ ਜਿੱਥੇ ਵੀ ਰਿਹਾ, ਜਿਨ੍ਹਾਂ ਨਾਲ ਵੀ ਰਿਹਾ, ਸਭ ਨਾਲ ਪ੍ਰਭੂ ਦਾ ਪਿਆਰ ਹੀ ਸਾਂਝਾ ਕੀਤਾ ਹੈ। ਇਸ ਲਈ ਜਦ ਵੀ ਕੁਝ ਸੰਪਾਦਕਾਂ ਤੇ ਲੇਖਕਾਂ ਦੇ ਨਫ਼ਰਤ ਭਰੇ ਲੇਖ ਪੜ੍ਹਦਾ ਹਾਂ ਤਾਂ ਮਨ ਦੁਖੀ ਹੁੰਦਾ ਹੈ। ਉਹ ਸੋਚਦੇ ਹਨ ਕਿ ਇਹ ਲੇਖ ਦਲਿਤਾਂ ਦੇ ਭਲੇ ਲਈ ਹਨ ਤੇ ਜਦੋਂ ਕੁਝ ਅਖੌਤੀ ਦਲਿਤ ਸਿੱਖ ਵੀ ਇਨ੍ਹਾਂ ਮੈਗਜ਼ੀਨਾਂ ਵਿੱਚ, ਨਫ਼ਰਤ ਦੇ ਘੋਲ ਅੰਦਰ ਪੂਰੇ ਜ਼ੋਰ-ਸ਼ੋਰ ਨਾਲ ਹਿੱਸਾ ਪਾਉਂਦੇ ਹਨ ਤਾਂ ਮੇਰੀ ਜ਼ੁਬਾਨ



ਹੀ ਬੰਦ ਹੋ ਜਾਂਦੀ ਹੈ। ਸਮਾਜ ਦੇ ਸਭ ਤੋਂ ਨੀਵੇਂ ਸਮਝੇ ਜਾਣ ਵਾਲਿਆਂ ਨਾਲ ਰਹਿਣ ਕਰਕੇ ਮੈਂ ਨਿੱਜੀ ਤਜਰਬੇ ਨਾਲ ਇਹ ਕਹਿ ਸਕਦਾ ਹਾਂ ਕਿ ਸਾਰੇ ਸਿੱਖ ਇਕੋ ਹਨ ਭਾਵੇਂ ਦਲਿਤ ਹੋਣ ਜਾਂ ਹੋਰ। ਸੁਨਹਿਰੀ ਸਿੱਖੀ ਅਸੂਲਾਂ ਤੋਂ ਸਾਡੀ ਗਿਰਾਵਟ ਦਾ ਕਾਰਣ ਇਹ ਨਹੀਂ ਕਿ ਵੱਡੇ ਸਿੱਖਾਂ ਨੇ ਦਲਿਤ ਸਿੱਖਾਂ ਦੇ ਹੱਕ ਮਾਰ ਲਏ ਹਨ, ਯਾ ਇਹ ਕਿ ਅਖੌਤੀ ਨੀਚ ਜਾਤੀਆਂ ਨੂੰ ਸਤਾਇਆ ਜਾ ਰਿਹਾ ਹੈ। ਮੈਂ ਵਾਰ ਵਾਰ ਨਿਡਰ ਹੋ ਕੇ ਇਕੋ ਗੱਲ ਕਹਿ ਰਿਹਾ ਹਾਂ ਕਿ ਸਾਡੀ ਗਿਰਾਵਟ ਦੇ ਕਾਰਣ ਇਹ ਹਨ :-

(ੳ) ਅਸੀਂ ਸਾਰਾ ਕੁਝ ਸਿੱਖੀ ਦੇ ਉਲਟ ਕਰਦੇ ਹਾਂ—ਬਾਣੀ ਤੋਂ ਟੁੱਟੇ ਹੋਏ, ਆਕੜ ਕਰਨ ਵਾਲੇ, ਨਿੱਜੀ ਲਾਭ ਪਿੱਛੇ ਭੱਜਦੇ ਤੇ ਧਾਰਮਿਕ ਸੰਸਥਾਵਾਂ ਨੂੰ ਵੀ ਨਿੱਜੀ ਰਾਜਸੀ ਲਾਭ ਲਈ ਵਰਤਣੋਂ ਨਹੀਂ ਝਿਜਕਦੇ ।

(ਅ) ਮਾਇਕ ਪਦਾਰਥਾਂ ਦੀ ਪ੍ਰਾਪਤੀ ਲਈ ਅਸੀਂ ਵਿਕਣ ਨੂੰ ਵੀ ਤਿਆਰ ਹਾਂ, ਸਭ ਤੋਂ ਵੱਧ ਬੋਲੀ ਦੇਣ ਵਾਲੇ ਦੁਆਰਾ ਵਰਤੇ ਜਾਣ ਨੂੰ ਤਿਆਰ ਹਾਂ।

(ੲ) ਨਿਮਰਤਾ, ਈਮਾਨਦਾਰੀ, ਸਚਾਈ ਤੇ ਸਭ ਨਾਲ ਪਿਆਰ ਦੇ ਅਸੂਲਾਂ ਤੇ ਜ਼ਿੰਦਗੀ ਢਾਲਣ ਨੂੰ ਤਿਆਰ ਨਹੀਂ ।

(ਸ) ਸਭ ਤੋਂ ਵੱਡੀ ਗਿਰਾਵਟ—ਆਪਣੀ ਆਕੜ ਤੇ ਵਡਿਆਈ ਲਈ, ਅਸਾਂ ਸੇਵਾ ਤੇ ਸਿਮਰਨ ਦੇ ਅਸੂਲ ਤਿਆਗ ਦਿੱਤੇ ਹਨ।

ਇਹ ਹਾਲ ਕੇਵਲ ਅਖੌਤੀ ਉੱਚੇ ਵਰਗ ਦੇ ਉੱਚੀ ਪੁਜੀਸ਼ਨਾਂ ਵਾਲੇ ਸਿੱਖਾਂ ਦਾ ਹੀ ਨਹੀਂ ਅਖੌਤੀ ਨੀਵੇਂ ਵਰਗ ਦੇ ਸਿੱਖਾਂ ਦਾ ਵੀ ਹੈ। ਦੂਜੇ ਲਫਜ਼ਾਂ ਵਿੱਚ, ਕੇਵਲ ਉੱਚੀ ਜਾਤ ਦੇ ਸਿੱਖਾਂ ਨੇ ਹੀ ਸਿੱਖਾਂ ਨੂੰ ਦਾਗ ਨਹੀਂ ਲਾਇਆ, ਨੀਵੀਂ ਜਾਤ ਦੇ ਸਿੱਖਾਂ ਨੇ ਵੀ ਲਾਇਆ ਹੈ, ਕਿਉਂਕਿ ਦੋਹਾਂ ਨੇ "ਖ਼ਾਲਸਾ" ਦੇ ਅਸੂਲ ਤਿਆਗ ਦਿੱਤੇ ਹਨ। ਜੋ ਵੀ ਇਨ੍ਹਾਂ ਮਹਾਨ ਸਿੱਖੀ ਅਸੂਲਾਂ ਦਾ ਪਾਲਣ ਕਰਨ ਦੀ ਕੋਸ਼ਿਸ਼ ਕਰਦੇ ਹਨ, (ਤੇ ਪ੍ਰਭੂ ਕਿਰਪਾ ਸਦਕਾ ਮੈਂ ਐਸਾ ਕਰਨ ਦੀ ਪੂਰੀ ਕੋਸ਼ਿਸ਼ ਕਰਦਾ ਹਾਂ) ਉਹ ਅਖੌਤੀ ਦਲਿਤਾਂ ਦਾ ਨਾ ਕੇਵਲ ਪੂਰਾ ਸਨਮਾਨ ਕਰਦੇ ਹਨ ਵਰਨਾ ਉਨ੍ਹਾਂ ਨਾਲ ਪੂਰੀ ਤਰ੍ਹਾਂ ਇਕਮਿਕ ਹਨ, ਕੇਵਲ ਸਿੱਖਾਂ ਨਾਲ ਹੀ ਨਹੀਂ ਸਾਰੇ ਦਲਿਤਾਂ ਨਾਲ; ਭਾਵੇਂ ਕਿਸੇ ਵੀ ਧਰਮ ਦੇ ਹੋਣ । ੧੬੯੯ ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਬਣਾਏ ਖ਼ਾਲਸੇ ਪ੍ਰਤੀ ਆਪਣੇ ਵਹਿਦੇ ਅਨੁਸਾਰ, ਸਾਰੀ ਇਨਸਾਨੀਅਤ ਮੇਰੇ ਭੈਣਾਂ-ਭਰਾ ਹਨ, ਮੇਰੇ ਰਿਸ਼ਤੇਦਾਰ ਹਨ। ਇਸੇ ਕਾਰਣ ਪ੍ਰਭੂ ਨੇ ਇਹ ਪ੍ਰਬੰਧ ਕੀਤਾ ਕਿ ਪਿਛਲੇ ੨੦ ਸਾਲਾਂ ਤੋਂ ਇਸ ਤਪੋਵਨ ਅੰਦਰ ੧੦੦੦ ਤੋਂ ਵੱਧ ਲੋਕਾਂ ਨਾਲ ਮੈਂ ਪੂਰੇ ਪਿਆਰ, ਸਾਂਝ ਤੇ ਇਕਮਿਕਤਾ ਨਾਲ ਰਹਿ ਸਕਾਂ। ਨਫ਼ਰਤ ਦੇ ਵਪਾਰੀਆਂ ਨੂੰ

ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿੱਚੋਂ ਇਕ ਵੀ ਸਿੱਖ ਨਹੀਂ, ਇਕ ਵੀ ਪੰਜਾਬੀ ਨਹੀਂ, ਤਕਰੀਬਨ ਸਾਰੇ ਮਰਾਠੀ ਹਨ ਤੇ ਜਾਤ ਭਾਵੇਂ ਕੋਈ ਵੀ ਹੋਵੇ, ਕੋਹੜ ਦੇ ਮਰੀਜ਼ ਹੋਣ ਕਰਕੇ ਉਨ੍ਹਾਂ ਨੂੰ ਤਿਆਗ ਦਿੱਤਾ ਗਿਆ ਹੈ, ਛੱਡ ਦਿੱਤਾ ਗਿਆ ਹੈ, ਠੁਕਰਾ ਦਿੱਤਾ ਗਿਆ ਹੈ, ਦੁਤਕਾਰਿਆ ਗਿਆ ਹੈ। ਸਵਾਲ ਪੈਦਾ ਹੀ ਨਹੀਂ ਹੁੰਦਾ ਕਿ ਸਿੱਖੀ ਨੂੰ ਬ੍ਰਾਹਮਣਵਾਦ ਖਾ ਜਾਏ, ਹੜੱਪ ਲਵੇ ਯਾ ਕਮਿਯੂਨਿਸਟਾਂ ਦੇ ਅਸਰ ਹੇਠ ਆ ਜਾਏ। ਅਸਾਂ ਆਪ ਖ਼ਾਲਸਾ ਦੇ ਸੁਨਹਿਰੀ ਅਸੂਲਾਂ ਨੂੰ ਛੱਡਿਆ ਹੈ ਤੇ ਇਸ ਕਾਰਣ ਮਖੌਲ ਬਣ ਕੇ ਰਹਿ ਗਏ ਹਾਂ ।

ਪਹਿਲਾਂ ਵੀ ਮੈਂ ਇਕ ਦਲਿਤ ਮੈਗਜ਼ੀਨ ਵਿੱਚ ਲਿਖਿਆ ਸੀ ਕਿ ਜਿੱਥੇ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਸਿੱਖ ਖ਼ਾਲਸੇ ਦੇ ਮਹਾਨ ਮਾਰਗ ਤੋਂ ਭਟਕ ਗਏ ਹਨ; ਸੁਆਰਥੀ ਤੇ ਪਦਾਰਥੀ ਦਲਦਲ ਵਿੱਚ ਖੁਭ ਗਏ ਹਨ; ਉੱਥੇ, ਨਫ਼ਰਤ ਦੇ ਵਪਾਰੀਆਂ ਦੀ ਇਸ ਗੱਲ ਨਾਲ ਪੂਰੀ ਤਰ੍ਹਾਂ ਅਸਹਿਮਤ ਹਾਂ ਕਿ ਸਾਡੀ ਗਿਰਾਵਟ ਦਾ ਦੋਸ਼ ਦੂਜਿਆਂ 'ਤੇ ਹੈ। ਬਹੁਤੀ ਭੁੱਲ ਸਾਡੀ ਹੈ ਤੇ ਦੂਜੇ ਜ਼ਰੂਰ ਇਸ ਦਾ ਲਾਭ ਉਠਾ ਰਹੇ ਹਨ, ਤੇ ਕਿਉਂ ਨਾ ਉਠਾਣ, ਜੇ ਮੌਕਾ ਮਿਲੇ ਤਾਂ ਅਸੀਂ ਵੀ ਉਠਾਵਾਂਗੇ । ਮੈਂ ਬੇਝਿਜਕ ਹੋ ਕੇ ਪੁੱਛਣਾ ਚਾਹੁੰਦਾ ਹਾਂ—

੧. ਕੋਈ ਦੱਸੇ ਮੈਨੂੰ ਕਿ ਜਿਹੜੇ ਦਲਿਤ, ਰਿਜ਼ਰਵੇਸ਼ਨਾਂ ਤੇ ਸੰਵਿਧਾਨ ਤੋਂ ਪ੍ਰਾਪਤ ਦੂਜੀਆਂ ਸਹੂਲਤਾਂ ਕਰਕੇ ਨੀਵੇਂ Status ਤੋਂ ਉੱਪਰ ਉੱਠ ਗਏ ਹਨ, ਉਹ ਕਿਉਂ ਆਪਣੇ ਦਲਿਤ ਭਰਾਵਾਂ ਦੀ ਮਦਦ ਨਹੀਂ ਕਰਦੇ ਤੇ ਅਖੌਤੀ ਉੱਚੀ ਜਾਤ ਵਾਲਿਆਂ ਦਾ ਸਾਥ ਦੇਂਦੇ ਹਨ ।

੨. ਇਕ ਵਾਰ ਜੋ ਦਲਿਤ ਉੱਚੀ ਕੁਰਸੀ ਦੇ ਡੰਡੇ ਨੂੰ ਹੱਥ ਪਾ ਲੈਂਦਾ ਹੈ ਉਸ ਦਾ ਵਤੀਰਾ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ ਕਿ ਜਿਵੇਂ ਉੱਚੀ ਜਾਤ ਤੇ ਲੁੱਟਣ ਵਾਲਿਆਂ ਦਾ ਆਮ ਹੁੰਦਾ ਹੈ, ਤੇ ਤਾਕਤਵਰ ਦਲਿਤ ਵੀ ਉਨ੍ਹਾਂ ਨਾਲ ਰਲ ਕੇ ਲੁੱਟ ਵਿੱਚ ਸ਼ਾਮਲ ਹੋ ਜਾਂਦਾ ਹੈ, ਐਸਾ ਕਿਉਂ ?

੩. ਕੱਲ੍ਹ ਜੋ ਗ਼ਰੀਬ ਸਨ ਮੌਕਾ ਮਿਲਦਿਆਂ ਹੀ ਧਨ ਜਮ੍ਹਾਂ ਕਰਨ, ਭਾਵੇਂ ਕਿਸੇ ਤਰੀਕੇ ਨਾਲ ਹੋਵੇ,ਵਿੱਚ ਜੁੱਟ ਜਾਂਦੇ ਹਨ ਤੇ ਆਪਣੇ ਗ਼ਰੀਬ ਭਰਾਵਾਂ ਨੂੰ ਲੁੱਟਦੇ ਹਨ ਭਾਵੇਂ ਨਾਅਰੇਬਾਜ਼ੀ ਵਿੱਚ ਅੰਬੇਡਕਰ ਦੇ ਸੱਚੇ ਅਨੁਆਈਆਂ ਨੂੰ ਵੀ ਮਾਤ ਦੇਂਦੇ ਹੋਣ । ਐਸਾ ਕਿਉਂ ?

੪. ਦਲਿਤਾਂ ਵਿੱਚ ਹੀ ਜੋ ਜ਼ਿਆਦਾ ਲਤਾੜਿਆ ਵਰਗ ਹੈ, ਉਹ ਹਮੇਸ਼ਾਂ ਇਹ ਸ਼ਿਕਾਇਤ ਕਰਦੇ ਹਨ ਕਿ ਸਾਡੇ ਦਲਿਤ ਭਰਾ ਹੀ ਸਾਨੂੰ ਲੁੱਟ ਰਹੇ ਹਨ। ਐਸਾ ਕਿਉਂ ?

੫. ਦਲਿਤ ਤੇ ਗ਼ੈਰ-ਦਲਿਤ, ਅਸੀਂ ਸਾਰੇ ਆਪਣੇ ਅੰਦਰ ਹੀ ਖੋਜ



ਕਰਕੇ ਆਪਣੀਆਂ ਕਮਜ਼ੋਰੀਆਂ, ਸਮਾਜ ਪ੍ਰਤੀ ਆਪਣਾ ਵਤੀਰਾ, ਨੈਤਿਕਤਾ ਦੀਆਂ ਗੱਲਾਂ ਤੇ ਕੰਮ ਅਨੈਤਿਕ, ਸਾਰਾ ਕੁਝ ਕਿਉਂ ਨਹੀਂ ਠੀਕ ਕਰਦੇ ।

ਇਹ ਅਖੌਤੀ ਜਾਤੀਵਾਦ ਦੀ ਲੜਾਈ, ਜੋ ਦਲਿਤ ਸਿੱਖ ਵੀ ਉਭਾਰ ਰਹੇ ਹਨ, ਇਸ ਦਾ ਪ੍ਰਤੀਕ ਹੈ ਕਿ ਅਸੀਂ ਖ਼ਾਲਸਾ ਅਸੂਲਾਂ ਨੂੰ ਤਿਲਾਂਜਲੀ ਦੇ ਬੈਠੇ ਹਾਂ । ਸਾਡੇ ਧਾਰਮਿਕ ਤੇ ਰਾਜਨੀਤਕ ਆਗੂਆਂ ਨੂੰ ਸਾਡੀ ਗਿਰਾਵਟ ਦਾ ਕਾਰਣ ਪਤਾ ਹੋਣਾ ਚਾਹੀਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦਾ ਵਰਤਾਰਾ ਬਹੁਤ ਭੈੜਾ ਰਿਹਾ ਹੈ, ਪਰ ਦਲਿਤਾਂ ਵੱਲੋਂ ਉੱਚੀ ਜਾਤ ਵਾਲਿਆਂ ਨੂੰ ਕੇਵਲ ਉਨ੍ਹਾਂ ਦੀ ਉੱਚੀ ਜਾਤ ਕਰਕੇ ਦੋਸ਼ੀ ਕਰਾਰ ਦੇਣਾ ਵਾਜਿਬ ਨਹੀਂ । ਉਨ੍ਹਾਂ ਦਾ ਦੋਸ਼ ਉਨ੍ਹਾਂ ਦਾ ਸਿੱਖੀ ਰਹਿਤ ਜੀਵਨ ਹੈ ।

ਮੈਂ ਕਈ ਵਾਰ ਕਿਹਾ ਹੈ ਕਿ ਇੰਦਰਾ ਗਾਂਧੀ ਦੀ ਕਦੇ ਹਿੰਮਤ ਨਾ ਪੈਂਦੀ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਜੇ ਉਸ ਨੂੰ ਸਾਡੇ ਖੋਖਲੇਪਨ ਦਾ ਪਤਾ ਨਾ ਹੁੰਦਾ; ਪਰ ਸਿੱਖ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਬਾਰੇ ਕੀ ਕਹੀਏ ਜਿਸ ਅਖ਼ਬਾਰ ਰਾਹੀਂ ਖੁੱਲ੍ਹੇਆਮ ਕਿਹਾ, ਮੈਂ ਇੰਦਰਾ ਗਾਂਧੀ ਦਾ ਝਾੜੂ ਬਰਦਾਰ ਹਾਂ । ਕਦੇ ਮੈਨੂੰ ਉਨ੍ਹਾਂ ਦਾ ਜਾਤ ਬਾਰੇ ਖ਼ਿਆਲ ਨਹੀਂ ਸੀ ਆਉਣਾ, ਪਰ ਕਿਸੇ ਦੱਸਿਆ ਕਿ ਉਹ ਸਿੱਖਾਂ ਦੀ ਦਲਿਤ ਸ਼੍ਰੇਣੀ 'ਚੋਂ ਸਨ, ਇਸ ਦਲਿਤ ਨੇ ਇਤਨਾ ਭੈੜਾ ਕੰਮ ਕਿਉਂ ਕੀਤਾ? ਕਿਉਂਕਿ ਰਾਸ਼ਟਰਪਤੀ ਦੀ ਕੁਰਸੀ ਦੀ ਚਮਕ ਉਨ੍ਹਾਂ ਨੂੰ ਸਿੱਖੀ ਕਿਰਦਾਰ ਤੋਂ ਵੱਧ ਪਿਆਰੀ ਜਾਪੀ । ਸੁ ਸਪੱਸ਼ਟ ਹੈ, ਸਾਡੀ ਗਿਰਾਵਟ ਦਾ ਕਾਰਣ ਖ਼ਾਲਸਾ ਅਸੂਲਾਂ 'ਤੇ ਨਾ ਚਲਣਾ ਹੈ; ਇਹ ਸਿਰਫ਼ ਉੱਚੀ ਜਾਤ ਤਕ ਸੀਮਿਤ ਨਹੀਂ। ਅਖੌਤੀ ਨੀਚ ਜਾਤ ਵਾਲਿਆਂ ਨੂੰ ਸੰਵਿਧਾਨ ਤੋਂ ਸਾਰੀਆਂ ਗਰੰਟੀਆਂ ਪ੍ਰਾਪਤ ਹਨ, ਉਨ੍ਹਾਂ ਨੂੰ ਜ਼ਰੂਰ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨਾ ਚਾਹੀਦਾ ਹੈ, ਲੋੜ ਪਵੇ ਤਾਂ ਇਸ ਲਈ ਬਲੀਦਾਨ ਵੀ ਦੇਣ, ਪਰ ਨਾਲ ਹੀ ਸਿੱਖੀ ਅਸੂਲਾਂ 'ਤੇ ਪਹਿਰਾ ਦੇਣ ਦੀ ਚੌਕਸੀ ਵੀ ਵਰਤਣੀ ਚਾਹੀਦੀ ਹੈ। ਮੈਂ ਹਮੇਸ਼ਾਂ ਪੁੱਛਦਾ ਰਹਿੰਦਾ ਹਾਂ ਤੇ ਫਿਰ ਪੁੱਛਦਾ ਹਾਂ—ਸਿੱਖ, ਸਿੱਖੀ ਅਸੂਲਾਂ 'ਤੇ ਕਿਉਂ ਨਹੀਂ ਚਲਦੇ, ਹੈ ਕੋਈ ਰੁਕਾਵਟ ਇਸ ਵਿੱਚ ? ਮੈਂ ਦਲਿਤ ਤੇ ਗ਼ੈਰ-ਦਲਿਤ ਦੁਹਾਂ ਨੂੰ ਪੁੱਛਦਾ ਹਾਂ—ਕੀ ਰੁਕਾਵਟ ਹੈ

* ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਨੂੰ ਯਾਦ ਕਰਨ ਵਿੱਚ,
* ਦਸਵੰਧ ਕੱਢਣ ਵਿੱਚ,
* ਜ਼ਾਤ-ਪਾਤ-ਧਰਮ ਦੇ ਕਿਸੇ ਵਿਤਕਰੇ ਬਗੈਰ ਪਿਆਰ ਕਰਨ ਵਿੱਚ,
* ਸ਼ਰਾਬ ਤੋਂ ਪਰਹੇਜ਼ ਕਰਨ ਵਿੱਚ, ਔਰਤਾਂ ਤੇ ਲੜਕੀਆਂ ਨਾਲ ਬੁਰਾ

ਸਲੂਕ ਨਾ ਕਰਨ ਵਿੱਚ,

* ਰਾਜਨੀਤਕ ਚਲਾਕੀਆਂ ਨਾ ਕਰਨ ਵਿੱਚ, ਹੋਰ ਦਾਜ ਲਈ ਨੂੰਹਾਂ ਨਾ ਸਾੜਨ ਵਿੱਚ, ਸੁਆਰਥੀਪੁਣੇ ਤੇ ਨਾਜਾਇਜ਼ ਲਾਭ ਤੋਂ ਪਰ੍ਹੇ ਰਹਿਣ ਵਿੱਚ,
* ਅੰਦਰਲੀ ਸੁੱਚਤਾ ਤੇ ਈਮਾਨਦਾਰੀ ਧਾਰਨ ਕਰਨ ਵਿੱਚ ਤੇ ਕਰਮਕਾਂਡੀ ਭਗਤੀ ਤਿਆਗਣ ਵਿੱਚ,
* ਬ੍ਰਾਹਮਣੀ ਤਰੀਕਿਆਂ ਨੂੰ ਤਿਆਗਣ ਤੇ ਵਹਿਮਾਂ-ਭਰਮਾਂ ਤੋਂ ਛੁਟਕਾਰਾ ਪਾਣ ਵਿੱਚ,
* ਬਜ਼ੁਰਗ ਮਾਤਾ-ਪਿਤਾ ਨੂੰ ਪਿਆਰ ਕਰਨ ਵਿੱਚ?

ਮੈਂ ਕੋਸ਼ਿਸ਼ ਕੀਤੀ ਹੈ ਵਿਸਥਾਰ ਨਾਲ ਉਨ੍ਹਾਂ ਕਾਰਨਾਂ ਨੂੰ ਖੋਜਣ ਦੀ ਜਿਨ੍ਹਾਂ ਕਾਰਣ ਅਸੀਂ ਰਾਹ ਭੁੱਲ ਗਏ ਹਾਂ। ਹੁਣ ਮੈਂ ਖ਼ਾਲਸੇ ਦੇ ਸਿਰਜਣਹਾਰ ਪ੍ਰਤੀ ਸ਼ੁਕਰਾਨੇ ਵਜੋਂ—ਜਿਸ ਮੈਨੂੰ ਪੈਰਿਸ ਤੋਂ CMC, Vellore ਪੁਚਾਇਆ, ਕੋਹੜ ਦੇ ਮਰੀਜ਼ਾਂ ਦੀ ਦੇਖਭਾਲ ਦੀ ਟ੍ਰੇਨਿੰਗ ਲਈ ਤਾਂ ਜੋ ਖਾਲਸਾਈ ਪਿਆਰ ਨੂੰ ਸਾਰੀ ਮਨੁੱਖਤਾ ਨਾਲ ਵੰਡ ਸਕਾਂ—ਤਪੋਵਨ ਵਿੱਚ ਆਪਣੇ ੨੦ ਸਾਲ ਪੂਰੇ ਹੋਣ ਦੀ ਖੁਸ਼ੀ ਮਨਾਣ ਲੱਗਾ ਹਾਂ। ਗੁਰੂ ਗ੍ਰੰਥ ਸਾਹਿਬ, ਮੇਰੇ ਗੁਰੂ ਨੇ ਮਨ ਵਿੱਚ ਇਹ ਖ਼ਿਆਲ ਪਾਇਆ ਕਿ ਪ੍ਰਭੂ ਦਾ ਪਿਆਰ ਮਨੁੱਖਤਾ ਦੀ ਸੇਵਾ ਵਿੱਚ ਤਬਦੀਲ ਹੋਣਾ ਚਾਹੀਦਾ ਹੈ, ਖ਼ਾਲਸੇ ਲਈ ਇਹ ਹੁਕਮ ਹੈ, ਸੁ ਮੈਨੂੰ ਇੱਥੇ ਭੇਜਿਆ । ਇਨ੍ਹਾਂ ੨੦ ਸਾਲਾਂ ਅੰਦਰ, ਕੋਹੜ ਦੇ ਰੋਗੀਆਂ ਵਿੱਚੋਂ ਅਖੌਤੀ ਦਲਿਤਾਂ ਕੋਲੋਂ ਮੈਂ ਜੋ ਕੁਝ ਸਿੱਖਿਆ ਉਹ ਦੱਸਣਾ ਚਾਹੁੰਦਾ ਹਾਂ:

੧. ਇਨ੍ਹਾਂ ਦੁਖੀਆਂ ਨੂੰ LEPERS ਕਹਿਣਾ ਪਰਿਵਾਰ ਤੋਂ ਅਲੱਗ ਕਰ ਦੇਣਾ ਤੇ ਇਨ੍ਹਾਂ ਨਾਲ ਨਫ਼ਰਤ ਕਰਨੀ, ਇਹ ਗ਼ੈਰ-ਮਾਨਵੀ ਤੇ ਗ਼ਲਤ ਹੈ ।

੨. ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ, ਕੁਸ਼ਟ ਰੋਗੀਆਂ ਨੂੰ ਪਿਆਰ ਕਰਦੇ ਸਨ ਤੇ ਉਨ੍ਹਾਂ ਦੀ ਸੇਵਾ-ਸੰਭਾਲ ਕੀਤੀ। ਇਹ ਜਾਣ ਕੇ, ਇਨ੍ਹਾਂ ਰੋਗੀਆਂ ਲਈ ਮੇਰੇ ਮਨ ਵਿੱਚ ਪਿਆਰ ਹੋਰ ਵਧਿਆ, ਨਤੀਜੇ ਵਜੋਂ ਮੈਨੂੰ ਇਨ੍ਹਾਂ ਕੋਲੋਂ ਬਾ-ਕਮਾਲ, ਅਥਾਹ ਪਿਆਰ ਮਿਲਿਆ ।

੩. ਕੁਸ਼ਟ ਰੋਗੀਆਂ ਨਾਲੋਂ ਕਿਤੇ ਜ਼ਿਆਦਾ ਮੈਂ ਬੀਮਾਰ ਸਾਂ ਆਪਣੇ ਹੰਕਾਰ ਦੇ ਕੋਹੜ ਨਾਲ, ਸੁ ਇਨ੍ਹਾਂ ਦੇ ਚਰਨਾਂ ਵਿੱਚ ਰਹਿ ਕੇ ਮੈਂ ਗੁਰੂ ਦੀ ਸਿੱਖਿਆ "**ਹੋਹੁ ਸਭਨਾ ਕੀ ਰੇਣੁਕਾ**" 'ਤੇ ਅਮਲ ਕਰ ਸਕਿਆ ।

੪. ਇਨ੍ਹਾਂ ਰੋਗੀਆਂ ਦਾ ਪਿਆਰ ਤੇ ਨਿੱਕੇ ਜਿਹੇ ਕੰਮ ਲਈ ਉਨ੍ਹਾਂ ਅੰਦਰ



ਉਪਜੀ ਧੰਨਵਾਦ ਦੀ ਭਾਵਨਾ, ਸਮਾਜ ਦੇ ਸੁਆਰਥੀ ਲੋਕਾਂ ਲਈ ਕੀਤੇ ਮਹਾਨ ਕਾਰਜਾਂ ਨਾਲੋਂ ਕਿਤੇ ਵੱਧ ਮਨ ਨੂੰ ਟੁੰਬਦੀ ਹੈ ਤੇ ਕਿਤੇ ਵੱਧ ਸੁਖਦਾਈ ਹੈ ।

੫. ਰੋਗੀਆਂ ਕੋਲ ਪੈਸਾ ਨਹੀਂ, ਪਰ ਪਿਆਰ ਦੀ ਕੋਈ ਘਾਟ ਨਹੀਂ । ਮੈਨੂੰ ਇੱਥੇ ਆਇਆਂ ਅਜੇ ਸਾਲ ਕੁ ਹੀ ਹੋਇਆ ਸੀ ਕਿ ਮੈਂ ਬੀਮਾਰ ਪੈ ਗਇਆ । ਇੱਥੋਂ ਦੇ ਇਕ Hostel ਤੁਕਾਰਾਮ ਨਿਵਾਸ (ਜਿਸ ਵਿੱਚ ਮੌਤ ਦੀ ਉਡੀਕ ਕਰ ਰਹੇ ਬੁੱਢੇ ਲੋਕ ਰਹਿੰਦੇ ਹਨ) ਦੇ ਪਿਆਰਿਆਂ ਨੇ ਸਾਰੀ ਰਾਤ ਜਾਗ ਕੇ ਮੇਰੀ ਤੰਦਰੁਸਤੀ ਲਈ ਭਜਨ-ਬੰਦਗੀ ਕੀਤੀ ਤੇ ਸਵੇਰੇ, ਗੁਰੂ ਗ੍ਰੰਥ ਸਾਹਿਬ ਅੱਗੇ ਭੇਂਟ ਕਰਨ ਲਈ ੧੧ ਰੁਪਏ (ਪ੍ਰਸ਼ਾਦਿ ਖ਼ਾਤਿਰ) ਲੈ ਕੇ ਆਏ, ਇਹ ਵੱਡੀ ਰਕਮ ਉਨ੍ਹਾਂ ਕੁਝ-ਕੁਝ ਪੈਸੇ ਪਾ ਕੇ ਜਮ੍ਹਾਂ ਕੀਤੀ ਸੀ ।

੬. ਇਤਨੇ ਬੁਰੇ ਹਾਲਾਤਾਂ ਅੰਦਰ ਹੀ ਕੋਈ ਹੱਸਦਾ ਰਹਿ ਸਕਦਾ ਹੈ, ਇਹ ਇੱਥੇ ਪਤੀ ਦੁਆਰਾ ਛੱਡੀਆਂ ਔਰਤਾਂ, ਘਰੋਂ ਦੁਤਕਾਰੀਆਂ ਵਹੁਟੀਆਂ, ਧੱਕੇ ਮਾਰ ਕੇ ਕੱਢ ਦਿੱਤੇ ਬਜ਼ੁਰਗ, ਲੋਕਾਂ ਦੀਆਂ ਮੁਸਕਾਨਾਂ 'ਚੋਂ ਮੈਂ ਰੋਜ਼ ਵੇਖਦਾ ਹਾਂ। ਬਾਹਰਲੀ ਦੁਨੀਆਂ ਵਿੱਚ ਇਹ ਖ਼ੁਸ਼ੀ ਏਅਰ ਕੰਡੀਸ਼ਨਡ ਕਮਰਿਆਂ ਵਿੱਚ ਵੀ ਨਹੀਂ ਦਿੱਸਦੀ ।

੭. ਰੋਗੀਆਂ ਨੂੰ ਦਵਾਈਆਂ ਤੇ ਇਲਾਜ ਤੋਂ ਕਿਤੇ ਜ਼ਿਆਦਾ ਸਾਡੇ ਪਿਆਰ ਦੀ ਲੋੜ ਹੈ । ਆਪਣੇ ਗੁਰੂ ਦੇ ਪਿਆਰ ਅੰਦਰ ਇਕ ਸਿੱਖ ੨੦ ਸਾਲਾਂ ਤੋਂ ਉਨ੍ਹਾਂ ਨਾਲ ਰਹਿ ਰਿਹਾ ਹੈ, ਇਹ ਉਨ੍ਹਾਂ ਲਈ ਬਹੁਤ ਵੱਡੀ ਗੱਲ ਹੈ ਤੇ ਉਹ ਹੁਣ ਮੈਨੂੰ ਆਪਣੇ ਵਰਗਾ ਹੀ ਤੇ ਆਪਣਿਆਂ ਵਿੱਚੋਂ ਹੀ ਮੰਨਦੇ ਹਨ—ਭਾਵੇਂ ਮੇਰਾ ਧਰਮ ਵੱਖਰਾ, ਜਾਤ ਵੱਖਰੀ, ਬੋਲੀ ਵੱਖਰੀ, ਸੂਬਾ ਵੱਖਰਾ । ਉਨ੍ਹਾਂ ਮੈਨੂੰ ਜੋ ਸਿਖਾਇਆ ਉਸ ਨਾਲ ਮੇਰਾ ਸਿਦਕ—ਦੁਨੀਆਂ ਵਿੱਚ ਇਕੋ ਧਰਮ ਹੈ ਪਿਆਰ ਦਾ ਤੇ ਇਕੋ ਜਾਤ ਹੈ ਮਾਨਵਤਾ ਦੀ—ਹੋਰ ਦ੍ਰਿੜ੍ਹ ਹੋਇਆ ਹੈ ।

੮. ਉਨ੍ਹਾਂ ਆਪਣੀ ਹਾਲਤ ਨੂੰ ਧੀਰਜ ਨਾਲ, ਸਹਿਜ ਨਾਲ ਮੰਨ ਲਿਆ ਹੈ ਬਗੈਰ ਸਮਾਜ ਪ੍ਰਤੀ ਕਿਸੇ ਹਿਰਖ ਤੇ ਨਿੰਦਾ ਦੇ । ਅਣਸੁਖਾਵੇਂ ਹਾਲਾਤਾਂ ਅੰਦਰ ਵੀ ਉਹ ਇਕ-ਦੂਜੇ ਨਾਲ ਆਪਣਾ ਪਿਆਰ ਸਾਂਝਾ ਕਰਦੇ ਹਨ, ਛੋਟੇ ਜਿਹੇ ਕੰਮ ਲਈ ਵੀ ਧੰਨਵਾਦੀ ਹੁੰਦੇ ਹਨ ਤੇ ਕਦੇ-ਕਦੇ ਤਾਂ ਗਿਆਨ ਦੇ ਐਸੇ ਮੋਤੀ ਬੋਲ ਜਾਂਦੇ ਹਨ ਕਿ ਸੁਣਨ ਵਾਲਾ ਹੈਰਾਨ ਰਹਿ ਜਾਂਦਾ ਹੈ ।

੯. ਗੁਰੂ ਸਾਹਿਬ ਨੇ ਕਿਹਾ ਸੀ—ਭਾਈ ਜਾਤ ਦਾ ਗਰਬ ਨਾ ਕਰੋ, ਮੈਂ ਵੇਖਦਾ ਹਾਂ ਕਿ ਸ਼ਰੀਰ ਦੀ ਇਸ ਹਾਲਤ ਵਿੱਚ ਵੀ ਉਹ ਕਾਟੇਜ ਇੰਡਸਟਰੀ

ਰਾਹੀਂ ਐਸੇ ਸੁਹਣੇ-ਸੁਹਣੇ ਕੰਮ ਕਰਦੇ ਹਨ ਜੋ ਮੈਂ ਵੀ ਨਹੀਂ ਕਰ ਸਕਦਾ ।

ਸਭ ਤੋਂ ਵੱਧ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸੰਸਥਾਪਕ ਡਾ. ਸਿਵਾਜੀ ਰਾਓ ਪਟਵਰਧਨ ਦੀ ਦੂਰ-ਅੰਦੇਸ਼ੀ ਹੁਣ ਫਲ-ਫੁਲ ਰਹੀ ਹੈ। ੧੯੫੦ ਵਿੱਚ ਤਪੋਵਨ ਦੀ ਸਥਾਪਨਾ ਵੇਲੇ ਹੀ ਉਨ੍ਹਾਂ ਇਹ ਫ਼ੈਸਲਾ ਕੀਤਾ ਸੀ ਕਿ ਰੋਗੀਆਂ ਲਈ ਰੋਟੀ-ਪਾਣੀ, ਰਹਿਣ ਦੀ ਥਾਂ ਤੇ ਇਲਾਜ ਦੇ ਪ੍ਰਬੰਧ ਨਾਲ, ਉਨ੍ਹਾਂ ਨੂੰ ਕੰਮ ਕਰਨਾ ਵੀ ਸਿਖਾਇਆ ਜਾਏਗਾ ਤਾਂ ਜੋ ਆਪਣੀ ਰੋਜ਼ੀ-ਰੋਟੀ ਕਮਾ ਕੇ ਉਹ ਆਪਣੇ ਪੈਰਾਂ ’ਤੇ ਖੜ੍ਹੇ ਹੋ ਸਕਣ । ਇਸ ਸੁੰਦਰ ਸੋਚ ਦੇ ਨਤੀਜੇ ਵੇਖ ਕੇ ਮੈਂ ਹੈਰਾਨ ਹਾਂ । ਤਪੋਵਨ ਦੇ ਸਾਡੇ ਕਈ ਬੱਚੇ ਠੀਕ ਹੋ ਕੇ, ਪੁਲਿਸ ਤੇ ਫੌਜ ਵਿੱਚ ਭਰਤੀ ਹੋ ਕੇ ਨਾ ਕੇਵਲ ਆਪਣੇ ਪੈਰਾਂ ’ਤੇ ਖਲੋ ਗਏ ਹਨ ਵਰਨਾ ਨਾਲ ਹੀ ਮਾਨ ਸਨਮਾਨ ਦਾ ਜੀਵਨ ਜੀ ਰਹੇ ਹਨ ।

ਸਿੱਖੀ ਦੇ ਤਕਰੀਬਨ ਸਾਰੇ ਅਸੂਲਾਂ ਨੂੰ ਮੈਂ ਆਪਣੀ ਜ਼ਿੰਦਗੀ ਦੇ ਅਨੁਭਵਾਂ ਵਿੱਚ ਤੱਕਿਆ ਹੈ । ਜਦੋਂ ਮੈਂ ਇੱਥੇ ਆਇਆ, ਮੈਨੂੰ ਕੋਈ ਨਹੀਂ ਸੀ ਜਾਣਦਾ । ਮੇਰਾ ਇਕੋ ਖ਼ਿਆਲ ਸੀ ਕਿ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਬਣ ਕੇ ਰਹਿ ਸਕਾਂ ਤੇ ਪ੍ਰਭੂ ਦੀ ਬਖ਼ਸ਼ਿਸ਼, ਉਸ ਦਾ ਪਿਆਰ ਜੋ ਮੈਨੂੰ ਪ੍ਰਾਪਤ ਹੋਇਆ ਸੀ, ਇਨ੍ਹਾਂ ਰੋਗੀਆਂ ਨਾਲ ਸਾਂਝਾ ਕਰਾਂ । ਅੱਜ ਵੀ ਮੈਂ ਆਪਣੇ ਔਗੁਣਾਂ ਤੋਂ ਸ਼ਰਮਿੰਦਾ ਹਾਂ, ਪਰ ਖ਼ਾਲਸੇ ਦੀ ੩੦੦ਵੀਂ ਵਰ੍ਹੇ ਗੰਢ ਬਾਰੇ ਸੋਚਦਾ ਹਾਂ ਤਾਂ ਮਾਣ ਹੁੰਦਾ ਹੈ ਕਿ ਮੇਰੇ ਜੀਵਨ ਕਾਲ ਵਿੱਚ ਤਪੋਵਨ ਰਹਿੰਦਿਆਂ ਇਹ ਆਈ ਹੈ, ਜਿੱਥੇ ਮੈਂ ਸਿੱਖੀ ਦੇ ਅਸੂਲ ਜੀਵੰਤ ਰੂਪ ਵਿੱਚ ਪ੍ਰਗਟ ਹੁੰਦੇ ਦੇਖੇ ਹਨ ।

(੧) **ਮਾਨਸ ਕੀ ਜਾਤਿ, ਸਬੈ ਏਕੈ ਪਹਚਾਨਬੋ** :

ਮੈਂ ਨਾ ਕੇਵਲ ਸਾਰੀ ਮਨੁੱਖ ਜਾਤੀ ਨੂੰ ਇਕੋ ਜਾਤ ਦਾ ਸਮਝਦਾ ਹਾਂ, ਭਾਵੇਂ ਮੈਂ ਇੱਥੇ ਇਕੱਲਾ ਸਿੱਖ ਹਾਂ, ਇਹ ਲੋਕ ਵੀ ਮੈਨੂੰ ਆਪਣਾ ਹੀ ਸਮਝਦੇ ਹਨ ।

(੨) **ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ** :

ਰੋਗੀਆਂ ਨੂੰ ਪਿਆਰ ਕਰਨ ਤੋਂ ਇਲਾਵਾ ਮੈਂ ਹੋਰ ਕੁਝ ਨਹੀਂ ਕਰਦਾ—ਅੱਧਾ ਕੁ ਘੰਟਾ ਉਨ੍ਹਾਂ ਦੇ ਜ਼ਖ਼ਮਾਂ ’ਤੇ ਪੱਟੀਆਂ ਕਰਦਾ ਹਾਂ, ਉਨ੍ਹਾਂ ਦੀਆਂ ਨਿੱਜੀ ਤੇ ਪਰਿਵਾਰਿਕ ਸਮੱਸਿਆਵਾਂ ਦਾ ਖ਼ਿਆਲ ਰੱਖਦਾ ਹਾਂ। ਜੋ ਵੀ ਕਰਦਾ ਹਾਂ, ਗੁਰੂ ਕਿਰਪਾ ਸਦਕਾ ਤੇ ਉਸਦੇ ਪਿਆਰ ਵਿੱਚ ਕਰਦਾ ਹਾਂ। ਪਤਾ ਨਹੀਂ ਮੈਨੂੰ ਇਹ ਪਿਆਰ ਪ੍ਰਭੂ ਲਾਇਕ ਬਣਾ ਸਕਦਾ ਹੈ ਯਾ ਨਹੀਂ, ਪਰ ਇਸ ਪਿਆਰ ਨੇ ਮੈਨੂੰ ਬਹੁਤ ਠੰਡ ਪੁਚਾਈ ਹੈ ।



(੩) **ਆਪਸ ਤੇ ਊਪਰਿ ਸਭ ਜਾਣਹੁ** :

ਨਿਸ਼ਚਿਤ ਹੀ, ਇਹ ਮੈਂ ਅਜੇ ਤੀਕਰ ਨਹੀਂ ਕਰ ਸਕਿਆ । ਰੋਗੀਆਂ ਨਾਲ ਉਨ੍ਹਾਂ ਵਾਂਗ ਹੋ ਕੇ ਰਹਿਣਾ ਮੈਨੂੰ ਇਹ ਅਹਿਸਾਸ ਕਰਾਂਦਾ ਹੈ ਕਿ ਮੈਂ ਕਿਸੇ ਕੁਸ਼ਟ ਰੋਗੀ ਤੋਂ ਚੰਗਾ ਨਹੀਂ । ਗੁਰ ਕਿਰਪਾ ਮੈਨੂੰ ਪ੍ਰਭੂ ਦੀ ਹਜ਼ੂਰੀ ਦਾ ਅਹਿਸਾਸ ਦੇਂਦੀ ਹੈ ।

(੪) **ਕਬਹੂ ਹੋਵਹੁ ਦ੍ਰਿਸਟਿ ਅਗੋਚਰ** :

ਕੁਸ਼ਟ ਰੋਗੀਆਂ ਦੀਆਂ ਪੱਟੀਆਂ ਕਰਨ ਵੇਲੇ, ਕਦੇ ਮੈਂ ਵਾਹਿਗੁਰੂ ਵਾਹਿਗੁਰੂ, ਤੇ ਕਦੇ ਮੂਲ-ਮੰਤਰ ਦਾ ਪਾਠ ਕਰਦਾ ਹਾਂ ਤੇ ਨਾਲ ਹੀ ਪ੍ਰਭੂ ਦਾ ਧੰਨਵਾਦ ਕਰਦਾ ਹਾਂ ਕਿ ਉਸ ਨੇ ਇਹ ਸੁਭਾਗਾ ਅਵਸਰ ਬਖ਼ਸ਼ਿਆ ਮੈਨੂੰ ਸੇਵਾ ਤੇ ਸਿਮਰਨ ਵਿੱਚ ਲੀਨ ਰਹਿਣ ਦਾ ।

(੫) **ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ** :

ਮੈਂ ੧੯੮੮ ਵਿੱਚ Sikh Review (ਕਲਕੱਤਾ) ਦੇ ਅਪ੍ਰੈਲ ਅੰਕ ਵਿੱਚ ਲਿਖਿਆ ਸੀ ਕਿ ਇਹ ਤਪੋਵਨ ਮੇਰਾ ‘ਖਾਲਿਸਤਾਨ’ ਹੈ ਤੇ ਅੱਜ ਮੈਨੂੰ ਖ਼ਾਲਸੇ ਦੀ ੩੦੦ਵੀਂ ਵਰ੍ਹੇ ਗੰਢ ਅੰਦਰ ਸੱਚਮੁੱਚ ਇਹ ਮਹਿਸੂਸ ਹੋ ਰਿਹਾ ਹੈ ਕਿ ਪ੍ਰਭੂ ਮੇਰੇ ਨਾਲ ਹੈ, ਮੈਂ ਉਸ ਦੀ ਹਜ਼ੂਰੀ ਵਿੱਚ ਹਾਂ, ਕਿਉਂਕਿ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਦੀ ਸੱਚਾਈ ਅਨੁਭਵ ਕਰ ਰਿਹਾ ਹਾਂ ਆਪਣੀ ਜ਼ਿੰਦਗੀ ਵਿੱਚ : ਪ੍ਰਭੂ ਜੇ ਤੂੰ ਮੇਰੇ ਨਾਲ ਹੈਂ ਤਾਂ ਮੈਨੂੰ ਕਾਹਦੀ ਲੋੜ ਹੋ ਸਕਦੀ ਹੈ । ਜਦੋਂ ਮੈਂ ਤੇਰਾ ਗ਼ੁਲਾਮ ਬਣਿਆ ਹਾਂ, ਤੂੰ ਆਪਣਾ ਸਭ ਕੁਝ ਮੈਨੂੰ ਸੌਂਪ ਦਿੱਤਾ ਹੈ। ਖੁੱਲ੍ਹਾ ਖਾਂਦਾ-ਖ਼ਰਚਦਾ ਹਾਂ, ਫਿਰ ਵੀ ਕਦੇ ਪੈਸੇ ਦੀ ਥੁੜ ਨਹੀਂ ਹੋਈ । ਸਾਰੀ ਦੁਨੀਆਂ ਮੇਰੀ ਸੇਵਾ ਕਰਦੀ ਹੈ, ਦੁਸ਼ਮਣ, ਮਿਤ੍ਰ ਬਣ ਗਏ ਹਨ। ਆਪਣੇ ਗੁਰੂ ਤੇ ਪ੍ਰਭੂ ਨੂੰ ਮਿਲ ਕੇ ਅਨੰਦ ਹੋ ਗਿਆ ਹੈ, ਹੁਣ ਕੋਈ ਮੇਰਾ ਲੇਖਾ ਨਹੀਂ ਪੁੱਛ ਸਕਦਾ ਕਿਉਂਕਿ ਪ੍ਰਭੂ ਨੇ ਮੈਨੂੰ ਅਪਣਾ ਲਿਆ ਹੈ, ਮੇਰੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆਂ ਹਨ ਤੇਰੀ ਗ਼ੁਲਾਮੀ ਕਰਕੇ ।

ਇੱਥੇ ਮੈਂ ਮਰਾਠੀ ਲੋਕਾਂ ਨਾਲ ਰਹਿੰਦਾ ਹਾਂ, ਕਈ ਲੋਕ ਮਿਲਣ ਆਂਦੇ ਹਨ ਕੁਸ਼ਟ ਰੋਗ ਦੇ ਕੰਮ ਕਰਕੇ ਤੇ ਕਈ ਪ੍ਰਭੂ ਪਿਆਰ ਕਰਕੇ । ਨਤੀਜਾ ਇਹ ਹੋਇਆ ਹੈ ਹੁਣ ਕਈ ਸਰਬ-ਧਰਮ ਸੰਮੇਲਨਾਂ ਤੇ ਮੀਟਿੰਗਾਂ ’ਤੇ ਬੁਲਾਇਆ ਜਾਂਦਾ ਹਾਂ, ਮਰਾਠੀ ਲੋਕਾਂ ਦੇ ਘਰ ਉਨ੍ਹਾਂ ਦੇ ਬੁਲਾਵੇ ’ਤੇ ਜਾਂਦਾ ਹਾਂ, ਉਨ੍ਹਾਂ ਦੇ ਘਰਾਂ ’ਚ ਠਹਿਰਦਾ ਹਾਂ ਤੇ ਪ੍ਰਭੂ ਦੀਆਂ ਗੱਲਾਂ ਕਰਦਾ ਹਾਂ। ਕੁਸ਼ਟ ਰੋਗੀਆਂ ਦੀ ਮਿਹਰਬਾਨੀ ਨੀਚਤਾ ਕੱਜੀ ਗਈ ਹੈ । ਗੁਰੂ ਅਰਜਨ ਦੇਵ ਜੀ ਦਾ ਸ਼ਬਦ ਮੈਨੂੰ ਅਨੁਭਵੀ ਖੇੜਾ ਬਖ਼ਸ਼ਦਾ ਹੈ ।

ਬੱਸ ਮੇਰਾ ਇਕੋ ਕੰਮ ਹੈ, ਗੁਰੂ ਦੀ ਗ਼ੁਲਾਮੀ । ਹਾਲਾਂ ਕਿ ਗੁਰੂ-ਹੁਕਮਾਂ 'ਤੇ ਪੂਰਾ ਉਤਰਨ ਤੋਂ ਬਹੁਤ ਦੂਰ ਹਾਂ, ਗੁਰੂ ਦੀ ਗ਼ੁਲਾਮੀ ਕਰਨ ਦੀ ਚਾਹਤ ਨੇ ਹੀ ਗੁਰੂ ਦੀ ਖ਼ੁਸ਼ੀ ਬਖ਼ਸ਼ ਦਿੱਤੀ ਹੈ । ਸਾਰਾ ਤਪੋਵਨ ਮੇਰੀ ਸੇਵਾ ਕਰਕੇ ਖ਼ੁਸ਼ੀ ਮਹਿਸੂਸ ਕਰਦਾ ਹੈ । ਕਦੇ ਮੈਨੂੰ ਪੈਸੇ ਦੀ ਕਮੀ ਨਹੀਂ ਆਈ, ਜਦੋਂ ਸ਼੍ਰੋਮਣੀ ਕਮੇਟੀ ਨੇ ੧੯੯੫ ਦੇ ਭਗਤ ਪੂਰਨ ਸਿੰਘ ਐਵਾਰਡ ਵਜੋਂ ਮੈਨੂੰ ਇਕ ਲੱਖ ਰੁਪਿਆ ਦਿੱਤਾ ਮੇਰੇ ਸਾਥੀਆਂ ਨੇ ਰਲ ਕੇ "ਗੁਰੂ ਗ੍ਰੰਥ ਸਾਹਿਬ ਚੈਰੀਟੇਬਲ ਸੋਸਾਇਟੀ" ਬਣਾ ਲਈ, ਜਿਸ ਰਾਹੀਂ ੩-੪ ਸਾਲਾਂ ਅੰਦਰ ਹੀ ਤਕਰੀਬਨ ੭ ਲੱਖ ਰੁਪਿਆ ਲੋੜਵੰਦਾਂ ਦੀ ਮਦਦ ਲਈ ਵੰਡਿਆ ਜਾ ਚੁੱਕਾ ਹੈ । ਇਹ ਵੀ ਸੱਚ ਹੈ ਕਿ ਕੋਈ ਵੈਰੀ ਨਹੀਂ ਤੇ ਸਾਰਿਆਂ ਨੂੰ ਮੈਂ ਆਪਣਾ ਮਿਤ੍ਰ-ਬਣਾ ਲਿਆ ਹੈ । ਇਨ੍ਹਾਂ ੨੦ ਸਾਲਾਂ ਅੰਦਰ ਕਦੇ ਮੈਂ ਪ੍ਰਭੂ ਤੋਂ ਕੁਝ ਮੰਗਿਆ ਨਹੀਂ, ਪਰ ਪ੍ਰਭੂ ਨੇ ਮੈਨੂੰ ਸਾਰਾ ਕੁਛ ਦਿੱਤਾ ਹੈ, ਕੁਝ ਦੇਣਾ ਬਾਕੀ ਨਹੀਂ । ਮੈਂ ਚਰਚਾਂ ਵਿੱਚ ਇਸਾਈਆਂ ਨੂੰ ਸੰਬੋਧਨ ਕਰਦਾ ਹਾਂ, ਮਦਰਾਸੀ, ਮਰਾਠੀ ਤੇ ਹੋਰ ਦੂਜੇ ਲੋਕਾਂ ਨਾਲ ਪਿਆਰ ਵੰਡਦਾ ਹਾਂ । ਇਕ ਇਸਾਈ ਨੌਜਵਾਨ ਮੇਰਾ ਪੁਤ੍ਰ ਬਣ ਗਿਆ ਹੈ, ਇਕ ਮਦਰਾਸੀ ਮੇਰੀ ਬੇਟੀ ਹੈ ਤੇ ਕਈ ਮਰਾਠੀ ਤੇ ਹੋਰ ਬੱਚੇ ਹਨ । ਅਨੁਭਵ ਕੀਤਾ ਹੈ ਕਿ ਮੇਰੀ ਜ਼ਿੰਦਗੀ ਹੇਠ ਲਿਖੇ ਭਜਨ—ਜੋ ਮੈਂ ਲੂਲ੍ਹੇ, ਲੰਗੜੇ, ਬੁੱਢੇ ਮੌਤ ਦੀ ਉਡੀਕ ਕਰ ਰਹੇ ਰੋਗੀਆਂ ਨਾਲ ਗਾਉਂਦਾ ਹਾਂ-ਦਾ ਪ੍ਰਤੀਕ ਬਣ ਗਈ ਹੈ :

**"ਪ੍ਰਭੂ ਪਿਆਰੇ ਸੇ ਜਿਸ ਦਾ ਸੰਬੰਧ ਹੈ**
**ਉਸ ਕੋ ਹਰਦਮ ਅਨੰਦ ਹੀ ਅਨੰਦ ਹੈ ।**
**ਝੂਠੀ ਮਮਤਾ ਸੇ ਕਰ ਕੇ ਕਿਨਾਰਾ,**
**ਲੈ ਕੇ ਸਚੇ ਪ੍ਰਭੁ ਕਾ ਸਹਾਰਾ ।**
**ਹੂਆ ਉਸ ਕੀ ਰਜ਼ਾ ਮੇਂ ਰਜ਼ਾਮੰਦ ਹੈ,**
**ਉਸ ਕੋ ਹਰਦਮ ਅਨੰਦ ਹੀ ਅਨੰਦ ਹੈ ।**
**ਦੀਨ ਦੁਖੀਉਂ ਕਾ ਦੁਖ ਜੋ ਮਿਟਾਏ ।**
**ਬਨ ਕੇ ਸੇਵਕ ਭਲਾ ਸਭ ਕਾ ਚਾਹੇ ।**
**ਨਹੀਂ ਜਿਸਮੇਂ ਘਮੰਡ ਔਰ ਪਖੰਡ ਹੈ,**
**ਉਸ ਕੋ ਹਰਦਮ ਅਨੰਦ ਹੀ ਅਨੰਦ ਹੈ ।**
**ਨਿੰਦਾ ਚੁਗ਼ਲੀ ਨਾ ਜਿਸ ਕੋ ਸੁਹਾਏ,**
**ਬੁਰੀ ਸੰਗਤ ਕੀ ਰੰਗਤ ਨਾ ਭਾਏ ।**



**ਸਤਿਸੰਗ ਹੀ ਜਿਸ ਕੋ ਪਸੰਦ ਹੈ,**
**ਉਸ ਕੋ ਹਰਦਮ ਅਨੰਦ ਹੀ ਅਨੰਦ ਹੈ ।"**

ਖ਼ਾਲਸੇ ਦੇ ੩੦੦ਵੇਂ ਵਰ੍ਹੇ ਅੰਦਰ, ਤਪੋਵਨ ਵਿਖੇ ਕੁਸ਼ਟ ਰੋਗੀਆਂ ਦੇ ਚਰਣਾਂ 'ਤੇ ਮੇਰਾ ੨੦ਵਾਂ ਸਾਲ ਪੂਰਾ ਹੋਇਆ ਹੈ, ਕਈ ਤਰੀਕਿਆਂ ਨਾਲ ਮੈਂ ਇਸ ਦਾ ਜਸ਼ਨ ਮਨ੍ਹਾ ਰਿਹਾ ਹਾਂ । ਸਭ ਤੋਂ ਵੱਧ ਖ਼ੁਸ਼ੀ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਮੈਨੂੰ ਪ੍ਰੇਰ ਰਹੀ ਹੈ ਸਭ ਨਾਲ ਪਿਆਰ ਕਰਨ ਲਈ, ਕਿਸੇ ਨਾਲ ਵੀ ਨਫ਼ਰਤ ਨਾ ਕਰਨ ਲਈ, ਆਪਣੇ ਗੁਨਾਹਾਂ ਦੀ ਖੋਜ ਕਰਨ ਲਈ, ਦੂਜੇ ਦੇ ਨੁਕਸ ਨਾ ਵੇਖਣ ਲਈ, ਪਿਆਰ ਨਾਲ ਸਾਰਿਆਂ ਦੀ ਸੇਵਾ ਕਰਨ ਲਈ, ਕਿਸੇ ਦੀ ਨਿੰਦਾ ਨਾ ਕਰਨ ਲਈ, ਆਪਾ ਸੁਆਰਨ ਲਈ ਤੇ ਸਭ ਦਾ ਭਲਾ ਕਰਨ ਲਈ । ਮੈਂ ਧੰਨਵਾਦੀ ਹਾਂ, ਇਨ੍ਹਾਂ ਕੁਸ਼ਟ ਰੋਗੀਆਂ ਦਾ ਜੋ ਅਸਲ ਵਡਿਆਈ ਦੇ ਹੱਕਦਾਰ ਹਨ, ਮੈਂ ਜੋ ਕੁਝ ਹਾਂ, ਇਨ੍ਹਾਂ ਦਾ ਬਣਾਇਆ ਹਾਂ । ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਵਜੋਂ ਮੈਂ ਜੋ ਕੁਝ ਸਿੱਖਿਆ ਹੈ ਉਹ Assissi St. Francis (ਸੰਤ ਫਰਾਂਸਿਸ) ਦੀ ਇਸ ਪ੍ਰਾਰਥਨਾ ਅੰਦਰ ਬੜੇ ਸੁੰਦਰ ਤਰੀਕੇ ਨਾਲ ਦਰਜ ਹੈ :

ਪ੍ਰਭੂ ਮੈਨੂੰ ਆਪਣਾ ਸ਼ਾਂਤੀਦੂਤ ਬਣਾ ਦੇ ।
ਜਿੱਥੇ ਵੀ ਨਫ਼ਰਤ ਹੋਵੇ ਮੈਂ ਪਿਆਰ ਬੀਜ ਦਿਆਂ,
ਜਿੱਥੇ ਵੀ ਸੱਟ ਵਜੀ ਹੋਵੇ ਮੈਂ ਖਿਮਾ ਬੀਜ ਦਿਆਂ,
ਜਿੱਥੇ ਵੀ ਉਦਾਸੀ ਹੋਵੇ ਮੈਂ ਖੇੜਾ ਬੀਜ ਦਿਆਂ,
ਜਿੱਥੇ ਵੀ ਹਨੇਰਾ ਹੋਵੇ ਮੈਂ ਦੀਵਾ ਜਗਾ ਦਿਆਂ,
ਜਿੱਥੇ ਵੀ ਭਰਮ ਹੋਵੇ ਮੈਂ ਸਿਦਕ ਬੀਜ ਦਿਆਂ,
ਜਿੱਥੇ ਵੀ ਨਿਰਾਸ਼ਾ ਹੋਵੇ ਮੈਂ ਆਸ ਬੀਜ ਦਿਆਂ।
ਹੇ ਪ੍ਰਭੂ ! ਇਹ ਰਹਿਮਤ ਕਰ ਦੇ, ਸ਼ਿਕਾਇਤ ਨਾ ਕਰਾਂ ਕਿ—
ਲੋਕੀਂ ਮੈਨੂੰ ਨਹੀਂ ਸਮਝਦੇ, ਮੈਂ ਲੋਕਾਂ ਨੂੰ ਸਮਝਾਂ।
ਲੋਕੀਂ ਮੈਨੂੰ ਪਿਆਰ ਨਹੀਂ ਕਰਦੇ,
ਮੈਂ ਸਾਰਿਆਂ ਨੂੰ ਪਿਆਰ ਕਰਾਂ ।
ਲੋਕੀਂ ਮੈਨੂੰ ਦਿਲਾਸਾ ਨਹੀਂ ਦੇਂਦੇ,
ਮੈਂ ਸਭ ਨੂੰ ਦਿਲਾਸਾ ਦਿਆਂ ।

ਕਿਉਂਕਿ ਦੇ ਕੇ ਹੀ ਪਾਈਦਾ ਹੈ, ਮੁਆਫ਼ੀ ਦੇਣ ਨਾਲ ਹੀ ਮੁਆਫ਼ੀ ਮਿਲਦੀ ਹੈ ਤੇ ਜੀਵਤਿਆਂ ਮਰਨ ਨਾਲ ਹੀ ਸਦੀਵੀ ਜੀਵਨ ਮਿਲਦਾ ਹੈ ।

ਖ਼ਾਲਸਾ ਸੰਤ-ਸਿਪਾਹੀ ਹੈ, ਉਸ ਦਾ ਮੁੱਖ ਕੰਮ ਹੈ ਨਾਮ ਜਪਣਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ਾਂ ਨੂੰ ਆਪਣੇ ਅੰਦਰੋਂ ਅਮਲੀ ਰੂਪ ਵਿੱਚ ਪ੍ਰਗਟ ਕਰਨਾ । ਫਿਰ ਉਹ ਸਿਪਾਹੀ ਹੈ, ਉਸ ਨੇ ਅਨਿਆਂ ਦੇ ਖ਼ਿਲਾਫ਼ ਜੂਝਣਾ ਹੈ ਤੇ ਲੋੜ ਅਨੁਸਾਰ ਸੱਚ ਦੀ ਰਾਖੀ ਲਈ ਆਪਣੀ ਕੁਰਬਾਨੀ ਲਈ ਤਿਆਰ ਰਹਿਣਾ ਹੈ, ਪਰ ਨਫ਼ਰਤ ਕਦੇ ਨਹੀਂ ਫੈਲਾਣੀ ।

ਇਹ ਲੇਖ ਖ਼ਤਮ ਕਰਨ ਤੋਂ ਪਹਿਲਾਂ ਮੈਂ ਸਾਰੇ ਸਿੱਖ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਸੁਚੇਤ ਹੋਣ ਤੇ ਕੌਮ ਨੂੰ ਦਲਿਤ ਤੇ ਗ਼ੈਰ-ਦਲਿਤ ਦੀਆਂ ਵੰਡੀਆਂ 'ਚ ਨਾ ਪਾਉਣ । ਵੰਡੀਆਂ ਪਾ ਕੇ ਅਸੀਂ ਨਾ ਕੇਵਲ ਮਹਾਨ ਗੁਰੂ ਤੋਂ ਪ੍ਰਾਪਤ ਤਾਕਤ ਨੂੰ ਵਿਅਰਥ ਗੁਆ ਲਵਾਂਗੇ, ਪਰ ਨਾਲ ਹੀ ਨਫ਼ਰਤ ਦੇ ਵਪਾਰੀਆਂ ਦੇ ਹੱਥਾਂ ਵਿੱਚ ਖਿਡੌਣੇ ਬਣ ਜਾਵਾਂਗੇ । ਮੈਨੂੰ ਯਕੀਨ ਹੈ ਕਿ ਇਹ ਨਫ਼ਰਤ ਦੇ ਵਪਾਰੀ, ਯਾ ਗੁਰਬਾਣੀ ਦੀ ਮਹਾਨ ਸਿੱਖਿਆ ਤੋਂ ਨਾਵਾਕਿਫ਼ ਹਨ, ਯਾ ਫਿਰ ਜਾਣ-ਬੁਝ ਕੇ ਇਨ੍ਹਾਂ ਦੀ ਉਲੰਘਣਾ ਕਰ ਰਹੇ ਹਨ। ਸੁਆਦ ਤਾਂ ਉਦੋਂ ਆਏਗਾ ਜੇ ਅਸੀਂ ਗੁਰੂ ਦੇ ਹੁਕਮ ਮੰਨਾਂਗੇ । ਸਾਰੇ ਸਿੱਖ, ਬਗੈਰ ਕਿਸੇ ਵਿਤਕਰੇ ਦੇ—ਗੁਰਬਾਣੀ ਤੇ ਆਪਣਾ ਜੀਵਨ ਢਾਲਣ; ਜੋ ਸੁਆਰਥ ਵਡਿਆਈ ਤੇ ਕੁਰਸੀ ਪਿੱਛੇ ਆਪਣਾ ਜੀਵਨ ਬਰਬਾਦ ਕਰ ਰਹੇ ਹਨ, ਮੁੜ ਗੁਰਮਤਿ ਦੇ ਧਾਰਨੀ ਬਣਨ, ਸਿੱਖਾਂ ਵਿੱਚੋਂ ਜਾਤੀਵਾਦ ਦੇ ਕੋਹੜ ਨੂੰ ਖ਼ਤਮ ਕਰਨ ਤੇ ਸਾਰੀ ਮਨੁੱਖਤਾ ਦੇ ਸੇਵਕ ਬਣ ਜਾਣ । ਜੋ ਦਲਿਤ ਇਹ ਸੋਚਦੇ ਹਨ ਕਿ ਉਨ੍ਹਾਂ ਨਾਲ ਧੱਕਾ ਹੋਇਆ ਹੈ, ਉਹ ਪਹਿਲਾਂ, ਗੁਰਬਾਣੀ ਨੂੰ ਜੀਵਨ-ਆਧਾਰ ਬਣਾ ਕੇ ਅੱਵਲ ਦਰਜੇ ਦੇ ਸਿੱਖ ਬਣਨ ਤੇ ਫਿਰ ਇਸ ਅਨਿਆਂ ਵਿਰੁੱਧ ਗੁਰਬਾਣੀ ਦੀ ਰੋਸ਼ਨੀ ਅੰਦਰ ਰਹਿ ਕੇ ਜਦੋ-ਜਹਿਦ ਕਰਨ। ਇਹ ਜਾਤ-ਪਾਤ ਯਾ ਦਲਿਤ ਮਸਲਾ ਨਹੀਂ ਖ਼ਾਲਸੇ ਦੇ ਉੱਚ ਆਦਰਸ਼ਾਂ ਤੋਂ ਟੁੱਟਣ ਦਾ ਮਸਲਾ ਹੈ । ਜਦੋਂ ਹਰ ਸਿੱਖ ਇਨ੍ਹਾਂ ਅਸੂਲਾਂ ਨੂੰ ਅਪਨਾ ਕੇ, ਇਨ੍ਹਾਂ 'ਤੇ ਅਮਲ ਕਰੇਗਾ ਤਾਂ ਅਸੀਂ ਹਰ ਤਰ੍ਹਾਂ ਦੀ ਬੇਇਨਸਾਫ਼ੀ ਦੇ ਖ਼ਿਲਾਫ਼ ਪਹਾੜ ਦੀ ਤਰ੍ਹਾਂ ਡੱਟ ਸਕਾਂਗੇ; ਪਰ ਪਹਿਲੀ ਸ਼ਰਤ ਹੈ ਅਸੀਂ ਸਚਿਆਰ ਸਿੱਖ ਬਣੀਏ—ਦਲਿਤ ਵੀ ਤੇ ਦੂਜੇ ਵੀ । ਗੁਰੂ ਨਾਨਕ ਦੇਵ ਜੀ ਸਾਡਾ ਹਾਲ ਦੱਸਦੇ ਹਨ :

**ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥**

**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥** (ਅੰਗ ੮੫)

ਇਹ ਯਾਦ ਰੱਖੀਏ :

ਅਸੀਂ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਦੇ ਵਾਰਿਸ ਹਾਂ, ਸੁ ਕੇਵਲ ਬਹਿਸਾਂ ਕਰਨ ਵਾਲੇ ਨਾ ਬਣੀਏ ਕਿਉਂਕਿ ਗੁਰੂ



ਨਾਨਕ ਦੇਵ ਜੀ ਨੇ ਇਹ ਦ੍ਰਿੜ੍ਹ ਕਰਾਇਆ ਸੀ ਕਿ ਬਹਿਸਾਂ ਨਹੀਂ ਸਾਰੇ ਹੀਲੇ-ਹਵਾਲੇ ਫੇਲ੍ਹ ਹੋ ਜਾਣ ਤਾਂ ਤਲਵਾਰ ਚੁੱਕਣਾ ਜਾਇਜ਼ ਹੈ । ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੌਣ ਸਾਡਾ ਮਿਤ੍ਰ ਤੇ ਕੌਣ ਦੁਸ਼ਮਣ ਹੈ। ਮੈਨੂੰ ਇਹ ਸਪੱਸ਼ਟ ਹੈ ਕਿ ਸਾਡੀ ਗਿਰਾਵਟ ਦੇ ਮੁੱਖ ਜ਼ਿੰਮੇਵਾਰ ਅਸੀਂ ਆਪ ਹਾਂ, ਸਾਨੂੰ ਇਹ ਭੁਲੇਖਾ ਹੈ ਕਿ ਬ੍ਰਾਹਮਣਵਾਦ ਸਾਡੇ ਮਸਲਿਆਂ ਦਾ ਮੂਲ ਕਾਰਣ ਹੈ । ਸਾਨੂੰ ਆਪਣੇ ਸਿਧਾਂਤ ਨਹੀਂ ਛੱਡਣੇ ਚਾਹੀਦੇ ਤੇ ਗਾਂ ਦਾ ਮਾਸ ਖਾਣਾ, ਗਾਂ ਦੀ ਪੂਜਾ ਤੇ ਹੋਰ ਗ਼ੈਰ ਜ਼ਰੂਰੀ ਗੱਲਾਂ 'ਚ ਨਹੀਂ ਫਸਣਾ ਚਾਹੀਦਾ ।

ਸਿੱਖੀ ਦਾ ਮੂਲ ਅਸੂਲ ਜੋ ਤਪੋਵਨ ਵਿੱਚ ਸਾਫ਼ ਦਿੱਸਦਾ ਹੈ, ਇਹ ਹੈ ਕਿ :

—ਸਿੱਖੀ ਵਿੱਚ ਕੋਈ ਉਚ-ਨੀਚ ਨਹੀਂ, ਨਾ ਹੀ ਕੋਈ ਜਾਤ-ਪਾਤ ਹੈ । ਖ਼ਾਲਸੇ ਅੰਦਰ ਫੈਲੀ ਜਾਤ-ਪਾਤ ਦਾ ਵਿਰੋਧ ਤੇ ਇਸ ਦਾ ਖ਼ਾਤਮਾ ਕਰਨਾ ਚਾਹੀਦਾ ਹੈ ਜੋ ਸਾਡੇ ਅੰਦਰ ਵੰਡੀਆਂ ਪਾਂਦੇ ਹਨ, ਉਨ੍ਹਾਂ ਅੱਗੇ ਵਿਕਣੋਂ ਇਨਕਾਰੀ ਹੋਣਾ ਚਾਹੀਦਾ ਹੈ ।

—ਪਿਆਰ, ਨਿਸ਼ਕਾਮ ਪਿਆਰ, ਸਾਰੇ ਬੰਧਨ ਤੋੜ ਦੇਂਦਾ ਹੈ, ਅਖੌਤੀ ਉੱਚੇ ਸਿੱਖ ਯਾ ਦੂਜੇ, ਜੋ ਸਾਡੇ ਅੰਦਰ ਜਾਤ-ਪਾਤ ਦੀਆਂ ਵੰਡੀਆਂ ਪਾਂਦੇ, ਜਾਤ-ਆਧਾਰ ਤੇ ਗੁਰਦੁਆਰੇ ਬਣਾਂਦੇ ਹਨ, ਉਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ ।

—ਗੁਰੂਆਂ ਦੇ ਅਸੂਲਾਂ 'ਤੇ ਸਾਨੂੰ ਜ਼ਿੰਦਗੀ ਢਾਲਣੀ ਚਾਹੀਦੀ ਹੈ ਤੇ ਅਮਲ ਵਿੱਚ ਇਹ ਪ੍ਰਗਟ ਕਰਨਾ ਚਾਹੀਦਾ ਹੈ ਕਿ ਸਿੱਖੀ ਵਿੱਚ ਪੂਰਨ ਸਮਾਨਤਾ ਹੈ ।

ਜੇ ਇਹ ਨਾ ਹੋਇਆ ਤਾਂ ਰੌਲਾ ਪੈਣਾ ਤੇ ਵੰਡੀਆਂ ਲਾਜ਼ਮੀ ਹਨ, ਮਤਲਬੀ ਲੋਗ ਇਹ ਪੂਰਾ ਜ਼ੋਰ ਲਾਣਗੇ ਕਿ ਇਹ ਅੱਗ ਬਲਦੀ ਰਹੇ । ਸਾਨੂੰ ਸੁਚੇਤ ਹੋਣਾ ਚਾਹੀਦਾ ਹੈ ਤੇ ਇਹ ਕਰਕੇ ਦਿਖਾਣਾ ਚਾਹੀਦਾ ਹੈ ਕਿ ਖ਼ਾਲਸਾ ਤੇ ਸਿੱਖੀ ਦੇ ਅਸੂਲ ਅਮਲ ਵਿੱਚ ਲਿਆਏ ਜਾ ਰਹੇ ਹਨ, ਕੇਵਲ ਇਨ੍ਹਾਂ ਦਾ ਵਿਖਾਵਾ ਨਹੀਂ ਕੀਤਾ ਜਾ ਰਿਹਾ ।

(ਰੂਪਾਂਤਰਕਾਰ : ਰਮੇਸ਼ ਸਿੰਘ, ਜਮਸ਼ੇਦਪੁਰ)

# ਖ਼ਾਲਿਸ ਬਣੀਏਂ ਤਾਂ....?

ਗੁਰੂ ਨੇ ਮੇਰੀ ਡਿਊਟੀ ਲਾਈ ਹੋਈ ਹੈ ਤੇ ਮੈਂ ਅੰਮ੍ਰਿਤਧਾਰੀ ਸਿੱਖ ਹੁੰਦਿਆਂ ਹੋਇਆਂ ਵੀ ੧੨੦੦ ਦੇ ਕਰੀਬ ਕੁਸ਼ਟ ਰੋਗੀਆਂ, ਕੋਹੜ ਦੇ ਮਾਰੇ ਹੋਏ "ਨੀਚ ਜਾਤ" ਦੇ ਅਖੌਤੀ ਕਲੰਕ ਦੇ ਸ਼ਿਕਾਰ ਤੋਂ ਇਲਾਵਾ "ਕੋਹੜੀਏ" ਕਹਿਲਾਉਣ ਵਾਲੇ ਲੋਕਾਂ ਨਾਲ ਇਸ ਤਰ੍ਹਾਂ ਰਹਿੰਦਾ ਹਾਂ ਜਿਵੇਂ ਉਹ ਮੇਰੇ ਪਰਿਵਾਰ 'ਚੋਂ ਮਾਤਾ-ਪਿਤਾ, ਭੈਣ-ਭਰਾ, ਬੇਟੇ-ਬੇਟੀਆਂ ਹੋਣ ! ਉਹਨਾਂ ਵਿੱਚ ਕੁਝ ਮੁਸਲਮਾਨ ਤੇ ਕੁਝ ਬ੍ਰਾਹਮਣ ਹੋਣਗੇ । ਬਾਕੀ ਸਾਰੇ ਆਮ ਕਰਕੇ ਮਹਾਰਾਸ਼ਟਰ ਦੇ ਹਿੰਦੂ । ਪੰਜਾਬੀ ਇਕ ਵੀ ਨਹੀਂ ਤੇ ਨਾ ਹੀ ਕੋਈ ਸਿੱਖ; ਪਰ ਮੇਰੇ ਕੋਲ ਗੁਰੂ ਨਾਨਕ ਦੀ ਇਹ ਸਿੱਖਿਆ ਹੈ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**

(ਅੰਗ ੧੫)

ਫਿਰ ਮੇਰੇ ਕੋਲ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਅੰਮ੍ਰਿਤ ਹੈ ਤੇ ਪੰਜ ਕੱਕਾਰ ਹਨ ਜੋ ਮੈਨੂੰ ਯਾਦ ਕਰਾਂਦੇ ਹਨ ਕਿ ਸਾਰੀ ਮਾਨਵਤਾ ਮੇਰੀ ਹੈ, ਮੇਰੀ ਕੋਈ ਜਾਤ-ਪਾਤ ਨਹੀਂ, ਮੇਰਾ ਕੋਈ ਦੁਸ਼ਮਣ ਨਹੀਂ, ਮੈਂ ਕਿਸੇ ਦਾ ਵੈਰੀ ਨਹੀਂ, ਮੈਂ ਸਭ ਦਾ ਸੇਵਕ ਹਾਂ । ਕੇਵਲ ਜ਼ੁਲਮ ਵਿਰੁੱਧ ਜੇ ਸਭ ਹੀਲੇ ਮੁੱਕ ਜਾਣ ਤਾਂ ਮੈਂ ਸੰਘਰਸ਼ ਕਰਨਾ ਹੈ ਪਰ ਆਪਣੀਆਂ ਊਣਤਾਈਆਂ ਵੱਲ ਧਿਆਨ ਰੱਖ ਕੇ; ਆਪਣੇ ਆਚਰਣ ਵਿੱਚੋਂ ਖ਼ਾਲਸਾ ਪ੍ਰਗਟ ਕਰਨਾ ਹੈ, ਤਾਂ ਜੋ ਮੈਂ ਹਮੇਸ਼ਾਂ ਹੀ ਖਾਲਿਸਤਾਨ ਵਿੱਚ ਰਹਾਂ ਤੇ ਸਾਰੀ ਦੁਨੀਆਂ 'ਤੇ ਰਾਜ ਕਰਾਂ, ਜਿਵੇਂ ਗੁਰਦੇਵ ਨੇ ਕਹਿਆ ਸੀ–

**—ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥**

(ਅੰਗ ੩੩੬)

**—ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥**

(ਅੰਗ ੭੦੭)

**—ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥**

(ਅੰਗ ੫੩੪)

ਫ਼ਰਵਰੀ ੧੯੯੭ ਦੇ "ਸਿੱਖ ਵਿਰਸਾ-ਕਾਲਗਰੀ (Canada) ਦੇ ਪਰਚੇ ਵਿੱਚ ਡਾ: ਅਮਰਜੀਤ ਸਿੰਘ ਜੀ ਦਾ ਲੇਖ '**ਖ਼ਾਲਸਈ ਸਮਾਜ ਅੰਦਰ ਵਿਆਪਕ ਜਾਤ-ਪਾਤ ਦਾ ਕੋਹੜ**' ਪੜ੍ਹਿਆ ਤਾਂ ਉਸ ਲੇਖ ਵਿੱਚੋਂ ਹੀ



ਹੇਠਲੀਆਂ ਗੱਲਾਂ ਸਪੱਸ਼ਟ ਨਿਕਲੀਆਂ :

੧. ਆਸਾ ਦੀ ਵਾਰ ਵਿੱਚ ਬ੍ਰਾਹਮਣ ਦਾ ਬੁਰਾ ਹਾਲ । ਹੁਣ ਸਾਡਾ ਆਪਣਾ ਬੁਰਾ ਹਾਲ ਹੈ ਅਤੇ ਜੋ ਉਸ ਵੇਲੇ ਦੇ ਜਾਤ-ਅਭਿਆਨੀ ਬ੍ਰਾਹਮਣਾਂ ਨੇ ਨਾਮਦੇਵ, ਕਬੀਰ, ਰਵਿਦਾਸ ਨਾਲ ਕੀਤਾ ਉਹ ਅਸੀਂ ਖ਼ਾਲਸਾ ਭਰਾਵਾਂ ਨਾਲ ਹੁਣ ਆਪ ਕਰ ਰਹੇ ਹਾਂ ।

ਪਰ ਸਾਡੇ ਲੀਡਰਾਂ ਨੂੰ ਵਿਹਲ ਕਿੱਥੇ ਹੈ ਸ਼ਰਾਬਾਂ ਤੋਂ, ਪੈਸੇ ਦੀ ਧੁਨ ਤੋਂ ਤੇ ਆਪਣੀਆਂ ਵਡਿਆਈਆਂ ਤੋਂ?

੨. ਸ: ਸਾਹਿਬ ਨੇ ਜਿਸ "ਕੋਹੜ" (ਜਾਤ-ਪਾਤ ਦਾ) ਵੱਲ ਇਸ਼ਾਰਾ ਕੀਤਾ, ਉਹ ਸਾਡੀ ਕੌਮ ਦੀ ਧਾਰਮਿਕ ਸਮਾਜਿਕ ਸੋਚ 'ਤੇ ਹਾਵੀ ਹੈ । ਇਸ ਦੀ ਸੜਾਂਦ ਨੂੰ ਹਰ ਥਾਂ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਦੀ ਵਜ੍ਹਾ ਹੈ ਕਿ ਅਸੀਂ ਗੁਰਬਾਣੀ ਤੋਂ ਦੂਰ ਅਮਲੀ ਜੀਵਨ ਨੂੰ ਤਿਲਾਂਜਲੀ ਦੇ ਕੇ Cosmetic External Sikh Khalsa ਬਣ ਗਏ ਹਾਂ । ਇਹ ਲਾਹਨਤ ਖਾਲਿਸਤਾਨ ਬਣਨ 'ਤੇ ਨਹੀਂ ਹਟੇਗੀ ਬਲਕਿ ਖ਼ਾਲਸਾ ਬਣਨ ਨਾਲ ਮਿਟ ਜਾਏਗੀ ਤੇ ਉਦੋਂ ਜਦ ਗੁਰੂ ਦੇ ਹੁਕਮਾਂ ਤੇ ਚੱਲਣ ਦਾ ਸਾਨੂੰ ਸ਼ੌਂਕ ਪੈਦਾ ਹੋਵੇਗਾ ।

੩. ਅੱਜ ਖ਼ਾਲਸਾ ਪੰਥ ਵਿਚਾਰ ਕਰੇ ਕਿ ਗੁਰੂ ਨਾਨਕ ਨੂੰ ਪਿਆਰੇ ਕਿਰਤੀ, ਦਲਿਤ, ਨਿਮਾਣੇ, ਨਿਤਾਣੇ ਵਰਗਾਂ ਦੇ ਲੋਕ, ਵੱਡੀ ਗਿਣਤੀ ਵਿੱਚ ਸਾਡੇ ਧਰਮ ਦਾ ਹਿੱਸਾ ਕਿਉਂ ਨਹੀਂ ਬਣ ਸਕੇ ?

ਕਿਉਂਕਿ ਅਸੀਂ ਆਪਣੇ ਚਰਿੱਤਰ ਨੂੰ ਭੁੱਲ ਕੇ ਮਗਰ ਲੱਗ ਗਏ ਹਾਂ, ਪੂਜਾ ਧਨ, ਬੇਈਮਾਨੀ ਤੇ ਅੰਦਰੋਂ ਹੋਰ ਬਾਹਰੋਂ ਹੋਰ ਵਾਲੇ ਜੀਵਨ ਦੇ ! ਸਾਡੇ ਬਹੁਤੇ ਲੀਡਰ, ਪ੍ਰਚਾਰਕ, ਗ੍ਰੰਥੀ, ਜਥੇਦਾਰ ਪੈਸੇ ਦੀ ਛਣਕਾਰ ਹੇਠਾਂ ਆਪਣਾ ਰਾਹ ਭੁੱਲ ਗਏ ਹਨ ਤੇ ਸਿੱਖੀ ਇਕ ਨਕਲ, ਸਾਂਗ (farce) ਬਣਾ ਦਿੱਤੀ ਗਈ ਹੈ ।

ਸਾਡੀ ਸਿੱਖੀ ਨੂੰ ਸਾਡੇ ਆਪਣੇ ਕੋਲੋਂ ਖ਼ਤਰਾ ਹੈ, ਦੂਜਿਆਂ ਕੋਲੋਂ ਨਹੀਂ । ਖ਼ਾਲਸਾ ਕਦਰਾਂ-ਕੀਮਤਾਂ ਨੂੰ ਅਪਣਾਉਣ ਦੀ ਲੋੜ ਹੈ ।

੪. ਅਸੀਂ ਗੁਰੂ ਨਾਨਕ ਦੇ ਭਾਈ ਮਰਦਾਨਾ, ਭਾਈ ਲਾਲੋ 'ਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਰੰਘਰੇਟੇ ਨਾਲ ਦੋਸਤੀ ਭੁੱਲ ਕੇ, ਆਪੋਂ ਵੀ ਮਲਕ ਭਾਗੋ ਬਣ ਗਏ ਹਾਂ ਤੇ ਹੋਰਨਾਂ ਮਲਕ ਭਾਗੋ ਵਰਗਿਆਂ ਨਾਲ ਮਿਲ ਕੇ ਭਾਈ ਲਾਲੋ ਵਰਗਿਆਂ ਨੂੰ ਕੇਵਲ ਕੁਚਲ ਹੀ ਨਹੀਂ ਰਹੇ ਸਗੋਂ ਉਨ੍ਹਾਂ ਨੂੰ ਇਨਸਾਨ ਹੀ ਨਹੀਂ ਸਮਝਦੇ । ਸਾਡੇ ਸੰਤ, ਪ੍ਰਚਾਰਕ, ਗਿਆਨੀ, ਕਥਾਕਾਰ ਸਾਰੇ ਹੀ (ਇਕੱਲੇ ਦੁਕੱਲੇ ਨੂੰ ਛੱਡ ਕੇ) ਮਲਕ ਭਾਗੋ ਦੇ ਪੂੜੇ-ਖੀਰਾਂ ਅਥਵਾ

ਗੁਰਦੁਆਰਿਆਂ ਦੇ ਪੂਜਾ-ਧਨ ਨਾਲ ਭ੍ਰਿਸ਼ਟ ਹੋ ਰਹੇ ਹਨ ਤੇ ਸਾਨੂੰ ਵੀ ਭ੍ਰਿਸ਼ਟ ਕਰ ਰਹੇ ਹਨ ।

ਗੁਰਦੁਆਰਿਆਂ ਦੇ ਪ੍ਰਧਾਨ, ਸਕੱਤਰ ਇਸ ਲਈ ਖ਼ੁਸ਼ ਹਨ ਕਿ ਧਾਰਮਿਕ ਬਣਨ ਦੀ ਥਾਂ ਉਹਨਾਂ ਨੂੰ ਵਡਿਆਈ ਮਿਲਦੀ ਹੈ, ਵੱਡੇ ਕੀਰਤਨ ਦਰਬਾਰ ਕਰਨ ਦੀ ਤੇ ਲੋਕਾਂ ਨੂੰ ਆਪਣੀ ਬਲੈਕ ਕਮਾਈ ਦੇ ਹੇਠਾਂ ਧਾਰਮਿਕਤਾ ਜਤਾਣ ਦੀ ਪੈਸੇ ਦੇ ਕੇ ।

੫. ਦੁਨੀਆਂ ਮੰਨਦੀ ਜ਼ੋਰਾਂ ਨੂੰ, ਕੋਈ ਪੁੱਛੇ ਨਾ ਕਮਜ਼ੋਰਾਂ ਨੂੰ । ਸਾਨੂੰ ਲੋੜ ਹੈ ਸੋਚਣ ਦੀ ਕਿ ਅਸੀਂ ਆਪਣਾ ਜ਼ੋਰ ਕਿਵੇਂ ਗਵਾ ਬੈਠੇ ਹਾਂ? ਅਸੀਂ ਕਮਜ਼ੋਰ ਕਿਉਂ ਹੋ ਗਏ ਹਾਂ? ਸਾਡਾ ਆਤਮਿਕ ਬਲ ਕਿੱਥੇ ਗਿਆ? ਕਿਵੇਂ ਇੰਦਰਾ ਗਾਂਧੀ ਨੂੰ ਜੁਅਰਤ ਹੋਈ ਕਿ ਹਰਿਮੰਦਰ ਸਾਹਿਬ ਤੇ ਹੋਰ ਗੁਰਦੁਆਰਿਆਂ 'ਤੇ ਹਮਲਾ ਕਰੇ ਤੇ ਕਿਵੇਂ ਜ਼ੈਲ ਸਿੰਘ ਨੇ ਪ੍ਰਧਾਨਗੀ ਦੀ ਕੁਰਸੀ ਛੱਡਣ ਦੀ ਥਾਂ ਹਮਲਾਵਰਾਂ ਨੂੰ ਸਤਿਕਾਰ ਦਿੱਤਾ ?

-ਕਿਉਂਕਿ ਅਸੀਂ ਸਿੱਖ ਰਹੇ ਹੀ ਨਹੀਂ । ਅਸੀਂ ਆਪਣਾ ਰਾਹ ਭੁੱਲ ਗਏ ਹਾਂ । ਆਤਮਿਕ ਬਲ ਦੇ ਜ਼ੋਰ, ਅਣਖ ਦਾ ਜੀਵਨ ਨਿਕਲਣਾ ਸੀ ਸਾਡੀ ਜ਼ਿੰਦਗੀ 'ਚੋਂ, ਜਿਸ ਦਾ ਆਧਾਰ ਹੋਣਾ ਸੀ ਗੁਰੂ ਦੀ ਸਿੱਖਿਆ । ਉਹ ਛੱਡ ਕੇ ਅਸੀਂ ਪੈਸੇ ਦੇ ਭੁੱਖੇ ਹੋ ਗਏ ਹਾਂ ਤੇ ਵਡਿਆਈ ਦੀ ਮਾਰ ਹੇਠਾਂ ਕੁਨਬਾ-ਪਰਵਰੀ ਵਿੱਚ ਫਸ ਗਏ ਹਾਂ। ਧਾਰਮਿਕ, ਸਮਾਜਿਕ, ਰਾਜਸੀ ਆਗੂਆਂ ਜੋ ਕੁਝ ਕੀਤਾ ਹੈ, ਸਾਡੀ ਸ਼ਰਮਨਾਕ ਹਾਲਤ ਦਾ ਨਮੂਨਾ ਹੈ । ਇਸ ਹਾਲਤ ਨੂੰ ਬਦਲਣ ਲਈ ਖ਼ਾਲਸੇ ਵਾਲਾ ਜੀਵਨ ਲੋੜੀਂਦਾ ਹੈ, ਨਹੀਂ ਤਾਂ ਜਿਵੇਂ ਡਾ: ਅਮਰਜੀਤ ਸਿੰਘ ਨੇ ਕਿਹਾ ਹੈ :

"ਲੋਕਾਂ ਨੂੰ ਸੱਚੋ ਸੱਚ ਦੱਸ ਦੇਣਾ ਚਾਹੀਦਾ ਹੈ ਕਿ ਅਸੀਂ ਗੁਰੂ ਕਲਗ਼ੀਧਰ ਦੇ ਅੰਮ੍ਰਿਤ ਦੇ ਸਿਧਾਂਤ ਵਿੱਚ, ਜਿਸ ਰਾਹੀਂ ਖ਼ਾਲਸਾ ਪੰਥ ਦਾ ਅਤੁੱਟ ਹਿੱਸਾ ਬਣ ਜਾਈਦਾ ਹੈ, ਯਕੀਨ ਨਹੀਂ ਰੱਖਦੇ, ਪਰ ਮਨੂੰਵਾਦੀ ਵਰਣ ਵਿਚਾਰਧਾਰਾ ਵਿੱਚ ਯਕੀਨ ਰੱਖਦੇ ਹਾਂ ਤੇ ਇਸੇ ਵਿਚਾਰਧਾਰਾ ਨੂੰ ਖਾਲਿਸਤਾਨ ਵਿੱਚ ਲਾਗੂ ਕਰਾਂਗੇ ।"

੬. ਕੀ ਅਸੀਂ ਇਤਨੇ ਕਮਜ਼ੋਰ ਹੋ ਗਏ ਹਾਂ ਕਿ ਸਾਨੂੰ ਆਪਣੇ ਗੁਰੂ ਸਾਹਿਬਾਨ ਦੀ manifested ਤੋਂ personified ਸੱਚਾਈ ਵੀ ਨਹੀਂ ਦਿੱਸਦੀ ? ਗੁਰੂ ਅਰਜਨ ਦੇਵ ਜੀ ਨੇ ਹਮੇਸ਼ਾਂ ਲਈ ਜ਼ਾਤ-ਪਾਤ ਨੂੰ ਕੱਟ ਕੇ ਇਕ ਪਾਸੇ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਸੰਤ ਹਜ਼ਰਤ ਮੀਆਂ ਮੀਰ ਕੋਲੋਂ ਰਖਵਾਈ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੂ ਮੁਸਲਮਾਨ ਤੇ ਅਖੌਤੀ ਨੀਚ ਜਾਤ ਦੇ ਸੰਤਾਂ ਨੂੰ ਵੀ ਥਾਂ ਦਿੱਤੀ ਤਾਂ ਜੋ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ



ਟੇਕਦਿਆਂ ਰਵਿਦਾਸ ਮੋਚੀ, ਨਾਮਦੇਵ ਛੀਂਬੇ ਤੇ ਕਬੀਰ ਜੁਲਾਹੇ ਦੀ ਬਾਣੀ ਤੇ ਵਿਚਾਰਧਾਰਾ ਨੂੰ ਵੀ ਮੱਥਾ ਟੇਕੇ ਤੇ ਉਹਨਾਂ ਦੇ ਹੁਕਮ ਵੀ ਗੁਰਬਾਣੀ ਗੁਰੂ ਦੇ ਹੁਕਮ ਕਰ ਕੇ ਮੰਨੇ । ਅਸੀਂ ਇਸ ਕਰਕੇ ਨਹੀਂ ਪਏ ਰੁਲਦੇ ਕਿ ਖਾਲਿਸਤਾਨ ਨਹੀਂ ਬਣਿਆ ਬਲਕਿ ਇਸ ਕਰਕੇ ਕਿ ਅਸੀਂ ਆਪਣੇ ਗੁਰੂ ਦੀ ਸਿੱਖਿਆ ਨੂੰ ਭੁੱਲ ਕੇ ਮਨਮਤਿ ਵਿੱਚ ਉਲਝ ਕੇ ਆਪਣੀਆਂ ਸਿਆਸੀ ਚਤੁਰਾਈਆਂ ਤੇ ਵਿਕਾਰਾਂ ਵਿੱਚ ਪੈ ਗਏ ਹਾਂ।

੭. ਕੀ ਖਾਲਿਸਤਾਨ ਬਣ ਜਾਏ ਤਾਂ ਅਸੀਂ ਵਿਆਹ ਸ਼ਾਦੀਆਂ ਲਈ ਆਪਣੀਆਂ ਭੈਣਾਂ-ਧੀਆਂ ਲਈ ਜਾਂ ਪੁੱਤਰਾਂ ਲਈ ਆਪਣੀ ਜ਼ਾਤ ਦੇ ਮੁਤਾਬਿਕ ਰਿਸ਼ਤੇ ਨਹੀਂ ਢੂੰਡਾਂਗੇ ? ਕੀ ਅਸੀਂ "ਸਿੱਖ" ਤੇ "ਖ਼ਾਲਸਾ" ਨੂੰ ਹੀ ਸਭ ਕੁਝ ਸਮਝਾਂਗੇ ? ਜੇ ਹੁਣ, ਜਦ ਸਾਨੂੰ ਕੋਈ ਮਜ਼ਬੂਰ ਨਹੀਂ ਕਰਦਾ ਕਿ ਅਸੀਂ ਅੰਮ੍ਰਿਤ ਵੇਲਾ ਨਾ ਕਰੀਏ, ਦਸਵੰਧ ਨਾ ਕੱਢੀਏ ਜਾਂ ਗ਼ਰੀਬਾਂ ਦੁਖੀਆਂ, ਦਲਿਤਾਂ ਜਾਂ ਆਪਣੇ ਪੱਛੜੇ ਸਿੱਖ ਭਰਾਵਾਂ-ਭੈਣਾਂ ਦੀ ਸੇਵਾ ਨਾ ਕਰੀਏ, ਸਾਡੇ ਗੁਰੂ ਦਾ ਹੁਕਮ ਕਹਿੰਦਾ ਹੈ ਕਿ ਇਹ ਸਭ ਕੁਝ ਕਰੀਏ ਪਰ ਅਸੀਂ ਨਹੀਂ ਕਰਦੇ ਤਾਂ ਕੀ ਅਸੀਂ ਬ੍ਰਾਹਮਣਵਾਦ (ਜਿਸ ਤੋਂ ਗੁਰੂ ਨੇ ਛੁਡਵਾਇਆ ਸੀ) ਨਾਲੋਂ ਜ਼ਿਆਦਾ ਬਦਤਰ ਨਹੀਂ ਹੋ ਗਏ ? ਜੇ ਖ਼ਾਲਸਾ ਬਣ ਜਾਈਏ ਜੀਵਨ ਵਿੱਚ ਤਾਂ ਸਾਡੇ ਅੰਦਰ ਖਾਲਿਸਤਾਨ ਬਣੇਗਾ ਤੇ ਸਭ ਦੇ ਦਿਲਾਂ 'ਤੇ ਰਾਜ ਕਰਨ ਜੋਗੇ ਹੋ ਜਾਵਾਂਗੇ ।

੮. ਅਕਾਲੀ ਦਲਾਂ ਦੀਆਂ ਵੰਡੀਆਂ, ਸਿੱਖ ਸਟੂਡੈਂਟਸ ਫੈਡਰੇਸ਼ਨਾਂ ਦੀਆਂ ਵੰਡੀਆਂ, ਗੁਰਦੁਆਰਿਆਂ ਦੀਆਂ ਵੰਡੀਆਂ, ਜ਼ਾਤ-ਪਾਤ ਦੇ ਆਧਾਰ 'ਤੇ ਗੁਰਦੁਆਰੇ ਦੇਸ਼ ਵਿੱਚ ਤੇ ਦਿਨ-ਰਾਤ ਅਖ਼ਬਾਰਾਂ ਵਿੱਚ ਸਿੱਖ ਲੀਡਰਾਂ ਦਾ ਇਕ ਦੂਜੇ ਨੂੰ ਭੰਡਣਾ, ਕੀ ਇਹ ਸਭ ਕੁਝ ਸਿੱਖੀ ਹੈ ਤੇ ਕੀ ਇਹ ਖਾਲਿਸਤਾਨ ਵਿੱਚ ਨਹੀਂ ਹੋਵੇਗਾ ?

੯. ਸਾਡਾ ਪਤਨ ਇਸ ਲਈ ਨਹੀਂ ਹੋਇਆ ਕਿ ਸਾਡੇ ਕੋਲ ਖਾਲਿਸਤਾਨ ਨਹੀਂ ਹੈ ਬਲਕਿ ਇਸ ਲਈ ਕਿ ਸਾਡੇ ਕੋਲ ਖ਼ਾਲਸੇ ਦੀ ਘਾਟ ਹੈ । ਜੇ ਅਸੀਂ ਖ਼ਾਲਸਾ ਹੋਈਏ ਤਾਂ ਘੱਟ ਤੋਂ ਘੱਟ—

(ੳ) ਆਪਣੇ ਘਰਾਂ ਵਿੱਚ ਕੁੜੀਆਂ ਤੇ ਜ਼ਨਾਨੀਆਂ ਦੀ ਇੱਜ਼ਤ ਕਰੀਏ ਕਿਉਂਕਿ ਗੁਰੂ ਨਾਨਕ ਨੇ ਹੁਕਮ ਕੀਤਾ ਸੀ, ਉਸ ਨੂੰ ਮੰਦਾ ਕਿਉਂ ਕਹਿੰਦੇ ਹੋ ਜਿਹੜੀ ਰਾਜੇ ਜੰਮਦੀ ਹੈ । ਅਸੀਂ ਤਾਂ ਵੇਖਦੇ ਹਾਂ ਕਿ ਗਰਭ ਵਿੱਚ ਜੇਕਰ ਲੜਕੀ ਪਲ ਰਹੀ ਹੈ ਤਾਂ ਜਨਮ ਤੋਂ ਪਹਿਲਾਂ ਮਰਵਾ ਦਈਏ !

(ਅ) ਨੂੰਹਾਂ ਸਾੜਦੇ ਹਾਂ ਹੋਰ ਦਾਜ ਲਈ ! ਕਥਾਕਾਰ, ਰਾਗੀ ਜਥੇ ਵਿਦੇਸ਼ਾਂ ਵਿੱਚ ਤੇ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਪਰਚਾਰ ਕਰਦੇ ਹਨ ਜਾਂ ਪੈਸੇ

ਦੀ ਛਣਕਾਰ ਦੇ ਪਿੱਛੇ ਦੌੜਦੇ ਹਨ ?

(ੲ) ਪੈਸੇ ਦੀ ਛਣਕਾਰ ਨੇ ਘਰ ਤਾਂ ਬਰਬਾਦ ਕੀਤੇ ਹੀ ਹਨ ਸਗੋਂ ਜ਼ਾਤ-ਪਾਤ ਦੇ ਅਸਰ ਹੇਠਾਂ ਤੇ ਪੂਜਾ-ਧਨ ਹੇਠਾਂ ਅਸੀਂ ਉਹ ਵਿਕਾਰ ਕਰਨੋਂ ਵੀ ਨਹੀਂ ਹਟਦੇ ਜਿਨ੍ਹਾਂ ਕਰਕੇ ਅਸੀਂ ਮਹੰਤਾਂ ਕੋਲੋਂ ਗੁਰਦੁਆਰੇ ਬੇਅੰਤ ਕੁਰਬਾਨੀਆਂ ਦੇ ਕੇ ਆਜ਼ਾਦ ਕਰਾਏ ਸਨ ।

(ਸ) ਹੁਣ ਅਸੀਂ ਆਪ ਆਪਣੀ ਮਰਜ਼ੀ ਨਾਲ ਸਰਦਾਰੀਆਂ ਛੱਡ ਕੇ ਵਿਕ ਕੇ ਗ਼ੁਲਾਮ ਹੁੰਦੇ ਹਾਂ ਤੇ ਮੱਥੇ ਦੂਜਿਆਂ ਦੇ ਲਾਉਂਦੇ ਹਾਂ । ਅਸੀਂ ਅੱਜ ਅਗਰ ਗੁਰੂ ਵੱਲ ਮੁੱਖ ਕਰ ਲਈਏ ਤਾਂ ਆਪਣਾ ਖਾਲਿਸਤਾਨ ਸਾਰੀ ਦੁਨੀਆਂ ਵਿੱਚ ਹੋ ਨਿਬੜਦਾ ਹੈ । ਮੈਂ ਇੰਗਲੈਂਡ, ਯੂਰਪ ਤੇ ਅਮਰੀਕਾ, ਮਿਸਰ ਤੇ ਚੀਨ ਵਿੱਚ ਰਿਹਾ ਹਾਂ। ਖ਼ਾਲਸਾ ਸਿੱਖ ਜੇਕਰ ਆਤਮਿਕ ਬਲ ਵਿੱਚ ਰਹਿੰਦਾ ਹੈ ਗੁਰੂ-ਚਰਨਾਂ ਵਿੱਚ ਤਾਂ ਉਹਨੂੰ ਕੋਈ ਖ਼ਤਰਾ ਨਹੀਂ ਪਰ ਜੇ-

੧. ਆਪ ਹੀ ਜ਼ਾਤ-ਪਾਤ ਦੇ ਕੋਹੜ ਵਿੱਚ ਗ੍ਰਸਤ ਹੈ ।

੨. ਪੈਸੇ ਤੇ ਵਡਿਆਈਆਂ ਵਿੱਚ ਪੂਜਾ ਧਨ ਵਿੱਚ ਤੇ ਬੇਈਮਾਨੀਆਂ ਵਿੱਚ ਫਸਿਆ ਹੈ । ਜ਼ਾਤ ਦੇ ਆਧਾਰ 'ਤੇ ਗੁਰਦੁਆਰੇ ਬਣਾਉਂਦਾ ਹੈ ।

੩. ਆਪਣੀ ਆਕੜ ਵਿੱਚ ਦੂਜੇ ਸਿੱਖ ਭਰਾਵਾਂ ਦਾ ਗਲ ਕੱਟਣ ਨੂੰ ਤਿਆਰ ਹੈ ।

੪. ਕੁਰਸੀ ਲਈ ਜ਼ਮੀਰ, ਧਰਮ ਤੇ ਗੁਰੂ ਦੀ ਸਿੱਖਿਆ ਵੇਚਣ ਨੂੰ ਤਿਆਰ ਹੈ ।

੫. ਗੁਰਬਾਣੀ ਤੋਂ ਅਵੇਸਲਾ ਹੋ ਕੇ ਨਾਈ ਦੇ ਬੂਹੇ ਬਹਿ ਕੇ ਐਵੇਂ ਹੀ ਵਾਲਾਂ ਤੇ ਕਕਾਰਾਂ ਨੂੰ ਛੱਡਣ ਨੂੰ ਤਿਆਰ ਹੈ ਤਾਂ ਉਸ ਦਾ ਕੁਝ ਨਹੀਂ ਹੋ ਸਕਦਾ । ਲੋੜ ਹੈ ਅੱਜ ਯਾਦ ਕਰਨ ਦੀ ਕਿ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਸਾਜ ਕੇ ਕੀ ਹੁਕਮ ਦਿੱਤੇ ਸਨ ਤੇ ਉਹਨਾਂ ਹੁਕਮਾਂ ਦੀ ਜ਼ਿੰਦਗੀ ਵਿੱਚ ਪਾਲਣਾ ਕਰਨ ਦੀ ! ਜ਼ਾਤ-ਪਾਤ ਵਿੱਚ ਜਕੜੇ ਹੋਏ ਲੋਕੀਂ ਗੁਰੂ ਨਾਨਕ ਦੀ ਚੇਤਾਵਨੀ ਯਾਦ ਕਰ ਲੈਣ :

**—ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ ।**

(ਵਾਰ ੧, ਪਉੜੀ ੩੩)

**—ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥**
**ਅੰਮ੍ਰਿਤ ਨਾਮ ਮਹਾ ਰਸ ਪੀਨੇ ॥** (ਅੰਗ ੨੦੧)

ਸਾਨੂੰ ਆਪਣੇ ਗੁਰੂ ਦੇ ਬਚਨਾਂ 'ਤੇ ਭਰੋਸਾ ਕਿਉਂ ਨਹੀਂ ?



# ਸਿੱਖੀ ਪਰਚਾਰ

ਅਸੀਂ ਕਿਤਨਾ ਕੁ ਪਿਆਰ ਆਪਣੇ ਗੁਰੂ ਨਾਲ ਕਰਦੇ ਹਾਂ? ਇਸ ਦਾ ਅੰਦਾਜ਼ਾ ਹਰ ਕੋਈ ਆਪਣੀ ਹਾਲਤ ਜਾਣ ਕੇ ਆਪ ਹੀ ਲਾ ਸਕਦਾ ਹੈ; ਪਰ ਜਦੋਂ ਕਲੇਜੇ ਵਿੱਚ ਗੁਰੂ ਦੇ ਸ਼ਬਦ ਦੀ ਠੰਡਕ ਪਹੁੰਚਦੀ ਹੈ ਤਾਂ "ਵਾਹ ਵਾਹ" ਨਿਕਲਣ ਦੇ ਨਾਲ ਹੀ ਇਕ ਸੱਧਰ ਉੱਠਦੀ ਹੈ ਇਹ ਦੱਸਣ ਲਈ ਕਿ ਜੇ ਅਸੀਂ ਸੁੱਖ ਮਾਣਦੇ ਹਾਂ ਤਾਂ ਇਹ ਸਿੱਖੀ ਦਾ ਸੁੱਖ ਵੰਡਿਆ ਜਾਏ । ਇਹ ਸੁਭਾਵਿਕ ਹੈ, ਪਰ ਕਿਸੇ ਸੁਭਾ ਨਾਲ ਜਦੋਂ ਆਪਣੇ ਪਰਚਾਰ ਕਰਨ ਦਾ ਕਮਰਕੱਸਾ ਬੰਨ੍ਹ ਕੇ ਤੁਰਦੇ ਹਾਂ ਤਾਂ ਆਪਣਾ ਮਨ ਕਹਿੰਦਾ ਹੈ ਕਿ ਪਰਚਾਰ ਵੀ ਤਾਂ ਇਕ ਕਿਸਮ ਦਾ "ਕੰਮ" ਹੈ, ਜਿਵੇਂ Publicity (ਪਰਚਾਰ) ਕਰਦੇ ਹਨ, ਅਸੀਂ ਵੀ ਆਰੰਭ ਦਿੰਦੇ ਹਾਂ । ਆਮ ਵੇਖਦੇ ਹਾਂ ਕਿ ਜੋ ਕੁਝ Publicity Literature (ਪਰਚਾਰ ਸਾਹਿਤ) ਵਿੱਚ ਲਿਖਿਆ ਹੋਇਆ ਹੁੰਦਾ ਹੈ, ਉਹ ਪੂਰਾ ਨਹੀਂ ਹੁੰਦਾ ਤਾਂ ਲੋਕੀਂ ਕੁਝ ਚਿਰ ਬਾਅਦ ਉਸ ਚੀਜ਼ ਤੋਂ ਮੁੱਖ ਮੋੜ ਲੈਂਦੇ ਹਨ । ਇਸ ਲਈ ਰੱਬੀ ਕੰਮ ਦਾ ਪਰਚਾਰ ਕਰਨਾ ਕੇਵਲ ਰੱਬੀ ਤਰੀਕਿਆਂ ਨਾਲ ਹੀ ਹੋ ਸਕਦਾ ਹੈ । ਗੁਰਸਿੱਖੀ ਦਾ ਪ੍ਰਚਾਰ ਗੁਰਸਿੱਖ ਹੈ—

**ਨਮੂਨੇ ਦੇ ਗੁਰਸਿੱਖ** : ਇਸ ਦਾ ਇਹ ਮਤਲਬ ਨਹੀਂ ਕਿ ਕੁਝ ਲਿਖਣਾ ਪੜ੍ਹਨਾ ਜ਼ਰੂਰੀ ਨਹੀਂ; ਪਰ ਸਭ ਤੋਂ ਉੱਤਮ ਚੀਜ਼ ਹੈ "ਨਾਮ" ਜਪਣਾ ਤੇ ਇਸ ਲਈ ਜੋ ਵੀ ਪਰਚਾਰ ਨਾਮ ਜਪਣ ਵਾਲੇ ਪਾਸੇ ਪ੍ਰੇਰੇ, ਕੇਵਲ ਉਹੋ ਹੀ ਪਰਚਾਰ ਹੈ ।

ਅਸੀਂ ਵੱਡੀਆਂ-ਵੱਡੀਆਂ ਕਿਤਾਬਾਂ ਛਾਪ ਦਿੰਦੇ ਹਾਂ, ਵੱਡੇ ਵੱਡੇ ਦਾਹਵੇ ਕਰ ਦਿੰਦੇ ਹਾਂ, ਬਹੁਤੇ ਸਿੱਖ ਬਣਾਣ ਦੇ ਦਾਹਵੇ ਕਰਦੇ ਹਾਂ। ਇਹ ਸਭ ਕੁਝ ਕਰਕੇ ਵੀ ਸਾਡੀ ਹਾਲਤ ਬਹੁਤ ਹੀ ਖਸਤਾ ਹੈ । ਹੋਰਾਂ ਦੀ ਸਾਡੇ ਵਰਗੀ ਜਾਂ ਸਾਡੇ ਤੋਂ ਭੈੜੀ ਹੈ, ਇਹ ਕੋਈ Consolation (ਦਿਲਾਸਾ) ਨਹੀਂ । ਆਓ ਸੋਚੀਏ ਕਿ ਜੇ—

ਕਿਸੇ ਜਵਾਨ ਕੁੜੀ ਨੂੰ ਲੰਘਦਿਆਂ ਦੇਖ ਕੇ ੪੦ ਲੋਕਾਂ ਦੀਆਂ ਅੱਖਾਂ ਉਹਦੀ ਸੁੰਦਰਤਾ ਵੱਲ ਤੱਕਣ ਤਾਂ ਇਕ ਗੁਰਸਿੱਖ ਉਸ ਨੂੰ ਬੇਟੀ ਜਾਂ ਭੈਣ ਸਮਝ ਕੇ ਮਲਕੜੇ ਜਿਹੇ ਲੰਘ ਜਾਏ, ਉਸ ਨੂੰ ਪਿਆਰ ਨਾਲ ਦੂਸਰੀਆਂ ਨਜ਼ਰਾਂ ਤੋਂ ਕਸ਼ਟ ਹੋਣੋਂ ਬਚਾ ਲਏ-

ਸਾਡੇ ਦਫ਼ਤਰ ਵਿੱਚ ਸਾਰੇ ਲੋਕੀਂ ਰਿਸ਼ਵਤ ਦੇ ਸ਼ਿਕਾਰ ਹੋਣ ਤਾਂ ਇਕ ਗੁਰਸਿੱਖ ਪਿਆਰ ਨਾਲ ਪਿਆਜ਼ ਨਾਲ ਰੋਟੀ ਖਾ ਕੇ ਸ਼ੁਕਰ ਮਨਾਵੇ ਤੇ ਆਪਣੇ ਤੋਂ ਹੇਠਲੇ ਨਾਲ ਵੰਡ ਕੇ ਖਾਵੇ—

ਸਾਰੀ ਦੁਨੀਆਂ "ਗੁਜ਼ਾਰਾ ਨਹੀਂ ਹੁੰਦਾ" ਕਹਿ ਕੇ ਪਿਟੇ ਤੇ ਗੁਰਸਿੱਖ ਦਸਵੰਧ ਕੱਢੇ ਤੇ ਕੱਢ ਕੇ ਬਗੈਰ ਕਿਸੇ ਵਿਤਕਰੇ ਦੇ ਸਭ ਗ਼ਰੀਬਾਂ ਦੀ ਸੇਵਾ ਕਰੇ।

ਸਾਧੂ ਸੰਤ ਬਣ ਕੇ ਠੱਗੀਆਂ ਵਿੱਚ ਲੱਗੇ ਲੋਕਾਂ ਤੋਂ ਵੱਖਰਾ ਹੋ ਕੇ ਇਕ ਕਿਰਤੀ ਸਿੱਖ ਨਾਮ ਜਪੇ ਤੇ ਆਪਣੀ ਕਥਨੀ ਕਰਨੀ ਨਾਲ ਆਪਣੇ ਗੁਰੂ ਦੀ ਸੋਭਾ ਫੈਲਾਏ ।

ਸਭ ਨਿੰਦਾ ਵਿੱਚ ਸਮਾਂ ਗਵਾਣ ਤੇ ਗੁਰਸਿੱਖ ਉਨ੍ਹਾਂ ਨੂੰ ਪ੍ਰੇਰ ਕੇ ਸਾਹਿਬ ਵੱਲ ਖਿੱਚੇ, ਪਰ ਕਦੇ ਕਿਸੇ ਨੂੰ ਮਾੜਾ ਨਾ ਆਖੇ, ਤਾਂ ਉਹ ਇਕ ਗੁਰਸਿੱਖ, ਮੇਰੀ ਸਮਝ ਵਿੱਚ, ਹਜ਼ਾਰਾਂ ਪਰਚਿਆਂ Magazines Circulation (ਖਪਤ) ਹੋਣ ਦੇ ਬਾਵਜੂਦ ਜ਼ਿਆਦਾ ਪਰਚਾਰ ਕਰੇਗਾ । ਇਸ ਦੇ ਬਰਅਕਸ ਜੋ "ਗੁਰਸਿੱਖ" ਦੀ ਕਰਨੀ ਉਨ੍ਹਾਂ ਲਿਖਤਾਂ ਦੇ ਉਲਟ ਹੋਵੇਗੀ ਤਾਂ ਉਲਟਾ ਨੁਕਸਾਨ ਹੈ ।

**ਸਾਡਾ ਸਭ ਤੋਂ ਵੱਡਾ ਪ੍ਰਚਾਰ**

ਸਾਡੇ ਗੁਰੂ ਸਾਹਿਬ ਨੇ ਅਪਾਰ ਕਿਰਪਾ ਕੀਤੀ ਸਾਰੀ ਇਨਸਾਨੀਅਤ 'ਤੇ, ਪਰ ਅਸਾਂ ਸਿੱਖਾਂ ਨੇ ਇਨਸਾਨੀਅਤ ਦੇ ਧਰਮ ਨੂੰ Narrow (ਤੰਗ) ਕਰ ਦਿੱਤਾ, ਕਦੇ ਸਿੱਖ ਬਣਨ ਵਿੱਚ ਲੱਗ ਪਏ, ਕਦੇ ਖ਼ਾਸ ਜਥੇ ਵਿੱਚ ਵਾੜਨ ਲਈ, ਕਦੇ ਖ਼ਾਸ ਕਿਸਮ ਦੀਆਂ ਰੀਤਾਂ ਨਾਲ ਅਖੰਡ ਪਾਠ ਰੱਖਣ ਲਈ, ਕਦੇ "ਸਚੀ ਬਾਣੀ" ਤੇ "ਕਚੀ ਬਾਣੀ" ਦੇ ਭੁਲੇਖੇ ਹੇਠ । ਜਿਸ ਦੇ ਗੁਰੂ ਵਿੱਚੋਂ ਮੁਸਲਮਾਨ ਬੋਲੇ, ਜਿਸ ਦੇ ਗੁਰੂ ਵਿੱਚੋਂ ਅਛੂਤ ਬੋਲੇ, ਜਿਸ ਦਾ ਗੁਰੂ ਚੰਗਾ ਮੁਸਲਮਾਨ ਬਣਨਾ ਸਿਖਾਏ ਉਹਦਾ ਕਦੇ ਵੀ ਕਿਸੇ ਨਾਲ ਵੈਰ ਨਹੀਂ ਹੋ ਸਕਦਾ । ਸਗੋਂ ਜੇ ਕੋਈ ਹਿੰਦੂ ਵੀਰ, ਮੁਸਲਮਾਨ ਵੀਰ, ਈਸਾਈ ਵੀਰ ਕਿਸੇ ਬੋਲੀ ਵਿੱਚ ਸਾਹਿਬ ਦੇ ਹਜ਼ੂਰ ਆ ਕੇ ਸਾਹਿਬਾਂ ਦੀਆਂ ਜਾਂ ਸਾਹਿਬਾਂ ਦੇ ਸਾਹਿਬ ਵਾਹਿਗੁਰੂ (ਜਿਸ ਨੂੰ ਗੁਰੂ ਸਾਹਿਬਾਂ ਨੇ ਆਪ ਸਭ ਦੇ ਸਾਂਝੇ ਬਣ ਕੇ, ਸਭ ਦਾ ਰਸਤਾ ਇਕੋ ਇਕ ਦੱਸਿਆ) ਤਾਂ ਸਾਡਾ ਮੰਨ ਖਿੜਨ ਦੀ ਬਜਾਏ ਮੁਰਝਾ ਕਿਉਂ ਜਾਂਦਾ ਹੈ? ਕਿਉਂ ਜੀ ਕਰਦਾ ਹੈ ਕਿ ਜੇ ਇਕ ਮੁਸਲਮਾਨ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬੇਇੰਤਹਾ ਸ਼ਰਧਾ ਨਾਲ ਤਾਰੀਫ਼ ਕਰਦਾ ਹੈ ਤਾਂ ਇਹ ਸਿੱਖ ਕਿਉਂ ਨਹੀਂ ਬਣ ਜਾਂਦਾ? ਜੇ ਸਿੰਧੀ ਬ੍ਰਾਹਮਣ ਵੀਰ ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਸਦਕੇ ਜਾਂਦਾ ਹੈ ਤਾਂ ਕਿਉਂ ਕਹਿ ਦਿੰਦੇ ਹਾਂ, ਸਿੱਖ ਕਿਉਂ ਨਹੀਂ ਬਣਦਾ ?

ਉਹੋ ਮੈਂ ਖ਼ੁਦ ਗ਼ਰੀਬ ਤੇ ਅਣਜਾਣ ਹਾਂ ਪਰ ਕੋਈ ਦੱਸੇ ਸਿੱਖ ਕੀ ਹੁੰਦਾ ਹੈ ? ਮੈਨੂੰ ਤਾਂ ਯਕੀਨ ਹੈ ਮੈਂ ਸਿੱਖ ਨਹੀਂ, ਕਿਉਂਕਿ ਸਿੱਖ ਬਣਨਾ ਬੜਾ ਹੀ ਮੁਸ਼ਕਲ ਹੈ । ਪਹਿਲਾਂ ਆਪ ਬਣਨ ਦਾ ਹਮਲਾ ਮਾਰਾਂ ਤਾਂ ਕਿਸੇ ਨੂੰ ਕਹਵਾਂ । ਮੇਰਾ ਜੀ ਕਰਦਾ ਹੈ ਕਿ ਕਈ ਵਾਰ ਕੋਈ ਮੁਸਲਮਾਨ, ਕੋਈ



ਬੰਗਾਲੀ, ਕੋਈ ਯੂਰਪ ਦਾ ਮਨੁੱਖ ਮੇਰੇ ਨਾਲੋਂ ਵੱਡਾ ਸਿੱਖ ਹੈ । ਸਾਡੇ ਗੁਰੂ ਨੇ ਤਾਂ ਸਿੱਖ ਬਣਨ ਲਈ ਨਹੀਂ ਕਿਹਾ । ਉਨ੍ਹਾਂ ਤਾਂ ਕਿਹਾ ਕਿ-

ਜੇ ਮੁਸਲਮਾਨ ਹੈ ਉਹ ਸਚਾਈ ਨਾਲ ਨਮਾਜ਼ਾਂ ਪੜ੍ਹੇ, ਜੇ ਪੰਡਤ ਹੈ ਉਹ ਅਸਲੀ ਬ੍ਰਹਮ ਨੂੰ ਪਛਾਣ ਕੇ ਪੰਡਤ ਬਣੇ ।

ਜੇ ਫ਼ਰੀਦ ਕਹਿੰਦਾ ਹੈ ਕਿ ਜਿਹੜਾ ਨਮਾਜ਼ ਨਹੀਂ ਪੜ੍ਹਦਾ ਉਹਦਾ ਸਿਰ ਕੱਟ ਦੇਣਾ ਚਾਹੀਦਾ ਹੈ ਤਾਂ ਇਹ ਗੁਰੂ ਗ੍ਰੰਥ ਸਾਹਿਬ ਦਾ ਵਾਕ ਕਿਉਂ ਨਹੀਂ ਸਾਨੂੰ ਸਿਖਾਂਦਾ ਕਿ—

ਜੋ ਆਦਮੀ ਬਗੈਰ ਪਖੰਡ ਦੇ ਸੱਚਾਈ ਨਾਲ ਆਪਣੇ ਧਰਮੀ ਤਰੀਕੇ ਅਨੁਸਾਰ ਵਾਹਿਗੁਰੂ ਅੱਲ੍ਹਾ, ਰਾਮ, ਰਹੀਮ ਪਰਮੇਸ਼ਰ ਦੇ ਗੁਣ ਗਾਏ, ਉਹ ਸਿੱਖ ਹੈ।

ਸ਼ਾਇਦ ਅਸੀਂ ਆਪਣੀਆਂ ਨਿੱਜੀ ਕਮਜ਼ੋਰੀਆਂ ਨੂੰ ਛੁਪਾਣ ਖ਼ਾਤਰ ਵੱਡੀਆਂ-ਵੱਡੀਆਂ ਗੁੰਝਲਦਾਰ ਲਿਖਤਾਂ ਬਣਾ ਕੇ ਸਿੱਖੀ ਨੂੰ ਮ੍ਰੋੜ ਤੋੜ ਕੇ ਇਤਨਾ ਤੰਗ ਦਾਇਰਾ ਕਰ ਦਿੰਦੇ ਹਾਂ ਕਿ ਆਪਣੇ ਗੁਰੂ ਦੀ ਵਡਿਆਈ ਨੂੰ ਆਪਣੀਆ ਕਰਤੂਤਾਂ ਦੀ ਤੰਗ ਦਿਲੀ ਵਿੱਚ ਬੰਦ ਕਰਕੇ ਦੂਜੇ ਲੋਕਾਂ ਤਕ ਪਹੁੰਚਣ ਹੀ ਨਹੀਂ ਦਿੰਦੇ ।

ਇਹ ਨਾ ਸਮਝਣਾ ਕਿ ਮੈਂ ਵੱਖਰਾ ਹਾਂ; ਮੈਂ ਵੀ ਇਨ੍ਹਾਂ ਔਗੁਣਾਂ ਵਿੱਚ ਰੁਲਦਾ ਹਾਂ। ਆਓ ਸਾਬਤ ਕਰੀਏ ਕਿ ਜਿਹੜਾ ਕੋਈ ਜਿਸ ਮਜ਼੍ਹਬ ਵਿੱਚ ਹੈ, ਜੇ ਸਾਹਿਬ ਦੇ ਗੁਣ ਹਿਰਦੇ 'ਚੋਂ ਗਾਉਂਦਾ ਹੈ, ਅੱਠੇ ਪਹਿਰ ਰੱਬ ਵਿੱਚ ਧਿਆਨ ਰੱਖਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ 'ਤੇ ਚੱਲਦਾ ਹੈ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਉਸ ਦੇ ਵੀ ਗੁਰੂ ਹਨ; ਪਰ ਇਸ ਦਾ ਇਹ ਮਤਲਬ ਨਹੀਂ ਕਿ ਜਿਹੜੇ ਸਿੱਖ ਮਜ਼੍ਹਬ ਵਿੱਚ ਹਨ ਉਹ ਸਾਰੀਆਂ ਰਹਿਤਾਂ ਵਿੱਚ ਕੱਚੇ ਹੋਣ । ਪੂਰੀਆਂ ਰਹਿਤਾਂ ਅੰਦਰਲੀਆਂ ਬਾਹਰਲੀਆਂ ਸਿੱਖ ਦੇ ਗਹਿਣੇ ਹਨ ਤੇ ਇਨ੍ਹਾਂ ਗਹਿਣਿਆਂ ਦੀ ਚਮਕ ਸਭ ਦੁਨੀਆਂ ਦੀ ਚਰਨਧੂੜ ਬਣ ਕੇ ਸਿੱਖ ਨੇ "ਵਾਹਿਗੁਰੂ" ਜਾਂ ਰੱਬ ਦਾ ਨਾਂ ਜਪਣਾ ਹੈ, ਕਿਸੇ ਸਿੱਖ ਨੇ ਮੈਨੂੰ ਇਹ Christmas Message (ਕਰਿਸਮਸ ਦਾ ਸੰਦੇਸ਼) ਭੇਜਿਆ ਹੈ ਜਿਹੜਾ ਅੰਗਰੇਜ਼ੀ ਵਿੱਚ ਹੀ ਭੇਟ ਕਰਦਾ ਹਾਂ। ਮੇਰੀ ਸਮਝ ਵਿੱਚ, ਇਹ ਸਿੱਖ ਪੂਰੀ ਤਰ੍ਹਾਂ ਯਤਨ ਕਰਦਾ ਹੈ ਸਿੱਖ ਬਣਨ ਦਾ ।

ਇਸ ਸਿੱਖ ਨੂੰ ਕੁਝ ਸਾਲਾਂ ਤੋਂ ਮੈਨੂੰ ਜਾਣਨ ਦਾ ਸੁਭਾਗ ਹੈ । ਮੈਂ ਤਾਂ ਅਤਿ ਗੁਨਾਹਗਾਰ ਹਾਂ, ਗੁਰਸਿੱਖਾਂ ਦੀ ਧੂੜ ਦਾ ਜਾਚਕ ਹਾਂ; ਪਰ ਕਿਸੇ ਬਖ਼ਸ਼ੇ ਹੋਏ ਦੀ ਰਹਿਮਤ ਲੋੜਦਾ ਹਾਂ ਕਿ ਜੇ ਕਦੇ ਪ੍ਰਚਾਰ ਦਾ ਮੌਕਾ ਮਿਲੇ ਤਾਂ ਘਰ ਘਰ ਬੂਹਾ ਖੜਕਾ ਕੇ ਕਹਵਾਂ-ਪਿਆਰਿਓ, ਈਸਾਈ ਹੋ, ਮੁਸਲਮਾਨ ਹੋ,

ਹਿੰਦੂ ਹੋ, ਯਹੂਦੀ ਹੋ, ਕੁਝ ਵੀ ਹੋ, ਵਾਹਿਗੁਰੂ ਨੂੰ ਯਾਦ ਕਰੋ, ਗੁਰੂ ਨਾਨਕ ਦਾ ਇਹ ਸੰਦੇਸ਼ਾ ਜੇ ।

### ਗ਼ੈਰ-ਈਸਾਈ ਮਿੱਤਰ ਵੱਲੋਂ

(ਹਜ਼ਰਤ ਯਸੂ ਮਸੀਹ ਦੇ ਦਿਨ ਦੀ ਖ਼ੁਸ਼ੀ ਦਾ ਸੰਦੇਸ਼)

ਮੈਂ ਬਦੇਸ਼ੀ ਹਾਂ, ਮੈਨੂੰ ਯੂਰਪ ਵਿੱਚ ਦੂਜੀ ਵਾਰ ਆ ਕੇ ਰਹਿਣ ਦਾ ਮੌਕਾ ਮਿਲਿਆ ਹੈ । ਮੈਂ ਕੁਝ ਸਮਾਂ ਪਹਿਲਾਂ, ਬਰਸਲਜ਼ ਵਿੱਚ ਵੀ ਤਿੰਨ ਸਾਲ ਰਿਹਾ ਹਾਂ । ਮੈਂ ਭਾਰਤ ਦਾ ਸਿੱਖ ਹਾਂ, ਪਰ ਮੇਰੇ ਦਿਲ ਵਿੱਚ ਈਸਾਈ ਮਤ ਲਈ ਕਾਫ਼ੀ ਸਤਿਕਾਰ ਹੈ, ਮੈਂ ਕਈ ਵਾਰ ਆਪਣੇ ਈਸਾਈ ਸਾਥੀਆਂ, ਦੋਸਤਾਂ, ਦੇਸ਼-ਵਾਸੀਆਂ ਅਤੇ ਗਵਾਂਢੀਆਂ ਨੂੰ ਮਿਲਿਆ ਹਾਂ। ਕਈ ਵਾਰ ਹਸਪਤਾਲ ਵਿੱਚ ਨਰਸਾਂ (ਨਨਜ਼) ਨੇ ਮੇਰੀ ਬੜੀ ਚੰਗੀ ਤਰ੍ਹਾਂ ਦੇਖਭਾਲ ਅਤੇ ਸੇਵਾ ਕੀਤੀ। ਮੇਰਾ ਉਨ੍ਹਾਂ ਨਾਲ ਕਾਫ਼ੀ ਮੇਲ ਮਿਲਾਪ ਅਤੇ ਪਿਆਰ ਹੋ ਗਿਆ, ਮੈਂ ਇਹ ਵੇਖਿਆ ਕਿ ਲਾਰਡ ਯਸੂ ਮਸੀਹ ਦੇ ਉਪਦੇਸ਼, ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨਾਲ ਮਿਲਦੇ ਹਨ । ਮੈਂ ਸੱਚੇ ਦਿਲੋਂ ਈਸਾਈਆਂ ਨੂੰ ਮੁਬਾਰਕ ਦੇਂਦਾ ਹਾਂ ਕਿ ਸਾਲ ੧੯੭੩ ਦਾ ਵੱਡਾ ਦਿਨ ਖ਼ੁਸ਼ੀਆਂ ਭਰਿਆ ਆ ਰਿਹਾ ਹੈ, ਮੈਂ ਯਸੂ ਜੀ ਦੀ ਯਾਦ ਮਨਾਉਣ ਲਈ ਦਿਲੋਂ ਵਧਾਈ ਦੇਂਦਾ ਹਾਂ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਦਿਲ ਵਿੱਚ ਗ਼ਰੀਬਾਂ, ਅਨਾਥਾਂ ਲਈ ਬੜੀ ਨਿਮਰਤਾ ਸਦ-ਭਾਵਨਾ, ਹਮਦਰਦੀ ਅਤੇ ਸਤਿਕਾਰ ਸੀ, ਉਨ੍ਹਾਂ ਦਾ ਪਰਮਾਤਮਾ ਵਿੱਚ ਪੂਰਨ ਵਿਸ਼ਵਾਸ ਸੀ, ਸਾਰੀ ਮਨੁੱਖ-ਜ਼ਾਤੀ ਨਾਲ ਬਿਨਾਂ ਕਿਸੇ ਕਿਸਮ ਦੇ ਵਿਤਕਰੇ ਤੋਂ ਪਿਆਰ ਸੀ । ਦੈਵੀ-ਗੁਣਾਂ ਦੇ ਮਾਲਕ ਸਨ ।

ਮੈਨੂੰ ਇਹ ਵੇਖ ਕੇ ਬੜੀ ਖ਼ੁਸ਼ੀ ਹੋਈ ਹੈ ਕਿ ਕ੍ਰਿਸਮਸ ਸਮੇਂ ਤੋਹਫ਼ੇ ਅਤੇ ਵਧਾਈ ਕਾਰਡ ਇਕ ਦੂਜੇ ਨੂੰ ਭੇਜੇ ਜਾਂਦੇ ਹਨ, ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ, ਇਕੱਠ, ਸੰਮੇਲਨ ਹੁੰਦੇ ਹਨ । ਮੈਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਵੱਡੇ ਦਿਨ ਮਨਾਉਣ ਦਾ ਮਨੋਰਥ ਪੂਰਾ ਹੋ ਜਾਂਦਾ ਹੈ? ਅਸੀਂ ਇਨ੍ਹਾਂ ਗੱਲਾਂ ਵਿੱਚ ਲਾਰਡ ਯਸੂ ਮਸੀਹ ਦੇ ਉਪਦੇਸ਼ਾਂ ਵਿੱਚ ਘੱਟ ਧਿਆਨ ਦਿੰਦੇ ਹਾਂ । ਮੈਨੂੰ ਇਕ ਵਾਰ ਈਸਾਈਆਂ ਦੇ ਧਾਰਮਿਕ ਸੰਮੇਲਨ ਵਿੱਚ ਜਾਣ ਦਾ ਮੌਕਾ ਮਿਲਿਆ। ਉੱਥੇ ਇਕ ਪਾਦਰੀ ਨੇ ਮੇਰਾ ਇਹ ਖ਼ਿਆਲ ਰੱਖਿਆ, ਕੀ ਅਸੀਂ ਫਿਰ ਉਸੇ ਮਾਹੌਲ, ਵਾਤਾਵਰਣ ਵਿੱਚ ਵਿਚਰ ਸਕਦੇ ਹਾਂ, ਕੀ ਆਪਣੇ ਮਸੀਹਾ ਦੀ ਯਾਦ ਦੀ ਉਡੀਕ ਵਿੱਚ ਰਹਿ ਸਕਦੇ ਹਾਂ, ਉਸ ਨੇ ਸਾਨੂੰ ਬੰਧਨਾਂ ਤੋਂ ਨਿਜ਼ਾਤ ਦਿਵਾਈ ਸੀ, ਉਹ ਸਾਡਾ ਮੁਕਤੀ ਦਾਤਾ ਹੈ; ਜਿਵੇਂ ਕਿ ਉਸ ਨੇ ਅੱਜ ਤੋਂ ੨੦੦ ਸਾਲ ਪਹਿਲਾਂ ਨਿਜ਼ਾਤ ਅਤੇ ਮੁਕਤੀ ਲਈ ਉਡੀਕ ਤੇ ਅਰਦਾਸ ਕੀਤੀ ਸੀ । ਜੇਕਰ ਅੱਜ ਅਸੀਂ ਆਪਣੇ ਯਸੂ ਅਤੇ



ਉਸ ਦੇ ਦੱਸੇ ਰਸਤੇ ਪ੍ਰਮਾਤਮਾ ਵੱਲ ਧਿਆਨ ਕਰੀਏ ਕਿ ਉਸ ਨੇ ਆਪਣੇ ਬਚਨਾਂ ਅਤੇ ਕਰਮਾਂ ਰਾਹੀਂ ਸਾਨੂੰ ਕੀ ਕੁਝ ਕਰਨ ਲਈ ਉਪਦੇਸ਼ ਦਿੱਤਾ ਤਾਂ ਮੈਂ ਸਮਝਦਾ ਹਾਂ ਸਾਡਾ ਪ੍ਰਮਾਤਮਾ ਵਿੱਚ ਪੂਰਨ ਵਿਸ਼ਵਾਸ ਹੋ ਜਾਵੇਗਾ ਅਤੇ ਸਾਡਾ ਇਹ ਦਿਨ ਮਨਾਉਣਾ ਸਫਲ ਤੇ ਲਾਭਦਾਇਕ ਹੋਵੇਗਾ। ਅਸੀਂ ਅਮਨ ਅਤੇ ਸਾਂਤੀ ਪ੍ਰਾਪਤ ਕਰ ਸਕਦੇ ਹਾਂ ਦੁਖੀਆਂ ਗ਼ਰੀਬਾਂ ਦਾ ਦਰਦ ਵੰਡਾ ਸਕਦੇ ਹਾਂ ।

ਜਦੋਂ ਕਦੇ ਮੈਂ ਗਿਰਜਾ ਘਰ ਵਿੱਚ ਪ੍ਰਾਰਥਨਾ ਸਮੇਂ ਜਾ ਕੇ ਵੇਖਦਾ ਹਾਂ ਤਾਂ ਖ਼ੁਸ਼ੀ ਹੁੰਦੀ ਹੈ ਕਿ ਅਸੀਂ ਆਪਣੀ ਅਰਦਾਸ ਇਸੇ ਤਰ੍ਹਾਂ ਕਰਦੇ ਹਾਂ। ਪਰ ਸਾਨੂੰ ਕਹਿਣ ਦੇ ਨਾਲ-ਨਾਲ ਅਮਲ ਵੀ ਕਰਨਾ ਚਾਹੀਦਾ ਹੈ । ਜਦੋਂ ਅਸੀਂ ਅਰਦਾਸ ਵਿੱਚ ਕਹਿੰਦੇ ਹਾਂ ਕਿ ਅਸੀਂ ਗੁਨਾਹਗਾਰ ਹਾਂ, ਨਿਰਗੁਣਿਆਰੇ, ਔਗੁਣਾਂ ਨਾਲ ਭਰੇ ਹੋਏ ਹਾਂ ਅਤੇ ਵਾਹਿਗੁਰੂ ਆਪਣੀ ਕਿਰਪਾ, ਰਹਿਮਤ, ਬਖ਼ਸ਼ਸ਼ ਕਰੇ, ਸਾਡੇ ਔਗੁਣਾਂ ਨੂੰ ਭੁੱਲ ਜਾਵੇ, ਤਾਂ ਸਾਨੂੰ ਆਪਣੇ ਅੰਦਰ ਝਾਤ ਮਾਰ ਕੇ, ਆਪਣੇ ਜੀਵਨ ਵਿੱਚ ਤਬਦੀਲੀ ਲਿਆਉਣੀ ਚਾਹੀਦੀ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ **'ਹੁਕਮੈ ਅੰਦਰਿ ਸਭਿ ਕੋਇ'** ਤਾਂ ਸਾਨੂੰ ਉਸ ਦੀ ਰਜ਼ਾ ਵਿੱਚ ਚਲਣਾ ਚਾਹੀਦਾ ਹੈ, ਭਾਣਾ ਮੰਨਣਾ ਚਾਹੀਦਾ ਹੈ, ਸਾਨੂੰ ਆਪਣੇ ਦੁੱਖਾਂ ਮੁਸੀਬਤਾਂ ਲਈ ਕਿਸੇ ਨੂੰ ਨਹੀਂ ਕੋਸਣਾ ਚਾਹੀਦਾ । ਜਦੋਂ ਅਸੀਂ ਹਲੀਮੀ ਦਾ ਉਪਦੇਸ਼ ਦੇਂਦੇ ਹਾਂ ਤਾਂ ਸਾਡੇ ਵਿੱਚ ਕੇਵਲ ਵਿਖਾਵੇ ਵਜੋਂ ਸ਼ਬਦ ਹੀ ਨਹੀਂ ਹੋਣੇ ਚਾਹੀਦੇ; ਸਗੋਂ ਦਿਲੋਂ ਹੌਂਸਲਾ, ਸਬਰ, ਸੰਤੋਖ ਅਤੇ ਨਰਮਾਈ ਹੋਣੀ ਚਾਹੀਦੀ ਹੈ । ਜਦੋਂ ਅਸੀਂ ਇਹ ਆਖਦੇ ਹਾਂ ਕਿ ਇਹ ਸਭ ਪ੍ਰਭੂ ਦੀ ਮਾਇਆ ! ਅਸੀਂ ਤਾਂ ਮਿੱਟੀ ਦੇ ਭਾਂਡੇ ਹਾਂ, ਤਾਂ ਸਾਨੂੰ ਦਰਅਸਲ ਮੰਨਣਾ ਵੀ ਚਾਹੀਦਾ ਹੈ ਕਿ 'ਮੇਰਾ ਮੁਝ ਮੇਂ ਕੁਝ ਨਹੀਂ' ਜੇ ਕਰ ਅਸੀਂ ਜੋ ਕੁਝ ਅਰਦਾਸ ਕਰਦੇ ਹਾਂ ਉਸ 'ਤੇ ਅਮਲ ਕਰੀਏ ਤੇ ਵੇਖੀਏ ਤਾਂ ਸਾਨੂੰ ਗੁੱਸਾ ਜਾਂ ਕਰੋਧ ਨਹੀਂ ਆਉਣਾ ਚਾਹੀਦਾ, ਨਾ ਹੀ ਸਾਨੂੰ ਕੋਈ ਲਾਲਚ ਕਰਨਾ ਚਾਹੀਦਾ ਹੈ, ਨਾ ਹੀ ਇਹ ਪਦਾਰਥ ਮਾਇਆ ਜੰਜਾਲ ਵਿੱਚ ਖੁਭਣਾ ਚਾਹੀਦਾ ਹੈ, ਸਗੋਂ ਨਿਸ਼ਚਿੰਤ ਰਹਿਣਾ ਚਾਹੀਦਾ ਹੈ । ਜੇਕਰ ਅਸੀਂ ਆਪਣਾ ਰੋਜ਼ਾਨਾ ਦਾ ਜੀਵਨ ਵੇਖੀਏ ਤਾਂ ਅਸੀਂ ਇਸ ਦੁਨੀਆਂ ਦੇ ਲੋਭ-ਮੋਹ ਦੇ ਬੰਧਨਾਂ ਵਿੱਚ ਜਕੜੇ ਹੋਏ ਹਾਂ, ਇਸੇ ਲਈ ਦੁੱਖੀ ਹਾਂ, ਇਨ੍ਹਾਂ ਦੁੱਖਾਂ, ਮੁਸੀਬਤਾਂ, ਜੰਜਾਲਾਂ ਤੋਂ ਮੁਕਤੀ ਦਿਵਾਉਣ ਲਈ ਸਾਨੂੰ ਹਜ਼ਰਤ ਯਸੂ ਮਸੀਹ ਸਾਹਿਬ ਨੂੰ ਆਪਣੀ ਬਾਣੀ ਅਤੇ ਅਮਲਾਂ ਰਾਹੀਂ ਉਪਦੇਸ਼ ਦਿੱਤੇ ਸਨ ।

ਅਸਲ ਵਿੱਚ ਖ਼ੁਸ਼ੀ ਵਾਲੀ ਗੱਲ ਤਾਂ ਇਹ ਹੈ ਕਿ ਸਾਨੂੰ ਨਿਆਸਰਿਆਂ, ਮੁਥਾਜਾਂ, ਅੰਨ੍ਹੇ, ਲੂਲ੍ਹੇ, ਲੰਗੜੇ, ਗ਼ਰੀਬਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ, ਯਤੀਮਾਂ ਦਾ ਸਹਾਰਾ ਬਣਨਾ ਚਾਹੀਦਾ ਹੈ, ਸਾਡੇ ਮਨ ਵਿੱਚ ਇਹ ਭਾਵਨਾ

ਕੇਵਲ ਅੱਜ ਦੇ ਦਿਨ ਨਹੀਂ ਸਗੋਂ ਹਮੇਸ਼ਾਂ ਲਈ ਹਰ ਰੋਜ਼ ਕਰਨ ਲਈ ਬਣੀ ਰਹਿਣੀ ਚਾਹੀਦੀ ਹੈ । ਅਸੀਂ ਰੱਬ, ਵਾਹਿਗੁਰੂ ਨੂੰ ਤਾਂ ਹੀ ਸੱਚੇ ਦਿਲੋਂ ਪਿਆਰ ਕਰ ਸਕਦੇ ਹਾਂ ਜੇ ਅਸੀਂ ਉਸਦੇ ਬੰਦਿਆਂ ਨੂੰ ਪਿਆਰ ਕਰਾਂਗੇ, ਗ਼ਰੀਬ ਦੇ ਮੂੰਹ ਨੂੰ ਗੁਰੂ ਕੀ ਗੋਲਕ ਸਮਝਾਂਗੇ । ਹਰ ਇਨਸਾਨ ਨਾਲ ਇਨਸਾਨੀ ਪੱਧਰ ’ਤੇ ਭਾਈਚਾਰਾ ਖ਼ਾਸ ਕਰਕੇ ਨਿਆਸਰਿਆਂ ਦਾ ਖ਼ਿਆਲ ਰੱਖਣਾ ਹੀ ਰੱਬ ਨਾਲ ਪਿਆਰ ਕਰਨਾ ਹੈ । ਬਹੁਤ ਸਾਰੇ ਨੌਜਵਾਨ ਧਰਮ ਤੋਂ ਬੇਮੁੱਖ ਹੁੰਦੇ ਜਾ ਰਹੇ ਹਨ, ਉਹ ਕਹਿੰਦੇ ਹਨ ਜੇਕਰ ਸਾਡਾ ਸਲੂਕ, ਵਿਹਾਰ ਵਰਤਾਉ ਚੰਗਾ ਹੋਵੇਗਾ ਤਾਂ ਅਰਦਾਸ ਕਰਨ ਦੀ ਲੋੜ ਨਹੀਂ, ਕੁਝ ਨੌਜਵਾਨਾਂ ਦਾ ਕਥਨ ਹੈ ਕਿ ਧਰਮ ਵਿੱਚ ਨਿਰੀਆਂ ਨਿਰਾਰਥਕ ਰਸਮਾਂ, ਰੀਤਾਂ, ਰਵਾਇਤਾਂ ਹੀ ਹਨ ਅਤੇ ਜਦੋਂ ਉਨ੍ਹਾਂ ਬੇਮੁਖ ਹੋਏ ਨੌਜਵਾਨਾਂ ਦਾ ਦਿਮਾਗੀ ਤਵਾਜ਼ਨ ਠੀਕ ਨਹੀਂ ਰਹਿੰਦਾ ਤਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ, ਹਿਪੀ ਅਖਵਾਉਂਦੇ ਹਨ । ਇਹ ਠੀਕ ਹੈ ਕਿ ਸਾਡੀਆਂ ਨਸਲਾਂ ਵਾਸਤੇ ਧਰਮ ਦਾ ਠੀਕ ਰਸਤਾ ਨਹੀਂ ਹੈ । ਇਹ ਠੀਕ ਹੈ ਮੈਂ ਔਗੁਣ ਭਰਪੂਰ ਹਾਂ, ਗੁਨਾਹ ਦੀ ਤਲਾਫ਼ੀ ਚਾਹੁੰਦਾ ਹਾਂ, ਅਰਦਾਸ ਕਰਦਾ ਹਾਂ ਕਿ ਹੋਰਨਾਂ ਦੇ ਨਾਲ ਮੇਰੇ ’ਤੇ ਵੀ ਬਖ਼ਸ਼ਿਸ਼ ਹੋ ਜਾਵੇ । ਕ੍ਰਿਸਮਸ ਦਾ ਦਿਨ ਮਨਾਉਣ ਸਮੇਂ ਸਾਨੂੰ ਕੇਵਲ ਤੋਹਫ਼ੇ ਅਤੇ ਕਾਰਡ ਹੀ ਨਹੀਂ ਵੰਡਣੇ, ਲੈਣੇ-ਦੇਣੇ ਚਾਹੀਦੇ, ਸਗੋਂ ਆਪਣੇ ਹਜ਼ਰਤ ਦੀ ਯਾਦ ਵਿੱਚ ਉਸ ਦੇ ਪਾਏ ਪੂਰਨਿਆਂ ’ਤੇ ਚਲਣਾ ਵੀ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਅਸਲ ਵਿੱਚ ਕੇਵਲ ਇਕੋ ਇਕ ਧਰਮ ਹੈ ਪਰ ਬਹੁਤ ਸਾਰੇ ਧਾਰਮਿਕ ਆਗੂਆਂ ਨੇ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦੇ ਸਾਧਨ (ਮਾਰਗ) ਦੱਸੇ ਹਨ ।

ਮੈਂ ਸਾਰਿਆਂ ਨੂੰ ਅੱਜ ਦੇ ਵੱਡੇ ਦਿਨ ਦੀ ਦ੍ਰਿੜ੍ਹਤਾ ’ਤੇ ਮੁਬਾਰਕ ਦੇਂਦਾ ਹਾਂ ਅਤੇ ਆਸ ਕਰਦਾ ਹਾਂ ਪ੍ਰਮਾਤਮਾ ਸਾਨੂੰ ਦ੍ਰਿੜ੍ਹਤਾ ਲਗਨ ਬਖ਼ਸ਼ੇ ਕਿ ਅਸੀਂ ਕਲਿਜੁਗ ਵਿੱਚ ਆਪਣੇ ਮਹਿਬੂਬ ਰਹਿਨੁਮਾ ਹਜ਼ਰਤ ਯਸੂ ਮਸੀਹ ਦੇ ਉਪਦੇਸ਼ਾਂ ’ਤੇ ਚਲ ਕੇ ਆਪਣਾ ਅੱਗਾ ਸਵਾਰ ਸਕੀਏ । ਮੈਂ ਦਿਲੋਂ ਚਾਹੁੰਦਾ ਹਾਂ ਕਿ ਚੰਗਾ, ਨੇਕ ਈਸਾਈ ਹੁੰਦਿਆਂ, ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਦੁਨਿਆਵੀ ਰਸਮਾਂ, ਰਿਵਾਜਾਂ, ਰਵਾਇਤਾਂ ਨੂੰ ਛੱਡ ਕੇ ਆਪਣੇ ਮਾਲਕ ਵੱਲੋਂ ਦੱਸੇ ਸੱਚੇ ਮਾਰਗ ’ਤੇ ਚੱਲ ਕੇ ਉਸ ਦੇ ਸੱਚੇ ਪੈਰੋਕਾਰ ਬਣੀਏ, ਧਰਮ ਅਤੇ ਭਰੋਸੇ ਵਿੱਚ ਕੋਈ ਫ਼ਰਕ ਨਹੀਂ ਹੈ, ਧਰਮ ਸਦੀਵੀ ਬਚਾ ਹੈ । ਆਦਿ ਸਚ ਜੁਗਾਦਿ ਸਚ ॥

ਮੈਂ ਅੱਜ ਦੇ ਦਿਨ ਸਾਰੇ ਈਸਾਈ ਜਗਤ ਨੂੰ ਹਾਰਦਿਕ ਵਧਾਈ ਦੇਂਦਾ ਹਾਂ ।



ਖ਼ਾਲਸੇ ਦੀ ੩੦੦ਵੀਂ ਵਰ੍ਹੇਗੰਢ ਦਾ ਹੁਣ ਜਸ਼ਨ ਮਨਾਈਏ

## ੨੦ ਵਰ੍ਹਿਆਂ ਤੋਂ “ਖਾਲਿਸਤਾਨ” ਵਿੱਚ

ਅਪ੍ਰੈਲ ਵਿੱਚ ਲਿਖਿਆ ਸੀ—ਕਾਹਦੀ ਖ਼ੁਸ਼ੀ ਮਨਾਈਏ, ਨਾ ਅਸੀਂ ਸੰਤ ਹਾਂ, ਨਾ ਸਿਪਾਹੀ; ਪਰ ਛੇ ਮਹੀਨੇ ਬਾਅਦ ਅਕਤੂਬਰ ੧੯੯੯ ਵਿੱਚ ਜਸ਼ਨ ਮਨਾਣ ਲੱਗਾ ਹਾਂ, ਇਕ ਖ਼ਾਲਸੇ ਨੂੰ ਯਾਦ ਕਰਕੇ ਜਿਹੜਾ ਕਹਿੰਦਾ ਹੈ ਕਿ ਮੈਂ ੨੦ ਸਾਲਾਂ ਤੋਂ “ਖਾਲਿਸਤਾਨ” ਵਿੱਚ ਰਹਿੰਦਾ ਹਾਂ, ਉਸਦੀ ਆਪਣੀ ਜ਼ਬਾਨੀ ਸੁਣੋ ।

“੫ ਅਕਤੂਬਰ ੧੯੭੯ ਨੂੰ ਮੈਂ ਇੱਥੇ ਆਇਆ ਤੇ ੫ ਅਕਤੂਬਰ ੧੯੯੯ ਨੂੰ “ਖਾਲਿਸਤਾਨ” ਵਿੱਚ ਰਹਿੰਦਿਆਂ ੨੦ ਸਾਲ ਹੋਣੇ ਹਨ, ਪਰ ਕਮਾਲ ਇਹ ਹੈ ਕਿ ਇੱਥੇ ਸਭ ਕੁਝ ਖ਼ਾਲਸ ਹੈ । “ਗੁਰੂ ਗੋਬਿੰਦ ਸਿੰਘ ਨਿਵਾਸ” ਦੇ ਨਾਂ ਦੀ ਇਕ ਬਿਲਡਿੰਗ ਹੈ ਜਿਸ ਵਿੱਚ ਲੂਲ੍ਹੇ-ਲੰਗੜੇ, ਕੋਹੜੇ ਰਹਿੰਦੇ ਹਨ; ਪਰ ਉਨ੍ਹਾਂ ਦਾ ਸਭ ਕੁਛ ਖ਼ਾਲਸ ਹੈ, ਉਨ੍ਹਾਂ ਦੇ ਵਿਗੜਿਆਂ ਚਿਹਰਿਆਂ ਉੱਤੇ ਹਾਸਾ ਖ਼ਾਲਸ, ਉਨ੍ਹਾਂ ਦੇ ਪਿਆਰ ਵਿੱਚ ਪਤਾਸਿਆਂ ਦੀ ਮਿਠਾਸ, ਉਨ੍ਹਾਂ ਦੇ ਜ਼ਖ਼ਮਾਂ ਦੀ ਪੱਟੀ ਕਰਦਿਆਂ ਗੁਰੂ ਦਾ ਖ਼ਾਲਸਾਈ ਮਾਣ ਤੇ ਉਨ੍ਹਾਂ ਨਾਲ ਹੱਸਦਿਆਂ-ਖੇਡਦਿਆਂ, ਉਨ੍ਹਾਂ ਦੇ ਸੁੱਖ-ਦੁੱਖ ਵਿੱਚ ਸ਼ਾਮਲ ਹੁੰਦਿਆਂ (ਖ਼ਾਲਸੇ ਦੇ ਰੂਪ ਵਿੱਚ) ਗੁਰੂ ਦਾ ਨਿਵਾਸ ਆਪਣੇ ਵਿੱਚ ਤੱਕਣਾ ਸਭ ਕੁਛ ਖ਼ਾਲਸ ਹੈ। ਇੱਥੇ ਕੁਛ ਵੀ ਨਕਲੀ ਨਹੀਂ, ਕਿਉਂਕਿ ਗੁਰੂ ਨੇ ਮੈਨੂੰ ਨਕਲੀ ਕੰਮ ਕਰਨ ਲਈ ਭੇਜਿਆ ਹੀ ਨਹੀਂ; ਸਗੋਂ ਕਿਹਾ ਸੀ—ਕੋਹੜ ਦੇ ਮਰੀਜ਼ਾਂ ਦੇ ਪੈਰਾਂ ਵਿੱਚ ਰਹਿ ਕੇ ਆਪਣਾ ਹੰਕਾਰ ਦਾ ਕੋਹੜ ਦੂਰ ਕਰ ਤੇ ਸਾਰੀ ਮਨੁੱਖ ਜਾਤੀ ਨੂੰ ਖ਼ਾਲਸੇ ਦੇ ਅਸੂਲਾਂ ਰਾਹੀਂ ਇਕੋ ਜਿਹਾ ਸਮਝ । ਮੇਰਾ ਸੁਭਾਗ ਹੈ ਕਿ ਜਦ ਮੈਂ ਇਸ “ਖਾਲਿਸਤਾਨ” ਵਿੱਚ ੨੦ ਸਾਲ ਪੂਰੇ ਕੀਤੇ ਹਨ ਤੇ ਆਪਣੇ ਗੁਰੂ ਦੇ ਚਰਨਾਂ ਨੂੰ ਚਮੁਟ ਕੇ ਸ਼ੁਕਰ ਕਰ ਰਿਹਾ ਹਾਂ, ਖ਼ਾਲਸੇ ਦੀ ੩੦੦ਵੀਂ ਵਰ੍ਹੇਗੰਢ ਦਾ ਸਾਲ ਵੀ ਚਲ ਰਿਹਾ ਹੈ ।”

ਸੱਚਮੁੱਚ ਅੱਜ ਮੇਰਾ ਜੀ ਕਰ ਰਿਹਾ ਹੈ ਕਿ ਮੈਂ ਜਸ਼ਨ ਮਨਾਵਾਂ, ਕਿਉਂਕਿ ਜਿਸ ਖ਼ਾਲਸੇ ਦਾ ਮੈਂ ਜ਼ਿਕਰ ਕੀਤਾ ਹੈ, ਮੇਰਾ ਮਿੱਤਰ ਹੈ ਤੇ ਭਾਵੇਂ ਮੈਂ ਆਪਣੇ ਗੁਨਾਹਾਂ ਤੇ ਭੈੜੀਆਂ ਕਰਤੂਤਾਂ ਕਰਕੇ ਅਮਲੀ ਜੀਵਨ ਨਹੀਂ ਬਣਾ ਸਕਿਆ, ਮੈਨੂੰ ਆਪਣੇ ਮਿੱਤਰ ’ਤੇ ਗਰਵ ਹੈ ਤੇ ਉਹਦੀ ਹਰ ਗੱਲ, ਉਹਦਾ ਹਰ ਕੰਮ, ਉਹਦੀ ਹਰ ਚਾਲ ਤੇ ਉਹਦੀ ਹਰ ਅਦਾ ੧੬੯੯ ਦੀ ਵਿਸਾਖੀ ’ਤੇ ਬਣਾਏ ਖ਼ਾਲਸੇ ਦੀ ਖ਼ੁਸ਼ਬੂ ਦੇਂਦੀ ਹੈ । ਅਪ੍ਰੈਲ ੧੯੯੮ ਦੇ Sikh Review (Calcutta) ’ਚੋਂ ਮੈਂ ਪੜ੍ਹਿਆ ਸੀ ਕਿ ਇਕ ਸਿੱਖ ਕੋਹੜੀਆਂ ਦੇ ਵੱਡੇ

ਆਸ਼ਰਮ ਵਿੱਚ ਰਹਿੰਦਾ ਹੈ ਤੇ ਉਸ ਆਸ਼ਰਮ ਨੂੰ ਆਪਣਾ "ਖਾਲਿਸਤਾਨ" ਕਹਿੰਦਾ ਹੈ । ਇਹ ਪੜ੍ਹ ਕੇ ਹੀ ਮੈਂ ਉਸ ਨਾਲ ਜਾਣ-ਪਛਾਣ ਬਣਾਈ ਸੀ ਤੇ ਉਹਦੇ ਨੇੜੇ ਹੋ ਗਇਆ ਸੀ। ਉਸ ਮੈਨੂੰ ਦੱਸਿਆ ਸੀ, ਇਉਂ :-

"ਜਦ ਮੈਂ ਨੌਕਰੀ ਛੱਡ ਕੇ ੧੯੭੯ ਵਿੱਚ ਇੱਥੇ ਆਇਆ ਤਾਂ ਭਾਵੇਂ ਮੈਂ ਕੋਹੜ ਬਾਰੇ ਟਰੇਨਿੰਗ ਲਈ ਸੀ ਕਿ ਕਿਵੇਂ ਕੰਮ ਸ਼ੁਰੂ ਕਰਾਂ, ਮੈਂ ਮਰੀਜ਼ਾਂ ਦੇ ਬਿਸਤਰੇ ਝਾੜਨੇ, ਉਨ੍ਹਾਂ ਦੀਆਂ ਬਾਹਵਾਂ-ਲੱਤਾਂ ਘੁੱਟਣੀਆਂ ਤੇ ਉਨ੍ਹਾਂ ਨਾਲ ਪ੍ਰਭੂ ਪਿਆਰ ਵੰਡਣਾ ਸ਼ੁਰੂ ਕਰ ਦਿੱਤਾ ਤੇ ਮੈਂ ਕਹਿੰਦਾ ਹੁੰਦਾ ਸੀ ਦੇਖੋ,

—ਹਮ ਰੋਗੀ ਨਹੀਂ ਹੈ, ਸ਼ਰੀਰ ਰੋਗੀ ਹੈ, ਇਸ ਨੇ ਤੋਂ ਗਲ ਹੀ ਜਾਨਾ ਹੈ ।

—ਪ੍ਰਭੂ ਕਾ ਨਾਮ ੨੪ ਘੰਟੇ ਲੈਣਾ ਹੈ।

—ਖੁਦ ਸੇ ਜੋ ਜ਼ਿਆਦਾ ਲਚਾਰ ਹੈ, ਉਸਕੀ ਹਮਨੇ ਮਦਦ ਕਰਨੀ ਹੈ ।

ਇੱਥੇ Complex ਵਿੱਚ ਹੀ ਇਕ ਹਾਈ ਸਕੂਲ ਤੇ ਦੋ ਪ੍ਰਾਇਮਰੀ ਸਕੂਲ ਹਨ ਤੇ ਸਭ ਬੱਚਿਆਂ ਨਾਲ ਮੇਰਾ ਗੂੜ੍ਹਾ ਪਿਆਰ ਹੋ ਗਇਆ ਹੈ, ਗੁਰੂ ਗ੍ਰੰਥ ਵਿੱਚੋਂ ਇਸ ਪੰਗਤੀ ਰਾਹੀਂ ਮੈਂ ਸਭ ਨੂੰ ਪ੍ਰੇਰਦਾ ਹਾਂ :

**ਅਨਦੁ ਕਰਹੁ ਪ੍ਰਭ ਕੇ ਗੁਨ ਗਾਵਹੁ ॥** (ਅੰਗ ੩੯੬)

ਹੁਣ ਇਹ ਤੁਕ ਜਿਵੇਂ ਖ਼ਾਲਸੇ ਦਾ emblem ਹੀ ਬਣ ਗਿਆ ਹੈ ਤੇ ਜਿੱਥੋਂ ਮੈਂ ਲੰਘਦਾ ਹਾਂ, ਆਪਣੇ ਆਪ ਬੱਚੇ ਬੋਲਣਾ ਸ਼ੁਰੂ ਕਰ ਦੇਂਦੇ ਹਨ।

ਸੱਚਮੁੱਚ ਮੈਨੂੰ ਇੱਥੇ "ਖਾਲਿਸਤਾਨ" ਹੀ ਜਾਪਣ ਲੱਗਾ—ਦਿਖਾਵਾ ਨਹੀਂ, ਅੰਦਰੋਂ ਹੋਰ ਬਾਹਰੋਂ ਹੋਰ ਨਹੀਂ, ਪਿਆਰ ਵਿੱਚ ਝਿਜਕ ਨਹੀਂ, ਪ੍ਰਭੂ ਦੀ ਨਿਰੰਤਰ ਯਾਦ ਵਿੱਚ ਢਿੱਲ ਨਹੀਂ । ਜਦ ਕਿਸੇ ਨੇ April 1988 ਵਿੱਚ "ਖਾਲਿਸਤਾਨ" ਦਾ ਲੇਖ ਲਿਖਿਆ ਸੀ ਤਾਂ ਇਕੋ ਬੰਦੇ ਨੇ ਕਨਾਡਾ ਤੋਂ ਮੈਨੂੰ ੩੦,੦੦੦ ਰੁਪਏ ਭੇਜੇ ਸਨ ਸੇਵਾ ਲਈ ।"

ਜਦ ਹੁਣ ਮੈਂ ਉਸ ਨੂੰ ਪੁੱਛਿਆ ਕਿ ੨੦ ਸਾਲ ਬਾਅਦ ਤੂੰ ਕੀ ਮਹਿਸੂਸ ਕਰਦਾ ਹੈਂ, ਹੱਸ ਕੇ ਕਹਿਣ ਲੱਗਾ, ਬੱਸ ਇਕੋ ਚਾਉ ਬਾਕੀ ਹੈ ਭਾਵੇਂ ਗੁਰੂ ਨੇ ਗੁਰਬਾਣੀ ਦੀ ਪਰਤੱਖ ਸਚਾਈ ਮੇਰੇ ਨਿੱਜੀ ਅਨੁਭਵਾਂ ਰਾਹੀਂ ਦਿਖਾ ਦਿੱਤੀ ਹੈ । ਉਸ ਆਪਣੀ ਬਣਾਈ ਇਕ ਕਵਿਤਾ ਸੁਣਾ ਦਿੱਤੀ ।

**"ਮੇਰੇ ਸੱਚੇ ਪਾਤਿਸ਼ਾਹ ਗੁਰੂ ਤੇਗ਼ ਬਹਾਦਰ,**
**ਬਰਸੋਂ ਸੇ ਸਾਰਾ ਦੇਸ਼ ਕਹੇ ਤੂੰ 'ਹਿੰਦ ਕੀ ਚਾਦਰ'।**
**ਆਪ ਕਾ ਹੈ ਸ਼ਹੀਦੀ ਦਿਨ ਆਜ ਰਹਿਮਤ ਕਰ ਦੋ,**
**ਮੇਰੀ ਕਿਸਮਤ ਮੇਂ ਸ਼ਹੀਦੀ ਕਾ ਵਰਦਾਨ ਲਿਖ ਦੋ।"**



ਜਦ ਅੱਜ ਹੀ ਮੈਂ ਸਵੇਰੇ ਹਰਿਮੰਦਰ ਸਾਹਿਬ ਤੋਂ ਰੇਡੀਓ 'ਤੇ ਕੀਰਤਨ ਸੁਣਦਿਆਂ (੪.੩੦) ਅੰਮ੍ਰਿਤ ਕੀਰਤਨ ਪੋਥੀ ਵਾਚ ਰਿਹਾ ਸਾਂ ਤਾਂ ਇਕ ਨਿੱਕਾ ਜਿਹਾ ਸ਼ਬਦ ਖ਼ਾਲਸਾ ਭਾਵਨਾਵਾਂ ਲੈ ਕੇ ਸਾਹਮਣੇ ਆ ਗਿਆ। ਮੇਰਾ ਧਿਆਨ ਉਸੇ ਖ਼ਾਲਸੇ ਵੱਲ ਚਲਾ ਗਿਆ ਜਿਹੜਾ ਕਹਿੰਦਾ ਹੈ ਸਭ ਕੁਛ ਗੁਰੂ ਨੇ ਕੀਤਾ ਹੈ—ਮੈਂ ਨਾ ਕੁਝ ਹਾਂ, ਨਾ ਕੁਝ ਸਾਂ, ਨਾ ਕੁਝ ਕਰ ਸਕਦਾ ਹਾਂ, ਨਾ ਹੀ ਕੁਝ ਬਣਨਾ ਹੈ, ਅਹੰਕਾਰ ਕੋਹੜ ਦੂਰ ਕਰਨਾ ਹੈ ਤੇ ਸੱਚ ਲਈ ਸ਼ਹੀਦ ਹੋਣਾ ਹੈ ਬੱਸ ।

**"ਹਰਿ ਹਰਿ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ॥**
**ਜਿਨ ਧੁਰਿ ਮਸਤਕਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ॥**
**ਤਨੁ ਮਨੁ ਸੀਤਲੁ ਹੋਇਆ ਸਾਂਤਿ ਵਸੀ ਮਨਿ ਆਇ॥**
**ਨਾਨਕ ਹਰਿ ਹਰਿ ਚਉਦਿਆ ਸਭੁ ਦਾਲਦੁ ਦੁਖ ਲਹਿ ਜਾਇ॥"**

(ਅੰਗ ੧੩੧੬)

ਯਾਦ ਆ ਗਿਆ ਉਹ ਅੰਮ੍ਰਿਤ ਵੇਲਾ ਜੋ ਮੈਂ ਆਪਣੇ ਖ਼ਾਲਸੇ ਮਿੱਤਰ ਨਾਲ ਗੁਜਾਰਿਆ ਸੀ ਤੇ ਇਹੋ ਸ਼ਬਦ ਪੜ੍ਹ ਕੇ ਉਸ ਮੈਨੂੰ ਸਮਝਾਇਆ ਸੀ—

"ਮੇਰੇ ਨਾਲ exactly ਉਂਵ ਹੀ ਹੋਇਆ । ਗੁਰੂ ਦੇ ਆਖੇ ਲੱਗਣ ਨਾਲ ਹਰੀ ਦੇ ਨਾਮ ਦਾ ਖ਼ਜ਼ਾਨਾ ਮਿਲਿਆ, indeed ਜਿਨ੍ਹਾਂ ਦੀ ਕਿਸਮਤ ਹੋਵੇ ਉਨ੍ਹਾਂ ਨੂੰ ਸਤਿਗੁਰੂ ਆਪ ਆ ਕੇ ਮਿਲੇ, ਜਿਵੇਂ ਮੇਰੇ ਨਾਲ ਹੋਇਆ । ਤਨ ਮਨ ਤਾਂ ਠੰਡਾ-ਠਾਰ ਹੋਇਆ ਹੀ ਤੇ ਸ਼ਾਂਤੀ ਤਾਂ ਹੋਈ ਹੀ, ਪਰ ਮੈਂ ਪ੍ਰਤੱਖ ਤੱਕਿਆ ਕਿ ਜਿਉਂ-ਜਿਉਂ ਮੈਂ ਨਾਮ ਜੱਪਦਾ ਹਾਂ, ਮੇਰੇ ਸਾਰੇ ਦਰਦ ਮੁੱਕ ਜਾਂਦੇ ਹਨ ।"

ਫਿਰ ਉਸ ਇਹ ਵੀ ਦੱਸਿਆ ਸੀ ਕਿਉਂ ਉਹ ਸਭ ਨੂੰ ਗੁਰੂ ਦੇ ਨਾਂ 'ਤੇ ਪਿਆਰ ਕਰਦਾ ਹੈ ਤੇ ਗੁਰੂ ਦੇ ਨਾਂ 'ਤੇ ਹੀ ਮਰੀਜ਼ਾਂ ਦੇ ਕੰਮ ਆਉਂਦਾ ਹੈ । ਉਸ ਮੈਨੂੰ ਦੱਸਿਆ ਸੀ ਕਿ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ ਤੋਂ (੪ ਤੋਂ ੬ ਵਜੇ ਤਕ) ਕੀਰਤਨ ਸੁਣ ਕੇ, ਇਕ ਘੰਟਾ ਸੈਰ ਕਰਕੇ, ਆਦਮੀਆਂ ਦੇ ਵਾਰਡ ਵਿੱਚ ਪ੍ਰਭੂ ਪਿਆਰ ਛੱਡ ਕੇ ਕੋਈ ਤਕਲੀਫ਼ ਆਦਿਕ ਪੁੱਛ ਕੇ, ਘਰ ਮੁੜਦਾ ਹੈ । ਮੈਂ ਵੇਖ ਹੀ ਲਇਆ ਸੀ ਕਿ ਜੋ ਸੁੱਕੀਆਂ ਰੋਟੀਆਂ ਤੇ ਦਾਲ ਦਾ ਨਾਸ਼ਤਾ ਕਰ ਕੇ ਅੱਧਾ ਕੁ ਘੰਟਾ ਮਰੀਜ਼ਾਂ ਦੀਆਂ ਪੱਟੀਆਂ ਕਰਦਾ ਹੈ, ਫਿਰ ਅੰਗਰੇਜ਼ੀ ਵਿੱਚ ਕੋਈ ਦਫ਼ਤਰ ਦਾ ਕੰਮ, ਮਰੀਜ਼ਾਂ ਨਾਲ ਹਮਦਰਦੀ ਕਰਕੇ, ਬਾਰਾਂ ਵਜੇ ਸੌਂ ਜਾਂਦਾ ਹੈ (ਉੱਠ ਕੇ) ੧੦ ਪੰਨੇ ਪੜ੍ਹਦਾ ਹੈ ਗੁਰੂ ਗ੍ਰੰਥ ਸਾਹਿਬ ਦੇ ਜਦੋਂ ੨ ਵਜੇ ਉੱਠਦਾ ਹੈ, ਉਸਦੀ ਆਪਣੀ ਜ਼ਬਾਨੀ ਸੁਣੋ :

"ਮੈਨੂੰ ਕੁਝ ਆਉਂਦਾ ਹੀ ਨਹੀਂ, ਮੈਂ ਤਾਂ ਕੇਵਲ ਗੁਰੂ ਦਾ ਪਿਆਰ

ਵੰਡਦਾ ਹਾਂ ਤੇ ਗੁਰਬਾਣੀ ਦੀ ਅਸਲੀਅਤ ਅਨੁਭਵ ਕਰਦਾ ਹਾਂ। ਮੈਂ ਤੱਕ ਲਇਆ ਹੈ ਕਿ ਭਾਵੇਂ ਕਿਧਰੇ ਇਕੱਲਾ ਸਿੱਖ ਹੀ ਹੋਵੇ, ਜੇ ਗੁਰੂ ਦੇ ਹੁਕਮਾਂ 'ਤੇ ਚੱਲਣ ਦੀ ਕੋਸ਼ਿਸ਼ ਕਰੇ ਤਾਂ ਉਹ ਵੱਡੀ ਅਖ਼ਬਾਰ, ਵੱਡੀ publicity magazine ਬਣ ਜਾਂਦਾ ਹੈ । ਜਦ ਮੈਂ ਇੱਥੇ ਆਇਆ ਸਾਂ ਮੈਨੂੰ ਕੋਈ ਨਹੀਂ ਜਾਣਦਾ ਸੀ । ਹੁਣ ਆਪਣੇ ਸਿੱਖਾਂ ਦੇ ਘਰਾਂ ਵਿੱਚ, Inter-faith meetings ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਸਾਂਝੀਆਂ ਗੱਲਾਂ ਕਰਦਾ ਹਾਂ । ਹਾਲਾਂਕਿ ਸਿੱਖਾਂ ਵਿੱਚ ਗੁਰੂ ਦੇ ਸਪੱਸ਼ਟ ਆਦੇਸ਼ ਦੇ ਬਾਵਜੂਦ ਜ਼ਾਤ-ਪਾਤ ਦਾ ਕੋਹੜ ਹੈ, ਮੈਂ "ਨੀਚ ਤੋਂ ਨੀਚ" ਅਖਵਾਣ ਵਾਲੇ ਕੋਹੜ ਦੇ ਮਰੀਜ਼ਾਂ ਕੋਲ ਰਹਿੰਦਾ ਹਾਂ, ਪਰ "ਉੱਚੇ" ਅਖਵਾਣ ਵਾਲੇ ਮਰਾਠੀ ਤੇ ਹੋਰ ਲੋਕਾਂ ਦੇ ਘਰਾਂ ਵਿੱਚ ਰਹਿ ਕੇ ਗੁਰੂ ਦੀ ਗੱਲ ਕਰਦਾ ਹਾਂ ਬੇਧੜਕ ਹੋ ਕੇ ।"

ਜਦ ਮੈਂ ਉਹਦੇ ਨਾਲ ਰਿਹਾ ਸੀ, ਮੈਂ ਤੱਕਿਆ ਉਹ ਕਈ ਵਾਰ ਕੱਛੇ-ਬੁਨੈਣ ਵਿੱਚ ਹੀ ਘਰ ਵਿੱਚ ਵਿਚਰਦਾ ਸੀ ਤੇ ਕਿਰਪਾਨ ਪਾਈ ਹੋਈ ਦਿੱਸਦੀ ਸੀ, ਆਸ਼ਰਮ ਦੇ ਲੋਕ ਘਰ ਆਉਂਦੇ, ਪਿਆਰ ਕਰਦੇ, ਪਿਆਰ ਲੈਂਦੇ, ਪਰ ਕਿਸੇ ਨੇ ਕਕਾਰ ਵੇਖ ਕੇ ਹੈਰਾਨੀ ਨਹੀਂ ਸੀ ਜਤਾਈ । ਸਗੋਂ ਮੈਂ ਵੇਖਿਆ ਸਾਰੇ ਮਹਾਰਾਸ਼ਟਰ 'ਚੋਂ ਲੋਕੀਂ ਜਦੋਂ ਉਸ ਨੂੰ ਮਿਲਦੇ ਉਹਦੇ ਪੈਰਾਂ ਨੂੰ ਹੱਥ ਲਾਣ ਲੱਗਦੇ ਤਾਂ ਉਹ ਝੱਟ ਪਕੜ ਕੇ ਪਿਆਰ ਨਾਲ ਜੱਫ਼ੀ ਪਾ ਲੈਂਦਾ—ਮਾਵਾਂ ਨੂੰ, ਭਰਾਵਾਂ ਨੂੰ, ਭੈਣਾਂ ਨੂੰ, ਬੇਟੀਆਂ ਨੂੰ; ਉਹ ਕਹਿੰਦਾ ਸੀ (ਤੇ ਮੈਂ ਆਪ ਨੋਟ ਕੀਤਾ ਹੈ ਕਿ) ਪਿਆਰ ਵਿੱਚ ਨਾ ਕੋਈ ਜ਼ਾਤ ਹੈ, ਨਾ ਧਰਮ ਨਾ ਵੱਖਰਾਪਨ, ਸਭ ਆਪਣੇ ਹਨ । ੧੦੦੦ ਤੋਂ ਵੱਧ ਲੋਕੀਂ ਰਹਿੰਦੇ ਹਨ, ਸਾਰੇ ਦੇ ਸਾਰੇ ਮੇਰੇ ਮਾਤਾ-ਪਿਤਾ ਹਨ, ਭੈਣ-ਭਰਾ ਹਨ, ਬੱਚੇ ਹਨ, ਸਭ ਦਾ ਤਨ-ਮਨ ਸੀਤਲ ਕਰਦਾ ਹੈ, ਕਿਉਂਕਿ ਉਹਦਾ ਆਪਣਾ ਮਨ ਬਾਣੀ ਨੇ ਸੀਤਲ ਕਰ ਦਿੱਤਾ ਸੀ । ਮੈਨੂੰ ਉਹ ਆਸ਼ਰਮ ਵਿੱਚ ਘੁਮਾਣ ਲੈ ਗਿਆ ਸੀ ਦੋ-ਤਿੰਨ ਵਾਰ ਤੇ ਮੈਂ ਨੋਟ ਕੀਤਾ।—

—ਜਿੱਥੋਂ ਲੰਘ ਜਾਏ, ਪਾਪਾ ਜੀ ਨਮਸਤੇ, ਪਾਪਾ ਜੀ ਨਮਸਤੇ ਦੀਆਂ ਗੂੰਜਾਂ ਪੈਂਦੀਆਂ ਸਨ ਤੇ ਆਪਣੇ ਆਪ ਸ਼ੁਰੂ ਹੋ ਜਾਂਦਾ ਸੀ—

**ਆਨੰਦ ਕਰਹੁ ਪ੍ਰਭ ਕੇ ਗੁਨ ਗਾਵਹੁ॥**

—ਜਦੋਂ ਬੁੱਢੇ ਲੋਕਾਂ ਤੇ ਲੂਲ੍ਹੇ-ਲੰਗੜਿਆਂ ਨਾਲ ਭਜਨ ਕਰਦਾ ਸੀ ਤਾਂ ਸਭ ਨੂੰ ਆਪਣੇ ਵਰਗਾ ਸਮਝ ਕੇ ਉਨ੍ਹਾਂ ਨਾਲ ਲਾਡ ਨਾਲ ਵਰਤਦਾ ਸੀ ।

—ਟੁੱਟੇ-ਭੱਜੇ ਹੱਥਾਂ ਨਾਲ ਲੋਕੀਂ ਦਰੀਆਂ-ਬੁਣਦੇ, ਹੈਂਡਲੂਮ, ਪਾਵਰਲੂਮ ਚਲਾਂਦੇ, ਫ਼ਰਨੀਚਰ ਬਣਾਂਦੇ, ਪ੍ਰੈਸ ਵਿੱਚ ਕੰਮ ਕਰਦੇ ਤੇ ਸਾਰੇ ਆਪਣੇ ਪੈਰਾਂ 'ਤੇ ਖਲੋਤੇ ਹੋਏ ਮਹਿਸੂਸ ਕਰਦੇ ।



ਜ਼ਨਾਨੀਆਂ ਦੇ ਇਕ wing ਵਿੱਚ ਜਾਂਦਾ ਤਾਂ ਉਹ ਦੌੜ-ਦੌੜ ਕੇ ਮਿਲਣ ਆਉਂਦੀਆਂ ਤੇ ਕਹੀ ਜਾਂਦੀਆਂ—ਪਾਪਾ ਜੀ ਆਲੇ, ਪਾਪਾ ਜੀ ਆਲੇ, (ਪਾਪਾ ਜੀ ਆ ਗਏ) ਤੇ ਉਨ੍ਹਾਂ ਦੇ ਚਿਹਰਿਆਂ 'ਤੇ ਅਸਲੀ ਖੇੜਾ ਹੁੰਦਾ ।

—ਕਦੇ ਮੈਂ ਹੱਸ ਕੇ ਕਹਿ ਦੇਂਦਾ ਕਿ ਪਾਪਾ ਜੀ ਅਬ ਛੋੜ ਕੇ ਜਾ ਰਹੇ ਹੈਂ, ਬਹੁਤ ਸਾਲ ਹੋ ਗਏ ਹੈਂ । ਯਹਾਂ ਤਾਂ ਉਹ ਦਾਹਵੇ ਨਾਲ ਕਹਿੰਦੀਆਂ- "ਹਮ ਪਾਪਾ ਜੀ ਕੋ ਨਹੀਂ ਜਾਨੈ ।

ਇਕ ਵਾਰ ਮੈਂ ਤੱਕਿਆ ਕਿ ਉਸ ਕੋਲ ਇਕ ਈਸਾਈ ਜਵਾਨ ਮੁੰਡਾ ਰਹਿਣ ਆਇਆ, ਮੈਂ ਥੋੜ੍ਹਾ ਹੈਰਾਨ ਹੋਇਆ; ਪਰ ਉਸ ਮੁੰਡੇ ਨੇ ਮੈਨੂੰ ਦੱਸਿਆ ਕਿ ਇਹ ਮੇਰੇ "ਪਾਪਾ" ਹਨ "ਏਕ ਵਾਰ ਪਾਪਾ ਜੀ ਹਮਾਰੀ Seminary ਮੇਂ ਆਏ ਥੇ ਏਕ Bishop ਕੇ ਸਾਥ ਤੀਨ ਦਿਨ ਕੇ ਲੀਏ ਔਰ ਪਾਪਾ ਜੀ ਨੇ ਦੋ ਲੈਕਚਰ ਦੀਏ ਥੇ । Father Bishop ਨੇ ਹਮ ਕੋ ਕਹਾ ਥਾ ਕਿ **"ਜੋ ਕੁਛ ਮੈਂ ਨੇ ਆਪ ਕੋ ਬਤਾਇਆ ਹੈ, ਬੇਸ਼ੱਕ ਭੂਲ ਜਾਨਾ, ਪਰ ਜੋ ਪਾਪਾ ਜੀ ਨੇ ਕਹਾ ਹੈ ਵੋਹ ਕਭੀ ਨਾ ਭੂਲਨਾ ਔਰ ਆਚਰਣ ਮੇਂ ਲਾਨਾ ।"** ਬਾਦ ਮੇਂ ਮੈਨੇ ਪਾਪਾ ਜੀ ਕੋ ਚਿੱਠੀ ਲਿਖ ਕੇ ਕਹਾ ਥਾ ਕਿ ਆਪ ਕੇ ਤੋ ਸਭ ਬੱਚੇ ਹੈਂ, ਮੁਝੇ ਭੀ ਬੇਟਾ ਬਨਾ ਲੋ, ਅਬ ਕਈ ਸਾਲੋਂ ਸੇ ਮੈਂ ਭੀ ਇਨਕਾ ਬੇਟਾ ਹੂੰ, ਕਿਉਂਕਿ ਇਨ੍ਹਾਂ ਨੇ ਮੁਝੇ ਸਿਖਾਇਆ ਹੈ—

੧. ਜ਼ਿੰਦਗੀ ਮੇਂ Jesus ਕਾ ਪਿਆਰ ਬਾਂਟਨਾ ਹੈ ਔਰ ਅੰਦਰ ਬਾਹਰ ਸੇ ਏਕ ਹੋਨਾ ਹੈ ।
੨. ਜੋ ਕਹਿਨਾ ਹੈ, ਵੋਹ ਕਰਕੇ ਦਿਖਾਨਾ ਹੈ, ਕਰਨੀ-ਕਥਨੀ ਏਕ ਜੈਸੀ ਰੱਖਨੀ ਹੈ ।
੩. ਗ਼ਰੀਬੀ ਮੇਂ ਜੀਵਨ ਬਿਤਾਨਾ ਹੈ ਔਰ ਸਭ ਕੋ ਪਿਆਰ ਕਰਨਾ ਹੈ ।
੪. ਸਭ ਧਰਮੋਂ ਕੋ ਪਿਆਰ ਔਰ ਉਨਕਾ ਸਨਮਾਨ ਕਰਨਾ ਹੈ ।
੫. ਹਰ ਪਲ ਪ੍ਰਭੂ ਕੀ ਹਜ਼ੂਰੀ ਮੇਂ ਰਹਿਨਾ ਹੈ ।

ਬੇਸ਼ੱਕ ਮੈਂ ਖ਼ੁਦ ਤਾਂ ਗੁਰੂ ਦੇ ਹੁਕਮਾਂ 'ਤੇ ਉਸ ਦੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਹੋ ਨਿਬੜਣ ਦਾ ਚਾਅ ਵੇਖ ਕੇ ਉਹਦੇ ਸੱਦੇ 'ਤੇ ਮੈਂ ਉਨ੍ਹਾਂ ਨਾਲ ਕਲਕੱਤੇ ਚਲਾ ਗਿਆ ਜਿੱਥੇ ਉਨ੍ਹਾਂ ਨੂੰ ਸੰਗਤ ਨੇ ਕੀਰਤਨ ਤੇ ਗੁਰਮਤਿ ਵੀਚਾਰਾਂ ਲਈ ਬੁਲਾਇਆ ਸੀ । ਇਕ ਹਫ਼ਤੇ ਦਾ hectic Programme ਸੀ, ਮੈਂ ਵੇਖਿਆ ਕਿ :-

੧. ਉਨ੍ਹਾਂ ਨਾਲ ਕੀਰਤਨ ਕਰਨ ਵਾਲੀ ਇਕ ਨੇਤ੍ਰਹੀਣ ਬੇਟੀ Tamilnadu ਤੋਂ ਸੀ ਜਿਸ ਨੂੰ ਉਹ ੨੩ ਸਾਲਾਂ ਤੋਂ ਆਪਣੀ ਪਿਆਰੀ

ਗੁਰਮੁਖ ਬੇਟੀ ਮੰਨਦੇ ਹਨ । ਉਹ ਖੱਬੇ ਪਾਸੇ ਬੈਠਦੀ ਤੇ ਪੂਰੇ ਸਹਿਜ ਵਿੱਚ ਬਾਣੀ ਗਾਉਂਦੀ । ਬਲਕਿ ਉਹ ਸਿੱਖ ਕਿਤੇ ਭੁੱਲ ਜਾਂਦਾ ਤਾਂ ਉਸ ਕੋਲੋਂ ਪੁੱਛ...?

੨. ਸੱਜੇ-ਪਾਸੇ ਇਕ ਪੰਜਾਬੀ ਹਿੰਦੂ ਲੜਕੀ ਕੀਰਤਨ 'ਤੇ ਬੈਠਦੀ ਤੇ ਤਬਲੇ ਬਗੈਰ ਹੀ ਖੂਬ ਰੰਗ ਬੱਝਦਾ ਹੈ ।

੩. ਇਕ ਵੀ ਪੈਸਾ ਕਿਸੇ ਤੋਂ ਨਹੀਂ ਸਨ ਲੈਂਦੇ, ਬਲਕਿ ਟਿਕਟਾਂ ਦੇ ਪੈਸੇ ਜਿੱਥੋਂ ਤਕ ਹੋ ਆਪ ਹੀ ਖ਼ਰਚਦੇ ।

੪. ਬਾਣੀ ਦਾ ਸਚੋ ਸੱਚ ਤੇ ਸਾਡੀ ਨਿਘਰਦੀ ਹਾਲਤ ਬਾਰੇ ਉਹ ਮੂੰਹ ਤੇ ਕਹਿੰਦੇ, ਘੜੀ-ਘੜੀ ਕੁਰਹਿਤਾਂ ਦੇ ਸ਼ਰਮਾਣ ਲਈ ਮਜਬੂਰ ਕਰਦੇ ।

੫. ਵਕਤ ਦੇ ਪੂਰੇ ਪਾਬੰਦ-ਅੰਮ੍ਰਿਤ ਵੇਲੇ ੪-੩੦ ਤੋਂ ਇਕ ਮਿੰਟ ਵੀ ਲੇਟ ਨਾ ਹੁੰਦੇ ਤੇ ਪਹਿਲਾਂ ਹੀ ਭੋਗ ਪਾ ਦੇਂਦੇ । ਇਸੇ ਤਰ੍ਹਾਂ ਸ਼ਾਮ ਨੂੰ ੬-੩੦ ਤੋਂ ੮ ਵਜੇ ਤਕ ਰਹਿਰਾਸ ਸਾਹਿਬ ਦਾ ਕੀਰਤਨ ਕਰਦੇ ।

ਜਦੋਂ ਦਾ "ਅਪ੍ਰੈਲ ੧੯੯੯ ਤਕ ਸਾਰੀ ਕੌਮ ਅੰਮ੍ਰਿਤ ਛਕੋ" ਦੇ ਨਾਹਰੇ ਸ਼ੁਰੂ ਹੋਏ ਉਨ੍ਹਾਂ ਨੂੰ ਤੱਕਦਾ; ਉਨ੍ਹਾਂ ਦੇ ਲੇਖ ਪੜ੍ਹਦਾ ਤਾਂ ਮਹਿਸੂਸ ਹੁੰਦਾ ਕਿ ਉਹ ਖੁਸ਼ ਨਹੀਂ ਹਨ ਕਿ ਪਹਿਲਾਂ "ਅੰਮ੍ਰਿਤ" ਸਮਝੋ ਤੇ ਫਿਰ ਅੰਮ੍ਰਿਤ ਛਕੋ । ਬਾਹਰ ਦੇ ਅਡੰਬਰ ਉਨ੍ਹਾਂ ਨੂੰ ਕੋਈ ਸ਼ੌਕ ਨਹੀਂ, ਉਹ ਤਾਂ ਖ਼ਾਲਸੇ ਦੇ ਕਿਰਦਾਰ ਦੇ ਹਾਮੀ ਹਨ ।

ਪਿਛਲੇ ਕੁਛ ਮਹੀਨਿਆਂ ਵਿੱਚ ਕਈ ਮੁਲਾਕਾਤਾਂ ਵਿੱਚ ਮੈਂ ਖ਼ਾਲਸੇ ਦੀ ਤੀਸਰੀ ਸ਼ਤਾਬਦੀ ਬਾਰੇ ਵਿਚਾਰ ਸੁਣੇ ਤੇ ਕਈ ਲੇਖ ਪੜ੍ਹੇ । ਉਨ੍ਹਾਂ ਦਾ ਜ਼ੋਰ ਸੀ ਤੇ ਹੈ ਕਿ—

੧. ਗੱਲਾਂ ਨਾਲ ਕੁਝ ਨਹੀਂ ਹੁੰਦਾ, ਖ਼ਾਲਸੇ ਦੀਆਂ examples ਪੇਸ਼ ਕਰੋ ।

੨. ਜੋ ਕੁਝ ਗੁਰੂ ਗ੍ਰੰਥ ਸਾਹਿਬ ਨੇ ਖ਼ਾਲਸਾ ਬਣਾ ਕੇ ਉਪਦੇਸ਼ ਦਿੱਤੇ ਸਨ ਉਨ੍ਹਾਂ 'ਤੇ ਚਲੋ ਤੇ ਖ਼ਾਸ ਤੌਰ 'ਤੇ ਜਿਹੜੇ ਆਪਣੇ ਆਪ ਨੂੰ ਧਾਰਮਿਕ ਰਾਜਨੀਤਕ ਜਾਂ ਸਮਾਜਿਕ ਨੇਤਾ ਸਮਝਦੇ ਹਨ, ਉਹ ਆਪ ਚਲ ਕੇ ਦਿਖਾਣ ।

੩. 'ਸਿੱਖੀ' ਜਾਂ 'ਖ਼ਾਲਸਾ' ਕੋਈ ਭੇਖ ਦੇ ਨਾਮ ਨਹੀਂ, ਇਹ ਤਾਂ ਜਾਗਦੀ ਜੀਵਨ ਜਾਚ ਹੈ ।

੪. ਸੁਖਮਨੀ ਸਾਹਿਬ ਵਿੱਚੋਂ ਹੇਠਲੀਆਂ ਗੱਲਾਂ ਨੋਟ ਕਰੋ :

(ੳ) ਜਿਹੜੇ ਲੋਕਲਾਜ ਵਿੱਚ ਫਸ ਕੇ ਗੁਰੂ ਤੋਂ ਬੇਮੁੱਖ ਹੁੰਦੇ ਹਨ ਉਹ ਪਸ਼ੂ ਦੀ ਨਿਆਈਂ ਹਨ, ਭਾਵੇਂ ਮਨੁੱਖ ਦਿੱਸਦੇ ਹਨ ।



(ਅ) ਜਿਹੜੇ ਗੁਰੂ ਦੇ ਹੁਕਮਾਂ 'ਤੇ ਚੱਲਣਾ ਨਹੀਂ ਚਾਹੁੰਦੇ ਤੇ ਉਹ ਉਹ ਕੁਝ ਕਰਦੇ ਹਨ ਜੋ ਗੁਰੂ ਮਨ੍ਹਾ ਕਰਦਾ ਹੈ । ਉਹ ਅੰਦਰੋਂ ਹੋਰ ਤੇ ਬਾਹਰੋਂ ਹੋਰ ਹਨ ਤੇ lip service ਕਰਦੇ ਹਨ ।

(ੲ) ਪ੍ਰਭੂ ਜਾਣਨਹਾਰ ਤੇ perfect ਹੈ ਉਹਨੂੰ ਧੋਖਾ ਨਹੀਂ ਦੇ ਸਕਦੇ ।

(ਸ) ਗੁਰੂ ਨੂੰ ਵਿਤਕਰੇ ਪਸੰਦ ਨਹੀਂ, ਸਾਰੀ ਮਨੁੱਖ ਜ਼ਾਤੀ ਨਾਲ ਪਿਆਰ ਕਰੋ।

(ਹ) ਸਵਾਸ-ਸਵਾਸ ਸਿਮਰਨ ਕਰਨ ਨਾਲ ਸਭ ਚਿੰਤਾਵਾਂ ਮਿੱਟ ਜਾਂਦੀਆਂ ਹਨ ।

(ਕ) ਜ਼ਾਤ-ਪਾਤ ਦਾ ਕੋਹੜ ਮੁਕਾਉ । ਜ਼ਾਤ-ਪਾਤ ਦੇ ਆਧਾਰ 'ਤੇ ਗੁਰਦੁਆਰੇ ਬਣਾਣੇ ਬੰਦ ਕਰੋ ਤੇ ਗੁਰਦੁਆਰਿਆਂ ਵਿੱਚ ਸੰਗਮਰਮਰ, ਤੇ ਸੋਨਿਆਂ ਦੇ ਕਲਸ਼ ਲਗਾਣ ਦੀ ਥਾਂ ਹਿਰਦੇ ਵਿੱਚੋਂ ਗੁਰਬਾਣੀ ਦਾ ਅਮਲੀ ਜੀਵਨ ਬਣਾਉ ।

(ਖ) ਗੁਰਦੁਆਰੇ Commercial Houses ਬਣ ਗਏ ਹਨ । ਇਤਨੇ ਰੁਪਏ ਦੇਉ ਤਾਂ ਸਰੋਪਾ, ਇਤਨੇ ਰੁਪਏ ਦਿਉ ਤਾਂ ਅਖੰਡ ਪਾਠ ਦਾ ਹੁਕਮਨਾਮਾ, ਇਤਨੇ ਦੇਓ ਤਾਂ ਪਤਾਸ਼ੇ, ਆਦਿ, ਇਹ ਬੰਦ ਕਰਕੇ ਅੰਦਰਲੀ ਸੁੱਚਤਾ ਉੱਤੇ ਜ਼ੋਰ ਦਿਓ ।

(ਗ) ਅੰਮ੍ਰਿਤ ਛਕਣ ਦਾ ਮਤਲਬ ਹੈ ਗੁਰੂ ਨੂੰ ਸਿਰ ਵੇਚ ਦੇਣਾ ਤੇ ਫਿਰ ਗੁਰੂ ਦੇ ਹੁਕਮਾਂ ਉੱਤੇ ਜੀਵਨ ਢਾਲਣਾ, ਇਹੋ ਜਿਹਾ ਜੀਵਨ ਬਣਾਉ ।

(ਘ) ਪ੍ਰੇਮ ਧਰਮ ਦਾ ਮੂਲ ਹੈ ਤੇ ਸੱਚ ਇਸ ਦੀ background, ਜੇ ਦੋਵੇਂ ਧਰਮ ਵਿੱਚ ਨਹੀ ਤਾਂ ਉਸ ਧਰਮ ਵਿੱਚ ਮਾਨਵਤਾ ਨਹੀਂ ।

(ਙ) ਅੱਖਾਂ ਮੀਟਣਾ, ਲਮਕਾ ਕੇ ਪੜ੍ਹਨਾ, ਤਰਜ਼ਾਂ ਕੱਢ ਲੈਣੀਆਂ, ਆਚਰਣਹੀਣ ਜੀਵਨ ਉੱਤੇ ਕਲੰਕ ਹਨ, ਨਾ ਕਿ ਧਾਰਮਿਕ ਸੰਕੇਤ ।

ਮੇਰੇ ਬਾਰ-ਬਾਰ ਪੁੱਛਣ 'ਤੇ, ਅਤੇ "ਖੁਸ਼ੀ ਕਾਹਦੀ ਮਨਾਈਏ" ਲੇਖ ਵਿੱਚ ਨਿਰਾਸ਼ਾ ਭਰੀ ਆਸ਼ਾ ਦੇਖ ਕੇ ਉਨ੍ਹਾਂ ਮੰਨ ਲਿਆ ਕਿ ਉਹ ਲਿਖ ਭੇਜਣਗੇ ਕਿ ਤਪੋਵਨ ਆਸ਼ਰਮ ਜਿਹੜਾ ਕੋਹੜੀਆਂ ਦੀ ਸੇਵਾ ਵਿੱਚ ਡਾਕਟਰ ਪਟਵਰਧਨ ਨੇ ੧੯੫੦ ਵਿੱਚ ਖੋਲ੍ਹਿਆ ਸੀ ਤੇ ਜਿੱਥੇ ਉਹ ੨੦ ਸਾਲਾਂ ਤੋਂ ਰਹਿੰਦੇ ਹਨ, ਉਸ ਨੂੰ "ਖਾਲਿਸਤਾਨ" ਕਿਉਂ ਤੇ ਕਿਵੇਂ ਕਹਿੰਦੇ ਹਨ । ਲਿਖਦੇ ਨੇ, ਸੁਣੋ :-

੧. "ਖ਼ਾਲਸਾ" pure ਤੇ ਸਾਰੀ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਇਨਸਾਨ ਦਾ ਨਾਮ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਦਾ ਸਵਾਦ ਗੁਰਬਾਣੀ ਵਿੱਚੋਂ ਹਰ ਵਕਤ ਆਂਦਾ ਹੈ ਤੇ ਉਹ ਸੱਚ ਲਈ ਆਪਣੀ ਜਾਨ

ਨਿਛਾਵਰ ਕਰਨ ਲਈ ਤਿਆਰ ਹੈ ਤੇ ਜਦ ਤਕ ਜਿਊਂਦਾ ਹੈ ਉਹ ਨਾਮ-ਬਾਣੀ ਵਿੱਚ ਲੀਨ ਮਨੁੱਖਤਾ ਦੀ ਸੇਵਾ ਕਰਦਾ ਹੈ । ਜਿੱਥੇ ਵੀ ਇਹੋ ਜਿਹਾ ਮਨੁੱਖ ਰਹੇਗਾ ਉਹ ਖਾਲਿਸਤਾਨ ਹੋ ਜਾਏਗਾ । ਖਾਲਿਸਤਾਨ ਬੰਦੂਕਾਂ ਨਾਲ ਨਹੀਂ ਬਣਦਾ, ਬਲਕਿ ਗੁਰੂ ਦੀ ਆਗਿਆ ਵਿੱਚ ਰਹਿ ਕੇ ਸਭ ਨਾਲ ਪਿਆਰ ਕਰਕੇ ਤੇ ਜ਼ੁਲਮ ਦਾ ਸੱਚ ਤੇ ਪ੍ਰੇਮ ਦੇ ਆਧਾਰ 'ਤੇ ਟਾਕਰਾ ਕਰਕੇ ਬਣਦਾ ਹੈ, ਨਾਲੇ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ ਕਿ ਜੀਵਨ ਨਾਮ ਵਿੱਚ ਰੰਗਿਆ ਹੋਵੇ, ਜਾਗਤੀ ਜੋਤ ਪੂਰੀ ਤਰ੍ਹਾਂ ਅੰਦਰ ਜਗਦੀ ਹੋਵੇ ਤਾਂ ਬੰਦਾ ਖ਼ਾਲਸ ਅਖਵਾ ਸਕਦਾ ਹੈ। ਸੱਚ ਲਈ ਮਰਨ ਤੋਂ ਵੀ ਵੱਧ ਸੱਚ ਲਈ ਜੀਣਾ ਔਖਾ ਹੈ ਤੇ ਜਿਹੜੇ ਸੱਚ ਲਈ ਜੀਂਦੇ ਹਨ, ਉਨ੍ਹਾਂ ਦਾ ਸੱਚ ਲਈ ਮਰਨਾ ਰੰਗ ਲਿਆਂਦਾ ਹੈ । ਆਚਰਣਹੀਣ ਤੇ ਗੁਰਬਾਣੀ ਰਹਿਤ ਖ਼ਾਲਸਾ ਨਹੀਂ ਹੁੰਦਾ ।

ਮੈਂ ਆਪ ਤਾਂ ਨਿੱਕਾ ਜਿਹਾ ਕੀੜਾ ਹਾਂ, ਪਰ ਗੁਰੂ ਦੇ ਹੁਕਮਾਂ 'ਤੇ ਚੱਲਣ ਦੀ ਪ੍ਰਯੋਗਸ਼ਾਲਾ ਹੈ ਤਪੋਵਨ, ਇਸ ਲਈ ਇਹ ਹੈ ਮੇਰਾ ਖਾਲਿਸਤਾਨ ।

੨. ਖਾਲਿਸਤਾਨ ਵਿੱਚ ਗ਼ਰੀਬਾਂ, ਨੀਚਾਂ ਦੀ ਰੱਖਿਆ ਹੁੰਦੀ ਹੈ ਤੇ ਪਿਆਰ ਭਰੀ ਸੇਵਾ ਕਰਨ ਦਾ ਚਾਅ ਉਪਜਦਾ ਹੈ, ਸੋ ਇਹ ਖਾਲਿਸਤਾਨ ਹੈ ।

੩. ਖਾਲਿਸਤਾਨ ਵਿੱਚ, ਊਚ-ਨੀਚ, ਵੱਡਾ-ਛੋਟਾ, ਜ਼ਾਤ-ਪਾਤ ਦਾ ਕੋਈ ਸਥਾਨ ਨਹੀਂ । ਮੇਰੇ ਤਪੋਵਨ....ਵਿੱਚ ਇਹ ਸਭ ਕੁਝ ਨਹੀਂ ਹੈ, ਸੋ ਇਹ ਮੇਰਾ ਖਾਲਿਸਤਾਨ ਹੈ ।

੪. ਖਾਲਿਸਤਾਨ ਵਿੱਚ ਬੁਰੇ ਦਾ ਭਲਾ ਕਰਨ ਦੀ ਸੂਝ, ਹੁਕਮ ਮੰਨਣ ਦੀ ਸੂਝ ਤੇ ਖਿਮਾ ਕਰਨ ਦੀ ਸੂਝ ਉਪਜਦੀ ਹੈ, ਮੈਨੂੰ ਇੱਥੇ ਇਹ ਸੂਝ ਮਿਲੀ, ਇਸ ਲਈ ਇਹ ਖਾਲਿਸਤਾਨ ਹੈ ਮੇਰਾ ।

੫. ਖਾਲਿਸਤਾਨ ਵਿੱਚ ਲੋਕ ਸ਼ਰਾਬਾਂ ਨਹੀਂ ਪੀਂਦੇ, ਜ਼ੁਲਮ ਨਹੀਂ ਕਰਦੇ, ਭਰਾ-ਭਤੀਜਾਵਾਦ ਨਹੀਂ, ਦੁਖੀਆਂ ਨੂੰ ਹੋਰ ਦੁਖੀ ਕਰਨ ਦਾ ਰਿਵਾਜ ਨਹੀਂ, ਸੋ ਇਹ ਖਾਲਿਸਤਾਨ ਹੈ ।

੬. ਖਾਲਿਸਤਾਨ ਵਿੱਚ ਹਲੀਮੀ ਰਾਜ ਹੈ, ਪਿਆਰ ਦਾ ਬੋਲਬਾਲਾ ਹੈ, ਬੇਈਮਾਨੀ ਦੀ ਜਗ੍ਹਾ ਨਹੀਂ—ਸੋ ਇਹ ਖਾਲਿਸਤਾਨ ਹੈ ।

੭. ਖਾਲਿਸਤਾਨ ਵਿੱਚ ਮਨ ਦਾ ਸੂਤਕ ਲੋਭ ਨਹੀਂ ਹੁੰਦਾ, ਜ਼ੁਬਾਨ ਦਾ ਸੂਤਕ ਝੂਠ ਨਹੀਂ ਹੁੰਦਾ, ਅੱਖਾਂ ਦਾ ਸੂਤਕ ਪਰਾਏ ਮਾਲ ਤੇ ਪਰਾਈ ਇਸਤ੍ਰੀ 'ਤੇ ਨਜ਼ਰ ਨਹੀਂ ਹੁੰਦੀ, ਇਸ ਲਈ ਇਹ ਖਾਲਿਸਤਾਨ ਹੈ ।

੮. ਆਪਣੀ ਪਤਨੀ ਤੋਂ ਇਲਾਵਾ ਸਭ ਇਸਤ੍ਰੀਆਂ -ਜਾਂ ਮਾਵਾਂ ਜਾਂ ਭੈਣਾਂ, ਜਾਂ ਧੀਆਂ ਹਨ, ਇਸ ਲਈ ਇਹ ਖਾਲਿਸਤਾਨ ਹੈ ।



੯. ਖਾਲਿਸਤਾਨ ਵਿੱਚ ਆਪਣੇ-ਪਰਾਏ ਦਾ ਵਹਿਮ ਮਿੱਟ ਜਾਂਦਾ ਹੈ, ਸਭੇ ਸਾਂਝੀਵਾਲ ਹੋ ਜਾਂਦੇ ਹਨ। ਮੈਂ ਇਕੋ ਸਿੱਖ ਤੇ ਹਜ਼ਾਰਾਂ ਗ਼ੈਰ-ਸਿੱਖ; ਪਰ ਸਭ ਮੇਰੇ ਲੋਕ ਹਨ, ਇਸ ਲਈ ਇਹ ਖਾਲਿਸਤਾਨ ਹੈ ।

੧੦. ਇੱਥੇ ਜਿਨ੍ਹਾਂ ਕੰਮਾਂ ਦਾ ਕੋਈ ਫ਼ਾਇਦਾ ਨਹੀਂ ਉਹ ਵਿਸਰ ਜਾਂਦੇ ਹਨ ਤੇ ਕੇਵਲ ਸਿਮਰਨ, ਸੇਵਾ ਤੇ ਪਰਸਪਰ ਪਿਆਰ ਪ੍ਰਬਲ ਹੈ, ਇਸ ਲਈ ਇਹ ਖਾਲਿਸਤਾਨ ਹੈ ।

ਪਰ ਖ਼ਾਸ ਤਿੰਨ ਗੱਲਾਂ ਨੋਟ ਕਰਨ ਵਾਲੀਆਂ ਹਨ । ਇੱਥੋਂ ਮੈਂ ਸਿੱਖਿਆ ਹੈ ਕਿ-

—ਜਦ ਗੁਰੂ ਨੂੰ ਸਿਰ ਵੇਚ ਦੇਈਏ ਤਾਂ ਲੋਕਲਾਜ, ਯਾ ਲੋਕਾਂ ਦੀ ਨਿੰਦਾ-ਉਪਮਾ, ਯਾਂ ਲੋਕਾਂ ਦੀ ਚਾਪਲੂਸੀ ਵਿੱਚ ਕੋਈ ਧਿਆਨ ਨਹੀਂ ਰਹਿੰਦਾ ।

—ਆਪਣੇ ਗੁਨਾਹਾਂ ਨੂੰ ਵੇਖਣ ਦਾ, ਵੇਖ ਕੇ ਸ਼ਰਮਿੰਦਾ ਹੋ ਕੇ ਮੁਆਫ਼ੀ ਮੰਗਣ ਦਾ ਚਾ ਉਪਜਦਾ ਹੈ ਅਤੇ,

—ਦੂਜਿਆਂ ਦੇ ਨੁਕਸ ਵੇਖਣ ਨੂੰ ਜੀ ਨਹੀਂ ਕਰਦਾ । ਆਪਣੇ ਤੇ ਆਪਣੀ ਕੌਮ ਦੇ ਘਾਟੇ ਦੂਜਿਆਂ ਦੇ ਮੱਥੇ ਮੜ੍ਹਨ ਦਾ ਜੀਅ ਨਹੀਂ ਕਰਦਾ ।

### *ਜਸ਼ਨ ਕਿਉਂ ਮਨਾਈਏ ?*

ਕਿਉਂਕਿ ਗੁਰੂ ਨੇ ਜੋ ਕੁਝ ਕਿਹਾ ਸੀ, ਮੈਂ ਪ੍ਰਤੱਖ ਰੂਪ ਵਿੱਚ ਸੱਚ ਸਾਬਤ ਹੁੰਦਾ ਦੇਖਿਆ ਹੈ, ਸਾਨੂੰ ਅਖ਼ਬਾਰਾਂ, ਪੱਤ੍ਰਿਕਾਵਾਂ ਜਾਂ ਰਸਾਲਿਆਂ ਤੋਂ ਵੱਧ ਲੋੜ ਹੈ ਜੀਵਨ ਜਾਚ ਖ਼ਾਲਸੇ ਵਰਗੀ ਬਣਾਣ ਦੀ । ਅਜੇ ਵੀ ਮੈਂ ਰੁਲਦਾ ਫਿਰਦਾ ਹਾਂ, ਪਰ ਸਿੱਖ ਬਣਨ ਦੀ ਕੋਸ਼ਿਸ਼ ਕਰਦਾ ਹਾਂ, ਇਸ ਵਿੱਚ ਹੀ ਗੁਰੂ ਨੇ ਰਹਿਮਤ ਕਰ ਕੇ ਮੈਨੂੰ ਅਪਨਾਇਆ ਹੈ ਤੇ ਆਪਣੇ ਕੰਮ ਲਾਇਆ ਹੈ ।

ਇਹ ਸਭ ਕੁਝ ਮੈਂ ਉਨ੍ਹਾਂ ਕੁਸ਼ਟ ਰੋਗੀਆਂ ਨੂੰ ਅਰਪਣ ਕਰਦਾ ਹਾਂ ਜਿਨ੍ਹਾਂ ਖਾਲਿਸਤਾਨ ਵਿੱਚ ਰਹਿਣ ਦਾ ਅਨੁਭਵ ਕਰਾਇਆ ।

ਤੇਰਾ ਨਾਲਾਇਕ ਮਿੱਤਰ

ਨੌਕਰ ਪਾਪੀ,

ਕੀ ਆਪਣੇ ਮਿੱਤਰ ਵਾਂਗ ਕਦੇ ਮੈਂ ਵੀ "ਖ਼ਾਲਸਾ" ਬਣ ਸਕਾਂਗਾ?

***

## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ। ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ। ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ। ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿੱਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1809 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ।

**ਜਾਗਰੂਕਤਾ** :- * ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ।

**ਵਾਤਾਵਰਨ** :-*ਨਰਸਰੀ,*ਪਾਣੀ ਸਾਫ਼ ਕਰਨ ਵਾਲਾ ਪਲਾਂਟ, ਮੀਂਹ ਦੇ ਪਾਣੀ ਦੀ ਸੰਭਾਲ *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ।



**ਮੁਫ਼ਤ ਵਿਦਿਅਕ ਸਹੂਲਤਾਂ:**

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਬੁੱਟਰਕਲਾਂ, ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੋਰਾ ਫਿਰੋਜ਼ਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।

**ਨਿਵਾਸ ਅਤੇ ਸੰਭਾਲ :**

**ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿੱਚ *1809 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**

| | | | |
|---|---|---|---|
| ਮਾਨਸਿਕ ਰੋਗੀ | -390 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -160 | ਮਿਰਗੀ ਵਾਲੇ | -204 |
| ਮੰਦ-ਬੁੱਧੀ ਵਾਲੇ | -430 | ਕੈਂਸਰ ਵਾਲੇ | -02 |
| ਗੂੰਗੇ ਬੋਲੇ | -175 | ਸ਼ੂਗਰ ਵਾਲੇ | -84 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -98 |
| ਜ਼ਖ਼ਮਾਂ ਵਾਲੇ | -27 | ਛੱਡੇ ਗਏ ਬੱਚੇ | -06 |
| ਟੀ.ਬੀ. ਵਾਲੇ | -05 | ਠੀਕ ਹੋ ਚੁੱਕੇ ਰੋਗੀ | -27 |
| ਨੇਤਰਹੀਣ | -39 | | |

**31 ਦਸੰਬਰ 2017 ਤਕ ਕੁੱਲ ਰੋਗੀਆਂ ਦੀ ਗਿਣਤੀ** ***1809**

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ।**

| **ਬ੍ਰਾਂਚਾਂ ਦਾ ਵੇਰਵਾ :** | **ਰੋਗੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 359 |
| 2. ਮਾਨਾਂਵਾਲਾ ਕੰਪਲੈਕਸ | 876 |
| 3. ਪੰਡੋਰੀ ਵੜੈਚ ਬ੍ਰਾਂਚ | 99 |
| 4. ਗੋਇੰਦਵਾਲ ਬ੍ਰਾਂਚ | 93 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 115 |
| **ਕੁੱਲ ਮਰੀਜ਼** | **1809** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ **ਸਾਲਾਨਾ ਖ਼ਰਚ 1 ਕਰੋੜ 30 ਲੱਖ ਰੁਪਏ** ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2017 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 275 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ, ਐਂਬੂਲੈਂਸ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ



ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8757 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ ।

**(ਖ) ਫਿਜ਼ਿਓਥਰੈਪੀ**: ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

**(ਗ) ਅਲਟਰਾਸਾਊਂਡ ਸੈਂਟਰ** :- ਇਸ ਵਿੱਚ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਵਾਸਤੇ ਸੁਵਿਧਾ ਪ੍ਰਾਪਤ ਹੈ ।

**(ਘ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

## ਵਾਤਾਵਰਨ :

**(ੳ) ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ **'ਮਾਰੂਥਲ ਬਣਨ'** ਤੇ **'ਭੂ-ਖੋਰ'** ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ-ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

**ਮੁਫ਼ਤ ਵਿੱਦਿਅਕ ਸਹੂਲਤਾਂ** :

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ**: ਇਸ ਸਕੂਲ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 771 ਵਿਦਿਆਰਥੀਆਂ ਨੂੰ

ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 96 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ):**

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ । ਇੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 461 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 169 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ-ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 180 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ** :- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।



**ਹੋਸਟਲ ਦਾ ਪ੍ਰਬੰਧ** : ਪਿੰਗਲਵਾੜਾ ਸੰਸਥਾ ਦੀ ਮਾਨਾਂਵਾਲਾ ਬ੍ਰਾਂਚ ਵਿੱਚ ਪੜ੍ਹਨ ਵਾਲੇ ਲਗਪਗ 198 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿੱਚ ਰਹਿ ਰਹੀਆਂ 13 ਲੜਕੀਆਂ ਵੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 41 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ '**ਪੂਰਨ ਪ੍ਰਿੰਟਿੰਗ ਪ੍ਰੈਸ**' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਿਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਰਾਹੀਂ ਕਰ ਰਹੀ ਹੈ । ਪਿੰਗਲਵਾੜਾ ਪ੍ਰੈਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ ਇੱਕ ਕਰੋੜ ਪੰਜਾਹ ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿੱਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿੱਚ, ਲਦਾਖ ਵਿੱਚ ਹੜ੍ਹ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ 2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ-ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।

**(ਸ) ਬਿਰਧਾਂ ਦੀ ਦੇਖਭਾਲ:** ਸੰਗਰੂਰ ਬ੍ਰਾਂਚ ਵਿੱਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿੱਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ:** ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿੱਚ ਮੁੱਖ ਦਫ਼ਤਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਹਾਰੇ ਲੇਖੇ' ।

(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ— 'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours

(ਖ) Natural Farming

(ਗ) ਪਾਣੀ ਦੀ ਸਮੱਸਿਆ

(ਘ) ਰੁੱਖ

(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਹਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ. ਡਾ.ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।



**ਭਗਤ ਪੂਰਨ ਸਿੰਘ ਸਮਾਰਕ :-** ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ **4 ਜੂਨ, 2004** ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ :** ਮਾਨਾਂਵਾਲਾ ਕੰਪਲੈਕਸ ਵਿੱਚ ਇਕ ਗਊਸ਼ਾਲਾ ਭੀ ਹੈ । ਇਸ ਵਿੱਚ 120 ਦੁਧਾਰੂ ਪਸ਼ੂ ਹਨ ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਤੋਂ ਵੱਧ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation Act.) ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਕਾ,**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਪੁੱਛ-ਗਿੱਛ ਲਈ ਕਰਨਲ ਸ. ਦਰਸ਼ਨ ਸਿੰਘ ਬਾਵਾ, (ਰਿਟਾ.)**

**ਮੁੱਖ-ਪ੍ਰਸ਼ਾਸਕ 98145-35937**

# ਜੀਵਨ ਸੇਧ

* ਆਪਣੀਆਂ ਧਾਰਮਿਕ ਸੰਸਥਾਵਾਂ ਨੂੰ ਨਾ ਭੁੱਲੋ; ਇਹ ਤੁਹਾਡੇ ਲਈ ਪ੍ਰੇਰਨਾ, ਖ਼ੁਸ਼ੀ ਅਤੇ ਮੁਕਤੀ ਦਾ ਸਾਧਨ ਹਨ ।
* ਮੇਰੀ ਮਾਤਾ ਮੈਨੂੰ ਸਦਾ ਇਹੋ ਅਸੀਸ ਦਿੰਦੀ ਹੁੰਦੀ ਸੀ ਕਿ ਮੈਨੂੰ ਰੱਬ ਦਾ ਨਾਮ ਕਿਸੇ ਪਲ ਵੀ ਨਾ ਭੁੱਲੇ ਤੇ ਸੁਆਸ-ਸੁਆਸ ਵਾਹਿਗੁਰੂ ਦੇ ਨਾਮ ਦਾ ਜਾਪ ਮੇਰੇ ਹਿਰਦੇ ਵਿੱਚ ਹਰ ਵੇਲੇ ਹੁੰਦਾ ਰਹੇ ।
* ਨਾਮ ਸਿਮਰਨ ਨਾਲ ਗੁਰ-ਸਿੱਖ ਭਾਰਾ ਗਉਰਾ ਹੋ ਕੇ ਆਪਣਾ ਜੀਵਨ ਤੋਰਦਾ ਹੈ; ਉਸ ਵਿੱਚੋਂ ਸੁੱਤੇ ਹੀ ਸੱਚ, ਪਿਆਰ, ਸੇਵਾ, ਅਨੰਦ ਆਦਿਕ ਗੁਣ ਨਿਕਲਦੇ ਹਨ ।
* ਮੁਸੀਬਤਾਂ ਝੱਲਦਿਆਂ ਹੋਇਆਂ ਵੀ ਮੈਂ ਕਈ ਵਰ੍ਹਿਆਂ ਤਕ ਸਾਰੇ ਕੰਮ ਕਰਦਾ ਰਿਹਾ, ਕਿਉਂਕਿ ਇਸ ਨਾਲ ਮੇਰੀ ਰੂਹ ਨੂੰ ਖ਼ੁਸ਼ੀ ਮਿਲਦੀ ਸੀ ।
* ਜਦੋਂ ਪਿਆਰਾ ਬਹੁਤ ਛੋਟਾ ਹੁੰਦਾ ਰੋਂਦਾ ਸੀ ਤਾਂ ਮੇਰੇ ਅੰਦਰ ਦੀ ਮਮਤਾ ਉਸਦੇ ਦਰਦ ਅਤੇ ਲੋੜ ਨੂੰ ਝੱਟ ਸਮਝ ਜਾਂਦੀ ਸੀ ।
* ਮੇਰੇ ਕੋਲ ਪੈਸਾ ਨਾ ਹੋਣ ਕਾਰਨ ਮੈਨੂੰ ਤੁਰਨਾ ਪੈਂਦਾ ਸੀ । ਪਰ ਤੁਰਦਿਆਂ ਹੋਇਆਂ ਮੈਂ ਆਪਣੇ ਆਪ ਨੂੰ ਇਹ ਯਕੀਨ ਦਿਵਾਉਂਦਾ ਸੀ ਕਿ ਕਿਤੇ ਜਾਣੇ ਅਣਜਾਣੇ ਮੇਰਾ ਪੈਰ ਕਿਸੇ ਕੀੜੀ ਜਾਂ ਹੋਰ ਸੂਖਮ ਜੀਵ ਉੱਪਰ ਨਾ ਆ ਜਾਵੇ ।
* ਕੁਝ ਬੱਚੇ ਜੋ ਬਹੁਤ ਪ੍ਰਤਿਭਾਸ਼ਾਲੀ ਹੁੰਦੇ ਹਨ, ਬਹੁਤ ਗ਼ਰੀਬ ਘਰਾਂ ਵਿੱਚ ਪੈਦਾ ਹੁੰਦੇ ਹਨ । ਸਾਨੂੰ ਉਨ੍ਹਾਂ ਦੀ ਵਿੱਦਿਆ (ਸਿੱਖਿਆ) ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ।
* ਕੇਸਾਂ ਅਤੇ ਦਾੜ੍ਹੀ ਦੁਆਰਾ ਬੰਦੇ ਦਾ ਸਰੂਪ ਪੂਰਨ ਹੁੰਦਾ ਹੈ, ਸੁੰਦਰਤਾ ਮਿਲਦੀ ਹੈ ਤੇ ਸਿਰ ਉੱਤੇ ਰੱਬ ਦੀ ਸੱਤਾ ਦੀ ਇਕ ਰੂਹਾਨੀ ਛਤਰੀ ਤਣੀ ਹੋਈ ਮਹਿਸੂਸ ਹੁੰਦੀ ਹੈ । ਉਸਨੂੰ ਹਰ ਕੋਮਲ ਭਾਵਾਂ ਵਾਲਾ ਮਹਿਸੂਸ ਕਰ ਸਕਦਾ ਹੈ ।
* ਅਰਾਮ ਦੀ ਤਲਾਸ਼ ਨਾ ਕਰੋ, ਕੰਮਾਂ ਦੀ ਤਲਾਸ਼ ਕਰੋ—ਤੇ ਕੰਮ ਵੀ ਔਖਿਆਂ ਦੀ, ਜਿਨ੍ਹਾਂ ਨੂੰ ਕਰਨ ਲਈ ਸ਼ਕਤੀ ਦੀ ਲੋੜ ਹੋਵੇ ਤੇ ਜਿਨ੍ਹਾਂ ਨੂੰ ਕਰਨ ਤੋਂ ਸ਼ਕਤੀ ਪੈਦਾ ਹੁੰਦੀ ਹੋਵੇ ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 0001100000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

**(IN UK)**
**S. GURBAKHSH SINGH**
**63 Peacock street, Gravesend, Kent, (U.K.)**
**DA12 IEG, Ph. 1474568574**

**(IN CANADA)**
**BIBI ABNASH KAUR KANG**
**(Pingalwara Society of Ontario (Regd.)**
**124 Blackmere Cir,**
**Brampton, ONT., L6W 4CI,**
**Canada**
**Ph: 905-450-9664, 416-674-3341**
**Email-abnash6@yahoo.com**

**(IN USA)**
**JASWANT SAWHNEY CHARITABLE TRUST**
**In Association with**
**All India Pingawara Charitable Society (Regd.)**
**7713 Toburk CT,**
**HANOVER, MD 21076-1643 U.S.A.**
**BIBI JATINDER KAUR DUSAJ**
**Ph. 410-551-8010**
**E-mail-kaurg 2004@yahoo.com**



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ